# ਸੰਪਾਦਕੀ

***ਡਾ. ਜਗਜੀਤ ਸਿੰਘ***

ਦਸੰਬਰ ਦਾ ਮਹੀਨਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਕਾਰਜਾਂ ਅਤੇ ਅਦੁੱਤੀ ਕੁਰਬਾਨੀਆਂ ਨੂੰ ਯਾਦ ਕਰਨ ਦਾ ਸਮਾਂ ਹੈ। ਗੁਰੂ ਮਹਾਰਾਜ ਜੀ ਦੇ ਆਦਰਸ਼ਾਂ ਨੂੰ ਯਾਦ ਕਰਕੇ ਸਰਬ ਮਨੁੱਖਤਾ ਨੇ ਸੇਧ ਪ੍ਰਾਪਤ ਕਰਨੀ ਹੈ। ਆਪ ਜੀ ਨੂੰ ਸਰਬੰਸ-ਦਾਨੀ ਕਹਿ ਕੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਅਰਥਾਤ ਸਤਿ ਦੇ ਮਾਰਗ ਤੇ ਚਲਦਿਆਂ ਅਤੇ ਪੂਰੀ ਤਰ੍ਹਾਂ ਪਹਿਰਾ ਦਿੰਦਿਆਂ ਆਪਣੇ ਪਿਤਾ, ਮਾਤਾ, ਪਿਆਰੇ ਸਾਹਿਬਜ਼ਾਦੇ, ਅਨੰਦਪੁਰ ਸਾਹਿਬ ਦੀ ਸ਼ਾਨੋਂ ਸ਼ੌਕਤ ਸਭ ਕੁਝ ਕੁਰਬਾਨ ਕਰ ਦਿਤਾ। ਇਸ ਦੇ ਬਾਵਜੂਦ ਆਪ ਜੀ ਦੀ ਸੁਰਤਿ ਅਡੋਲ ਪ੍ਰਭੂ ਰਚਨਾ ਨਾਲ ਜੁੜੀ ਰਹੀ। ਆਪ ਜੀ ਅਕਾਲਪੁਰਖ ਨਾਲ ਅਭੇਦ ਇਕ ਮਹਾਨ ਗੁਰੂ, ਇਕ ਮਹਾਨ ਸੰਤ, ਇਕ ਮਹਾਨ ਜਰਨੈਲ ਸ਼੍ਰੋਮਣੀ ਬਾਣੀ ਰਚੇਤਾ, ਖਾਲਸੇ ਦੇ ਸਾਜਣਹਾਰੇ, ਸਰਬ ਮਨੁੱਖਤਾ ਦੇ ਰਹਿਬਰ, ਨੀਵਿਆਂ ਨੂੰ ਉਚਾ ਚੁਕਣ ਵਾਲੇ, ਸਾਰੀ ਮਨੁੱਖ ਜਾਤੀ ਨੂੰ ਪਿਆਰ ਕਰਨ ਵਾਲੇ ਪ੍ਰਮੇਸ਼ਰ ਰੂਪ ਅਦੁੱਤੀ ਸਖਸ਼ੀਅਤ ਦੇ ਮਾਲਕ ਸਨ।

ਸੰਮਤ 1723 ਪੋਹ ਸੁਦੀ ਸਤਵੀਂ ਦੇ ਸੁਭਾਗੇ ਦਿਨ ਪਟਨਾ ਸ਼ਹਿਰ ਵਿਖੇ ਆਪ ਜੀ ਦਾ ਪ੍ਰਕਾਸ਼ ਹੋਇਆ। ਇਸ ਨੂੰ ਰੌਸ਼ਨੀ ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਘੜਾਮ ਦੇ ਸੂਫੀ ਫਕੀਰ ਭੀਖਣਸ਼ਾਹ ਨੇ ਸਮਾਧੀ ਵਿਚ ਅਨੁਭਵ ਕੀਤਾ ਅਤੇ ਇਸ ਵਲੀ ਦੇ ਦਰਸ਼ਨ ਦੀਦਾਰਾਂ ਲਈ ਪਟਨੇ ਵਲ ਤੁਰ ਪਿਆ। ਜਦੋਂ ਤਿੰਨ ਮਹੀਨੇ ਦੇ ਬਾਲਕ ਗੋਬਿੰਦ ਰਾਇ ਨੇ ਦੋਹਾਂ ਕੁਜੀਆਂ ਤੇ ਹੱਥ ਰਖ ਦਿਤੇ ਤਾਂ ਪੀਰ ਭੀਖਣਸ਼ਾਹ ਸਮਝ ਗਿਆ ਕਿ ਆਪ ਜੀ ਸਾਰੀ ਮਨੁੱਖਤਾ ਦੇ ਸਾਂਝੇ ਪੀਰ ਪ੍ਰਗਟ ਹੋਏ ਹਨ। ਗੁਰੂ ਜੋਤੀ ਅਤੇ ਅਕਾਲਪੁਰਖ ਜੋਤੀ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ, ਗੁਰੂ ਪੂਰਨ ਪ੍ਰਮੇਸ਼ਰ ਰੂਪ ਹੁੰਦਾ ਹੈ, ਐਸਾ ਗੁਰਬਾਣੀ ਦਾ ਨਿਸ਼ਚਾ ਹੈ –

***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ।***

ਆਪ ਜੀ ਨੇ ਖਾਲਸੇ ਦੀ ਸਿਰਜਨਾ ਵੀ ਅਕਾਲ ਸਰੂਪ ਵਿਚ ਕੀਤੀ, ਬ੍ਰਹਮ ਨਾਲ ਅਭੇਦ ਖਾਲਸਾ ਗੁਰੂ ਰੂਪ ਪ੍ਰਮੇਸ਼ਰ ਦਾ ਰੂਪ ਹੀ ਹੁੰਦਾ ਹੈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ।***
***(ਸਰਬ ਲੋਹ ਗ੍ਰੰਥ)***

ਆਪ ਜੀ ਬਾਲ ਅਵਸਥਾ ਵਿਚ ਜਦੋਂ ਅਨੰਦਪੁਰ ਸਾਹਿਬ ਹਰ ਤਰ੍ਹਾਂ ਦੀ ਵਿਦਿਆ ਅਤੇ ਕਲਾ ਕੌਸ਼ਲਤਾ ਵਿਚ ਨਿਪੁੰਨ ਹੋ ਰਹੇ ਸਨ ਤਾਂ ਕਸ਼ਮੀਰ ਦੇ ਮਜ਼ਲੂਮ ਪੰਡਤ ਫਰਿਆਦ ਲੈ ਕੇ ਪਿਤਾ ਗੁਰੂ ਤੇਗ ਬਹਾਦਰ ਪਾਸ ਪੁੱਜੇ। ਉਸ ਸਮੇਂ ਲੱਖਾਂ ਦੀ ਗਿਣਤੀ ਵਿਚ ਹਿੰਦੂ ਪਰਜਾ ਨੂੰ ਜਾਂ ਜਬਰੀ ਮੁਸਲਮਾਨ ਬਣਾਇਆ ਜਾ ਰਿਹਾ ਸੀ ਜਾਂ ਕਤਲ ਕਰ ਦਿਤਾ ਜਾਂਦਾ ਸੀ। ਇਸ ਜ਼ੁਲਮ ਨੂੰ ਠਲ੍ਹ ਪਾਉਣ ਲਈ ਆਪ ਜੀ ਨੇ ਪਿਤਾ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਦੇਣੀ ਪ੍ਰਵਾਨ ਕੀਤੀ। ਆਪ ਜੀ ਕੁਝ ਸਮੇਂ ਲਈ ਪਾਉਂਟਾ ਸਾਹਿਬ ਵਿਚਰੇ ਜਿਥੇ ਆਪ ਜੀ ਨੇ ਸਿਕਲੀਗਰਾਂ ਅਤੇ ਹੋਰ ਆਮ ਜਾਤੀਆਂ ਦੇ ਲੋਕਾਂ ਨੂੰ ਸ਼ਸਤਰਬੱਧ ਕੀਤਾ, ਫੌਜੀ ਟ੍ਰੇਨਿੰਗ ਦਿਤੀ, ਨਵਾਂ ਸਾਹਿਤ ਰਚਿਆ, ਬਾਣੀ ਰਚੀ, ਲੇਖਕ, ਵਿਦਵਾਨ, ਕਵੀ ਜਨਾਂ ਦੀਆਂ ਸਭਾਵਾਂ ਲਗਾਈਆਂ, ਪੁਰਾਤਨ ਭਾਰਤੀ ਸਾਹਿਤ ਦੇ ਉਲੱਥੇ ਕਰਵਾਏ ਅਤੇ ਵਿਸਰ ਚੁਕੀ ਮਹਾਨ ਭਾਰਤੀ ਸਭਿਅਤਾ ਤੋਂ ਲੋਕਾਂ ਨੂੰ ਵਿਦਿਤ ਕਰਵਾਇਆ। ਏਥੇ ਹੀ ਭੰਗਾਣੀ ਦੇ ਯੁੱਧ ਵਿਚ ਆਪ ਜੀ ਨਵੇਂ ਸਜੇ ਸੰਤ ਸਿਪਾਹੀ ਗੁਰਸਿੱਖਾਂ ਨੇ ਪਹਾੜੀ ਰਾਜਿਆਂ ਦੀ ਸੈਨਾ ਦਾ ਮਾਣ ਤੋੜਿਆ।

1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਆਪ ਜੀ ਨੇ ਖਾਲਸੇ ਦੀ ਸਿਰਜਨਾ ਕਰਕੇ ਮਨੁੱਖਤਾ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਲਿਆਂਦਾ। ਹਜ਼ਾਰਾਂ ਵਰ੍ਹਿਆਂ ਦੇ ਜ਼ੁਲਮ ਦੀ ਮਾਰੀ ਗਰੀਬ ਨਿਤਾਣੀ, ਨਿਮਾਣੀ ਨੀਵੀਂ ਸਮਝੀ ਜਾਂਦੀ ਜਨਤਾ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਉਚੀ ਅਵਸਥਾ ਵਿਚ ਬਰਾਬਰ ਦੇ ਪੱਧਰ ਤੇ ਲੈ ਆਂਦਾ, ਉਨ੍ਹਾਂ ਵਿਚ ਨਵੀਂ ਰੂਹ ਭਰੀ, ਨਵਾਂ ਜਨਮ ਬਖਸ਼ਿਆ ਅਤੇ ਇਸ ਨੂੰ ਖਾਲਸਾ ਅਕਾਲ ਪੁਰਖ ਕੀ ਫੌਜ ਹੋਣ ਦਾ ਮਾਣ ਬਖਸ਼ਿਆ। ਊਚ ਨੀਚ ਜਾਤ ਪਾਤ, ਅਮੀਰੀ ਗਰੀਬੀ, ਰੰਗ ਰੂਪ ਦੇ ਸਭ ਭੇਦ ਖਤਮ ਕਰਕੇ ਉਪਦੇਸ਼ ਦਿਤਾ, ***'ਮਾਨਸ ਕੀ ਜਾਤਿ ਸਭੈ ਏਕੈ ਹੀ ਪਹਿਚਾਨਬੋ।*** ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ ***'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'*** ਦੀ ਬਿਲਕੁਲ ਇਕ ਨਵੀਂ ਅਤੇ ਨਰੋਈ ਪ੍ਰਥਾ ਕਾਇਮ ਕੀਤੀ।

ਖਾਲਸੇ ਦੇ ਆਦਰਸ਼ ਕੀ ਹਨ? ਇਸ ਸੰਬੰਧੀ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਬੜੀ ਦਿਲ ਟੁੰਬਵੀਂ ਸ਼ਬਦਾਵਲੀ ਵਿਚ ਲਿਖਦੇ ਹਨ – ਰਿਸ਼ੀਆਂ ਮੁਨੀਆਂ ਤੋਂ ਉਚੇ ਜੀਵਨ ਵਾਲਾ ਜੋ ਭੁੱਲ ਕੇ ਕਦੇ ਫਿੱਕਾ ਨਾ ਬੋਲਦਾ ਹੋਵੇ, ਕਿਸੇ ਨੂੰ ਸਰਾਪ ਨਾ ਦਿੰਦਾ ਹੋਵੇ, ਕਿਸੇ ਨਾਲ ਵੈਰ ਨਾ ਕਰਨ ਵਾਲਾ, ਸਰਬੱਤ ਦਾ ਭਲਾ ਮੰਗਣ ਵਾਲਾ ਇਕ ਆਦਰਸ਼ ਗੁਰੂ ਮਹਾਰਾਜ ਨੇ ਪ੍ਰਗਟ ਕੀਤਾ, ਜਿਸ ਆਦਰਸ਼ਧਾਰੀ ਨੂੰ ਖਾਲਸਾ ਕਿਹਾ ਗਿਆ। ਵਾਹਿਗੁਰੂ ਜੀ ਦੀ ਸਾਜੀ ਹੋਈ ਦੁਨੀਆਂ ਵਿਚ ਅਤਿ ਉਤਮ ਆਦਰਸ਼ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ। ਜੋ ਵਾਹਿਗੁਰੂ ਜੀ ਦਾ ਹੋ ਗਿਆ, ਉਸ ਦੀ ਕਦੇ ਵੀ ਹਾਰ ਨਹੀਂ ਹੁੰਦੀ ਕਿਉਂਕਿ ਉਸ ਦੀ ਪਿੱਠ ਉਪਰ ਸਦਾ ਹੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਦੀ ਦ੍ਰਿਸ਼ਟੀ ਰਹਿੰਦੀ ਹੈ। ਉਸ ਦੀ ਪਰਮ ਸੱਤਾ ਜਾਗਤ ਜੋਤ ਖਾਲਸੇ ਵਿਚ ਵਿਦਮਾਨ ਹੋਈ। ਖਾਲਸਾ ਸੰਸਾਰ ਨੂੰ ਸੁੱਖ-ਸ਼ਾਂਤੀ, ਇਨਸਾਫ ਦਿਵਾਉਣ ਵਾਲਾ, ਨਿਮਾਣਿਆਂ ਨਿਤਾਣਿਆਂ ਦਾ ਸਹਾਰਾ ਮਨੁੱਖ ਰੂਪ ਵਿਚ ਪ੍ਰਗਟ ਹੋਇਆ। ਮਨੁੱਖ ਦੇ ਅੰਦਰੋਂ ਕੁਰੀਤੀਆਂ, ਘਿਣੌਣੀਆਂ ਊਣਤਾਈਆਂ ਨੂੰ ਕੱਢ ਕੇ ਆਤਮਾ ਵਰਗੀ ਅਮਰ ਜੋਤ ਅੰਦਰੋਂ ਹੀ ਪ੍ਰਗਟ ਕਰਕੇ ਇਸ ਨੂੰ ਆਤਮ ਰਸੀਆ ਬਣਾ ਦਿਤਾ। ਇਹ ਜੀਵਨ ਐਨਾ ਮਨਮੋਹਣਾ ਅਤੇ ਪਿਆਰਾ ਸੀ ਕਿ ਇਸ ਦੇ ਅੰਦਰੋਂ ਪਿਆਰ ਦੀ ਫੁਹਾਰ ਦੀ ਠੰਢਕ ਮਹਿਸੂਸ ਕਰਕੇ ਨਿਆਸਰਿਆਂ ਨੂੰ ਆਸਰਾ ਮਿਲਦਾ ਸੀ, ਨਿਓਟਿਆਂ ਨੂੰ ਓਟ ਦਾ ਝਲਕਾ ਵਜਦਾ ਸੀ, ਨਿਤਾਣਿਆਂ

ਨੂੰ ਤਾਣ ਮਿਲਦਾ ਸੀ ਅਤੇ ਜੀਵਨ ਵਿਚ ਉਤਸ਼ਾਹ ਭਰ ਜਾਂਦਾ ਸੀ। (ਆਤਮ ਮਾਰਗ ਦਸੰਬਰ, 1999 ਪੰਨਾ 26-27)

ਜਿਵੇਂ ਝੂਠ ਨੂੰ ਸੱਚ ਅਤੇ ਜ਼ੁਲਮ ਨੂੰ ਨਿਆਂ ਨਹੀਂ ਭਾਉਂਦਾ ਤਿਵੇਂ ਹੀ ਗੁਰੂ ਮਹਾਰਾਜ ਜੀ ਦੇ ਧਰਮੀ ਕੌਤਕ ਅਧਰਮੀਆਂ ਨੂੰ ਅਖਰਨ ਲੱਗੇ, ਪਹਾੜੀ ਰਾਜਿਆਂ ਅਤੇ ਮੁਗਲ ਸੈਨਾ ਨੇ ਅਨੰਦਪੁਰ ਨੂੰ ਆ ਘੇਰਿਆ। ਐਸੇ ਲਗਭੱਗ 14 ਹਮਲੇ ਗੁਰੂ ਜੀ ਦੇ ਸੰਤ ਸਿਪਾਹੀਆਂ ਨੇ ਪਹਿਲਾਂ ਪਛਾੜ ਦਿਤੇ ਸੀ ਪਰ ਆਖਰੀ ਆਕਰਮਣ ਵਿਚ ਬਹੁਤ ਭਾਰੀ ਸੈਨਿਕ ਤਾਕਤ ਸ਼ਾਮਲ ਸੀ - 22 ਧਾਰ ਦੀ ਸਾਰੀ ਸੈਨਾ, ਔਰੰਗਜ਼ੇਬ ਦੀ ਬੇਪਨਾਹ ਫੌਜ ਅਤੇ ਜਹਾਦ ਦੇ ਭਰਮ ਵਿਚ ਅਣਗਿਣਤ ਲੁਟੇਰੇ, ਕੁਲ ਦਸ ਲੱਖ ਦੀ ਗਿਣਤੀ ਦੱਸੀ ਜਾਂਦੀ ਹੈ। ਦੂਜੇ ਬੰਨੇ ਨਵੇਂ ਸਜੇ ਖਾਲਸੇ ਦੀ ਨਾ ਵੱਡੀ ਗਿਣਤੀ ਸੀ, ਨਾ ਹੀ ਸ਼ਸਤਰਾਂ ਅਤੇ ਅੰਨ ਦਾ ਭੰਡਾਰ। ਪਰ ਅੰਦਰ ਗੁਰੂ ਪਿਆਰ ਅਤੇ ਧਰਮ ਯੁੱਧ ਦਾ ਚਾਅ ਸੀ। ਖਾਲਸਾ ਫੌਜ ਨੇ ਪ੍ਰਤੱਖ ਕਰ ਦਿਖਾਇਆ ਕਿ ਖਾਲਸੇ ਦਾ ਇਕ ਇਕ ਯੋਧਾ ਸਵਾ ਲੱਖ ਦੇ ਬਰਾਬਰ ਹੈ-

***ਚਿੜੀਓਂ ਸੇ ਮੈਂ ਬਾਜ ਤੁੜਾਊਂ,***
***ਸਵਾ ਲਾਖ ਸੇ ਏਕ ਲੜਾਊਂ।***
***ਤਬੇ ਗੋਬਿੰਦ ਸਿੰਘ ਨਾਮ ਕਹਾਊਂ॥***

ਆਖਰ ਗੀਤਾ ਅਤੇ ਕੁਰਾਨ ਦੀ ਜਾਮਨੀ ਤੇ ਆਪ ਨੇ 20 ਦਸੰਬਰ 1704 ਈ. ਦੀ ਰਾਤ ਨੂੰ ਕਿਲ੍ਹਾ ਛੱਡ ਦਿਤਾ। ਪਰ ਅਧਰਮੀਆਂ ਦੀਆਂ ਝੂਠੀਆਂ ਸੌਂਹਾਂ ਇਕ ਫਰੇਬ ਸੀ, ਧੋਖਾ ਸੀ। ਸਰਸੇ ਦੇ ਕੰਢੇ ਤਕ ਯੁੱਧ ਹੁੰਦਾ ਰਿਹਾ। ਇਥੇ ਇਕ ਕਮਾਲ ਦੀ ਘਟਨਾ ਵਾਪਰੀ। 7 ਪੋਹ ਦਾ ਅੰਮ੍ਰਿਤ ਵੇਲਾ ਸੀ। ਆਪ ਜੀ ਨੇ ਦੀਵਾਨ ਸਜਾ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਦਿਤਾ। ਇਹ ਬੇਮਿਸਾਲ ਅਡੋਲਤਾ ਅਤੇ ਉਚੀ ਸੁਰਤਿ ਦੀ ਅਦੁੱਤੀ ਮਿਸਾਲ ਹੈ। ਸਰਸਾ ਨੂੰ ਪਾਰ ਕਰਨ ਸਮੇਂ ਆਪ ਜੀ ਦਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ। 22 ਦਸੰਬਰ ਨੂੰ ਚਮਕੌਰ ਦੀ ਕੱਚੀ ਗੜ੍ਹੀ ਪੁੱਜੇ। ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਆਪ ਜੀ ਦੇ ਸੰਗ ਸਨ। ਅਣਗਿਣਤ ਫੌਜਾਂ ਨੇ ਗੜ੍ਹੀ ਨੂੰ ਆ ਘੇਰਿਆ। ਸਾਰਾ ਦਿਨ ਘਮਸਾਨ ਦਾ ਯੁੱਧ ਹੁੰਦਾ ਰਿਹਾ। ਮਰਜੀਵੜੇ ਸਿੰਘ ਛੋਟੀਆਂ ਟੋਲੀਆਂ ਬਣਾ ਕੇ ਗੁਰੂ ਮਹਾਰਾਜ ਦੀ ਅਸੀਸ ਲੈ ਕੇ ਸਵਾ ਸਵਾ ਲੱਖ ਨਾਲ ਜੂਝਦੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਇਸ ਘਟਨਾ ਬਾਰੇ ਮਹਾਂਪੁਰਸ਼ ਆਪਣੀ ਸ਼ਕਤੀਸ਼ਾਲੀ ਕਲਮ ਰਾਹੀਂ ਲਿਖਦੇ ਹਨ, "ਗੜ੍ਹੀ ਵਿਚੋਂ ਮੀਲਾਂ ਤਕ ਇਕ ਵਿਸ਼ਾਲ ਲਸ਼ਕਰ ਨਜ਼ਰ ਆਉਂਦਾ ਸੀ। ਐਉਂ ਲਗਦਾ ਸੀ ਜਿਵੇਂ ਫੌਜਾਂ ਦਾ ਹੜ੍ਹ ਆਇਆ ਹੋਇਆ ਹੈ ਅਤੇ ਸਾਰੇ ਹੀ ਗੜ੍ਹੀ ਤਕ ਪਹੁੰਚਣ ਲਈ ਇਕ ਦੂਜੇ ਤੋਂ ਕਾਹਲੇ ਸਨ। 25 ਸਿੰਘਾਂ ਨੇ ਦੁਪਹਿਰ ਤਕ ਬੜੀ ਬਹਾਦਰੀ ਨਾਲ ਯੁੱਧ ਕੀਤਾ। ਸੂਰਜ ਢਲਣਾ ਸ਼ੁਰੂ ਹੋਇਆ, ਉਹ ਪੁਰਜਾ ਪੁਰਜਾ ਕੱਟ ਕੇ ਸ਼ਹਾਦਤ ਪ੍ਰਾਪਤ ਕਰ ਗਏ ਪਰ ਕਮਾਲ ਇਹ ਸੀ ਕਿ ਕੋਈ ਵੀ ਬੇਦਿਲ ਨਹੀਂ ਹੋਇਆ ਅਤੇ ਕਿਸੇ ਨੇ ਵੀ ਸ਼ਸਤਰ ਨਹੀਂ ਸੁੱਟਿਆ। ਆਖਰੀ ਦਮ ਤਕ ਸ਼ਸਤਰ ਚਲਾਉਂਦੇ ਰਹੇ। ਇਸ ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ ਜਿਨ੍ਹਾਂ ਦੀ ਸਰੀਰਕ ਉਮਰ 18 ਕੁ ਸਾਲ ਦੀ ਸੀ, ਆਪ ਨੇ ਗੁਰੂ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਿਸ਼ਾਹ! ਮੈਨੂੰ ਵੀ ਆਪਣਾ ਸਰੀਰ ਇਸ ਮਨੁੱਖਤਾ ਦੀ ਰਾਖੀ ਲਈ ਕੀਤੇ ਜਾ ਰਹੇ ਮਹਾਨ ਯੁੱਧ ਵਿਚ ਜੂਝ ਕੇ ਸਫਲ ਕਰਨ ਦੀ ਆਗਿਆ ਬਖਸ਼ੋ। ਗੁਰੂ ਮਹਾਰਾਜ ਜੀ ਨੇ ਪ੍ਰਸੰਨਤਾ ਨਾਲ ਆਗਿਆ ਦਿਤੀ, ਆਪਣੇ ਹੱਥੀਂ ਸਸ਼ਤਰ ਸਜਾਏ, ਸਾਹਿਬ ਅਜੀਤ ਸਿੰਘ ਘੋੜੇ ਤੇ ਸਵਾਰ ਹੋਏ ਅਤੇ ਪੰਜ ਸਿੰਘ ਲੈ ਕੇ ਇਸ ਠਾਠਾਂ ਮਾਰਦੇ ਦੁਸ਼ਮਣ ਦਲ ਵਿਚ ਆ ਦਾਖਲ ਹੋਏ। ਉਸ ਵੇਲੇ ਦਾ ਦ੍ਰਿਸ਼ ਪਿਆਰ ਵਾਲੇ ਕਵੀ ਯੋਗੀ ਅੱਲਾ ਯਾਰ ਖਾਨ ਨੇ ਇਉਂ ਰੂਪਮਾਨ ਕੀਤਾ ਹੈ -

***ਗੋਬਿੰਦ ਕੇ ਦਿੱਲਦਾਰ ਕਿਲ੍ਹੇ ਸੇ ਨਿਕਲ ਆਏ।***
***ਵਹੁ ਦੇਖੀਏ ਸਰਕਾਰ ਕਿਲ੍ਹੇ ਸੇ ਨਿਕਲ ਆਏ।***
***ਘੋੜੇ ਪੈ ਹੋ ਅਸਵਾਰ ਕਿਲ੍ਹੇ ਸੇ ਨਿਕਲ ਆਏ।***
***ਲੇ ਹਾਥ ਮੇਂ ਤਲਵਾਰ ਕਿਲ੍ਹੇ ਸੇ ਨਿਕਲ ਆਏ।***
***ਕਿਆ ਵਸਫ ਹੋ ਉਸ ਤੇਗ ਕਾ ਇਸ ਤੇਗੇ ਜ਼ੁਬਾਨ ਸੇ।***
***ਵਹੁ ਮਿਆਨ ਸੇ ਨਿਕਲੀ ਨਹੀਂ ਨਿਕਲੀ ਯੇਹ ਵਹਾਂ ਸੇ।***

**ਸ਼ੇਅਰ੭੮**

ਸਾਹਿਬ ਅਜੀਤ ਸਿੰਘ ਦੀ ਸ਼ਸਤਰ ਵਿਦਿਆ ਨੂੰ ਦੇਖ ਕੇ ਦੁਸ਼ਮਣ ਵੀ ਅਸ਼-ਅਸ਼ ਕਰ ਰਿਹਾ ਹੈ ਕਿਉਂਕਿ ਐਨੀ ਫੁਰਤੀ ਨਾਲ ਤਲਵਾਰ ਚਲ ਰਹੀ ਸੀ, ਕੱਟ ਰਹੀ ਸੀ ਕਿ ਨਿਗ੍ਹਾ ਵੀ ਸਾਥ ਨਹੀਂ ਦੇ ਰਹੀ, ਬਿਜਲੀ ਦੀ ਚਾਲ ਤੋਂ ਘੱਟ ਇਨ੍ਹਾਂ ਦੀ ਚਾਲ ਨਹੀਂ ਸੀ।

ਇਤਿਹਾਸ ਦਸਦਾ ਹੈ ਕਿ ਇਨ੍ਹਾਂ ਛੇਆਂ ਨੇ 150 ਦੇ ਕਰੀਬ ਜ਼ਾਲਮਾਂ ਨੂੰ ਸਦਾ ਦੀ ਨੀਂਦ ਆਪਣੀ ਤਲਵਾਰ ਦੀ ਛੋਹ ਦੇ ਕੇ ਸੁਲਾ ਦਿਤਾ। ਉਸ ਵੇਲੇ ਸਾਰੇ ਨਿਯਮ ਤੋੜਦੇ ਹੋਏ ਦੁਸ਼ਟ ਫੌਜ ਦੇ ਜਵਾਨ ਇਨ੍ਹਾਂ ਉਪਰ ਟੁਟ ਪਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਇਕੱਲੇ ਹੀ ਬਹੁਤ ਦੂਰ ਤਕ ਯੁੱਧ ਕਰਦੇ ਨਿਕਲ ਗਏ। ਅੰਤ ਇਸ ਤਰ੍ਹਾਂ ਇਕ ਮਹਾਨ ਘੇਰੇ ਵਿਚ ਫਸੇ ਹੋਏ ਹਨ ਜਿਵੇਂ ਅਭਿਮਨਯੂੰ ਮਹਾਂਭਾਰਤ ਦੇ ਯੁੱਧ ਵਿਚ ਚਕਰਵਿਹੂ ਨੂੰ ਤੋੜਨ ਲਈ ਮਹਾਨ ਕਿਲੇ ਬੰਦੀ ਵਿਚ ਫਸ ਗਿਆ ਸੀ ਪਰ ਬਾਹਰ ਨਾ ਨਿਕਲ ਸਕਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਤਲਵਾਰ ਟੁੱਟ ਗਈ ਅਤੇ ਇਕ ਸੰਜੋਹ ਪਹਿਨੇ ਹੋਏ ਮੁਗਲ ਸਿਪਾਹੀ ਨੂੰ ਬਰਛੀ ਮਾਰੀ, ਉਹ ਸੰਜੋਅ ਚੀਰ ਕੇ ਹੱਡੀਆਂ ਵਿਚ ਫਸ ਗਈ ਅਤੇ ਸਸ਼ਤਰ ਹੀਣੇ ਹੋ ਕੇ ਸ਼ਹੀਦ ਹੋ ਗਏ। ਉਹ ਆਪਣੇ ਪਵਿੱਤਰ ਸਰੀਰ ਦਾ ਬਲੀਦਾਨ ਦੇ ਕੇ ਅਮਰਾਪੁਰੀ ਵਿਚ ਪ੍ਰਵੇਸ਼ ਹੋ ਗਏ।

ਉਨ੍ਹਾਂ ਦੇ ਯੁੱਧ ਨੇ ਗੜ੍ਹੀ ਵਿਚ ਬਾਕੀ ਰਹਿੰਦੇ ਸਿੰਘਾਂ ਨੂੰ ਬਹੁਤ ਹੀ ਉਤਸ਼ਾਹ ਦਿਤਾ ਹੋਇਆ ਸੀ। ਜਿਹੜੇ ਸਿੰਘ ਬਾਕੀ ਰਹਿ ਗਏ ਸਨ ਉਨ੍ਹਾਂ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ 14 ਸਾਲ ਦੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਲਾਡਲੇ ਪੁੱਤਰ ਭੀ ਸਨ, ਉਹ ਅੱਗੇ ਵਧੇ ਅਤੇ ਉਨ੍ਹਾਂ ਨੇ ਕਿਹਾ ਕਿ ਪਿਤਾ ਜੀ! ਵੀਰ ਮੇਰਾ ਸ਼ਹਾਦਤ ਪ੍ਰਾਪਤ ਕਰ ਚੁਕਿਆ ਹੈ, ਮੈਂ ਉਸ ਤੋਂ ਪਿਛੇ ਨਹੀਂ ਰਹਿਣਾ। ਭਾਵੇਂ ਮੇਰੀ ਸਰੀਰਕ ਉਮਰ ਛੋਟੀ ਹੈ ਪਰ ਆਪ ਦੀ ਬਖਸ਼ੀ ਸ਼ਕਤੀ ਰਾਹੀਂ ਮੇਰੇ ਵਿਚ ਅਥਾਹ ਬਲ ਪ੍ਰਵੇਸ਼ ਕਰ ਗਿਆ ਹੈ। ਮੈਨੂੰ ਯੁੱਧ ਕਰਨ ਦੀ ਆਗਿਆ ਦੇਵੋ। ਗੁਰੂ ਮਹਾਰਾਜ ਜੀ ਨੇ ਪਿੱਠ ਉਪਰ ਥਾਪੀ ਦਿਤੀ ਅਤੇ ਛੋਟੇ ਛੋਟੇ ਸ਼ਸਤਰ ਕਮਰਕੱਸੇ ਵਿਚ ਸਜਾਏ। ਛੋਟੀ ਤਲਵਾਰ ਤੇ ਕਮਾਨ ਦੇ ਕੇ ਪਿਤਰੀ ਪਿਆਰ ਦਿਤਾ। ਘੋੜੇ ਤੇ ਸਵਾਰ ਕਰਾ ਕੇ

ਪੰਜ ਸਿੰਘ ਨਾਲ ਦਿਤੇ ਅਤੇ ਕਿਹਾ ਬੇਟਾ! ਅੱਜ ਨਿਆਂ ਅਤੇ ਅਨਿਆਂ ਦਾ ਯੁੱਧ ਹੈ, ਇਹ ਸਾਡੇ ਸ਼ਹੀਦ ਹੋ ਜਾਣ ਨਾਲ ਖਤਮ ਨਹੀਂ ਹੋ ਜਾਣਾ। ਇਹ ਲੰਮਾ ਯੁੱਧ ਹੈ, ਅਧਰਮ ਉਤੇ ਵਿਜੈ ਪ੍ਰਾਪਤ ਕਰਨੀ ਹੈ, ਜਾਓ! ਤੁਸੀਂ ਵੀ ਇਸ ਮਹਾਨ ਕਾਰਜ ਵਿਚ ਆਪਣੇ ਸਰੀਰ ਦੀ ਅਹੂਤੀ ਪਾਓ। ਪਿਆਰਿਓ! ਕਿੱਡਾ ਦਰਦਨਾਕ ਦ੍ਰਿਸ਼ ਹੈ ਜਿਸ ਨੂੰ ਅਸੀਂ ਦੇਖ ਤਾਂ ਕੀ ਸਕਣਾ ਸੀ, ਸੁਣ ਵੀ ਨਹੀਂ ਸਕਦੇ। ਪਿਆਰੇ ਪਿਤਾ ਜਿਸ ਨੇ ਕੋਈ ਮੁਲਕ ਨਹੀਂ ਸੀ ਦਬਾਉਣਾ, ਨਾ ਕਿਸੇ ਦਾ ਰਾਜ ਹੀ ਖੋਹਣਾ ਸੀ ਕੇਵਲ ਦੁਖੀਆਂ ਦੇ ਦੁਖ ਦੂਰ ਕਰਨ ਲਈ ਸੰਸਾਰ ਵਿਚ ਨਿਆਂ ਲਿਆਉਣ ਲਈ ਆਪਣੇ ਸਾਰੇ ਸੁਖ ਦਾਓ ਉਪਰ ਲਾਏ ਹੋਏ ਸਨ। ਅੱਜ ਉਨ੍ਹਾਂ ਦਾ ਪਿਆਰਾ ਪੁੱਤਰ 14 ਸਾਲ ਦਾ ਮਹਾਨ ਜੰਗ ਵਿਚ ਪ੍ਰਵੇਸ਼ ਕਰਨ ਵਾਲਾ ਹੈ। ਪਿਤਾ ਦੇ ਅੱਖਾਂ 'ਚੋਂ ਜਲ ਨਹੀਂ ਜਾ ਰਿਹਾ। ਆਪ ਪ੍ਰਸੰਨ ਹੋ ਕੇ ਪਿੱਠ ਉਪਰ ਥਾਪੀ ਦੇ ਰਹੇ ਹਨ, ਗਲਵੱਕੜੀ ਵਿਚ ਲੈ ਕੇ ਉਚਾ ਚੁਕ ਕੇ ਪਿਆਰ ਦਿਤਾ, ਮੱਥਾ ਚੁੰਮਿਆ, ਥਾਪੀ ਦਿਤੀ ਅਤੇ ਕਿਹਾ ਕਿ ਇਸ ਅਜ਼ਾਦੀ ਦੇ ਘੋਲ ਵਿਚ ਤੂੰ ਵੀ ਆਪਣੀ ਅਹੂਤੀ ਦੇ। ਸੰਸਾਰ ਵਿਚ ਜੋ ਆਇਆ ਹੈ ਉਸ ਨੇ ਜਾਣਾ ਹੀ ਹੈ। ਤੂੰ ਉਹ ਪਦਵੀ ਪ੍ਰਾਪਤ ਕਰ ਜਿਥੇ ਵੱਡੇ-ਵੱਡੇ ਜਤੀ, ਯੋਗੀ, ਦਾਨੀ ਨਹੀਂ ਪਹੁੰਚ ਸਕਦੇ। ਉਸ ਸਾਰੀ ਅਵਸਥਾ ਨੂੰ ਯੋਗੀ ਅੱਲਾ ਯਾਰ ਜੀ ਨੇ ਅੱਖਰਾਂ ਵਿਚ ਰੂਪਮਾਨ ਕਰਦਿਆਂ ਅੰਕਿਤ ਕੀਤਾ ਹੈ –

> ***'ਭਰਾਈ ਸੀ ਆਵਾਜ਼ ਮੈ ਬੋਲੇ ਗੁਰੂ ਗੋਬਿੰਦ ਸਿੰਘ।***
> ***ਪਾਲਾ ਹੈ ਤੁਮੇਂ ਨਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।***
> ***ਰੋਕਾ ਨਹੀਂ ਆਗਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।***
> ***ਇਸ ਨੰਨ੍ਹੇ ਸੇ ਜਾਨ ਬਾਜ਼ ਸੇ ਬੋਲੇ ਗੁਰੂ ਗੋਬਿੰਦ ਸਿੰਘ।***
> ***ਲੋ! ਆਉ ਤੱਨ ਪਾਕ ਪੈ ਹਥਿਆਰ ਸਜਾ ਦੇਂ।***
> ***ਛੋਟੀ ਸੀ, ਕਮਾਂ-ਨੰਨ੍ਹੀ ਸੀ ਤਲਵਾਰ ਸਜਾ ਦੇਂ।***
>
> ***ਸ਼ੇਅਰ੧੦੪***

ਸੂਰਜ ਦੇ ਛਪਾਓ ਤਕ ਇਸ ਛੋਟੇ ਵਜੂਦ ਨੇ ਉਹ ਕਮਾਲ ਕੀਤਾ, ਜਿਸ ਦੀ ਸਦੀਆਂ ਤਕ ਪ੍ਰਸੰਸਾ ਹੁੰਦੀ ਰਹੇਗੀ। ਅਸੀਂ ਤੁਲਨਾ ਨਹੀਂ ਕਰਦੇ ਪਰ ਇਕ ਗੱਲ ਕਹਿਣੀ ਕੁਥਾਂ ਨਹੀਂ ਹੋਵੇਗੀ ਕਿ ਸ੍ਰੀ ਰਾਮ ਚੰਦਰ ਜੀ ਦੀ ਲੰਕਾ ਦੀ ਲੜਾਈ ਵਿਚ ਸ੍ਰੀ ਲਛਮਣ ਜੀ ਮੂਰਛਤ ਹੋ ਗਏ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਦੀ ਬਿਰਹੁੰ ਦੀ ਤਸਵੀਰ ਜੋ ਰਾਮਾਇਣ ਵਿਚ ਖਿਚੀ ਗਈ ਹੈ ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਤਾਂ ਬੈਰਾਗਮਈ ਹੋਣਾ ਹੀ ਸੀ, ਪੜ੍ਹਨ ਵਾਲੇ ਦੇ ਨੇਤਰਾਂ ਵਿਚੋਂ ਵੀ ਜਲ ਦੀਆਂ ਧਾਰਾਂ ਵਹਿ ਤੁਰਦੀਆਂ ਹਨ। ਇਸੇ ਤਰ੍ਹਾਂ ਅਭਿਮਨਯੂ ਦੇ ਯੁੱਧ ਵਿਚ ਸ਼ਹੀਦ ਹੋ ਜਾਣ ਪਿਛੋਂ, ਪੰਜੇ ਪਾਂਡਵ ਕ੍ਰਿਸ਼ਨ ਮਹਾਰਾਜ ਦੇ ਦਿਲਾਸਾ ਦੇਣ ਤੇ ਵੀ ਸ਼ਾਂਤ ਨਹੀਂ ਹੁੰਦੇ, ਬੱਚਿਆਂ ਵਾਂਗੂੰ ਵਿਛੋੜੇ ਵਿਚ ਰੋ ਰਹੇ ਹਨ। ਵਸ਼ਿਸ਼ਟ ਜੀ ਜੋ ਸ੍ਰੀ ਰਾਮ ਚੰਦਰ ਜੀ ਦੇ ਅਧਿਆਤਮਕ ਗੁਰੂ ਸਨ, ਸੌ ਪੁਤਰਾਂ ਦੇ ਮਰਨ ਦਾ ਵਿਛੋੜਾ ਨਾ ਸਹਿਣ ਕਰਦੇ ਹੋਏ ਸਤਿਲੁਜ ਵਿਚ ਪ੍ਰਾਣ ਛੱਡਣ ਲਈ ਆਏ ਪਰ ਦਰਿਆ ਸੌ ਧਾਰਾਂ ਵਿਚ ਹੋ ਕੇ ਵਗਣ ਲਗ ਗਿਆ ਅਤੇ ਸਤਦ੍ਰਵ ਕਹਾਇਆ। ਪਰ ਧੰਨ ਸਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਦੀ ਉਸ ਵੇਲੇ ਦੀ ਹਾਲਤ ਨੂੰ ਰੂਪਮਾਨ ਕਰਦਿਆਂ ਇਸੇ ਕਵੀ ਨੇ ਲਿਖਿਆ ਹੈ –

> ***ਯਾਕੂਬ ਕੋ ਯੂਸਫ ਕੇ ਬਿਛੜਨੇ ਨੇ ਰੁਲਾਇਆ,***
> ***ਸਾਬਰ ਕੋਈ ਕੰਮ ਐਸਾ ਗਸੂਲੂੰ ਮੈ ਹੈ ਆਇਆ।***
> ***ਕਟਵਾ ਕੇ ਪਿਸਰ ਚਾਰ ਇਕ ਆਂਸੂੰ ਨ ਗਿਰਾਇਆ,***
> ***ਰੁਤਬਾ ਗੁਰੂ ਗੋਬਿੰਦ ਸਿੰਘ ਨੇ ਰਿਸ਼ੀਓਂ ਕਾ ਬੜਾਇਆ।***
>
> ***(ਅਮਰ ਜੋਤਾਂ ਪੰਨਾ 11-14)***

ਪੰਜ ਸਿੰਘਾਂ ਦਾ ਹੁਕਮ ਮੰਨ ਕੇ ਆਪ ਮਾਛੀਵਾੜੇ ਤੋਂ ਹੁੰਦੇ ਰਾਏ ਕੱਲ੍ਹੇ ਪਾਸ ਰਾਏਕੋਟ ਪਹੁੰਚੇ। ਇਥੇ ਹੀ ਗੁਰੂ ਮਹਾਰਾਜ ਨੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲਿਆਉਣ ਲਈ ਮਾਹੀ ਨੂੰ ਸਰਹੰਦ ਭੇਜਿਆ। ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਬਾਰੇ ਮਹਾਂਪੁਰਸ਼ਾਂ ਨੇ, 'ਅਮਰ ਜੋਤਾਂ' ਵਿਚ ਬੜੀ ਦਿਲ-ਟੁੰਬਵੀਂ ਸ਼ਬਦਾਵਲੀ ਵਿਚ ਲਿਖਿਆ ਹੈ ਜਿਸ ਨੂੰ ਪੜ੍ਹ ਕੇ ਅੱਖਾਂ ਸੇਜਲ ਹੋ ਜਾਂਦੀਆਂ ਹਨ। ਆਪ ਜੀ ਲਿਖਦੇ ਹਨ, – 'ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਰਾਏ ਕੱਲ੍ਹਾ ਅਤੇ ਹੋਰ ਜੋ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੇ ਸਨ ਉਨ੍ਹਾਂ ਦੀਆਂ ਅੱਖਾਂ ਵਿਚ ਐਨਾ ਜਲ ਵਹਿ ਤੁਰਿਆ ਕਿ ਰੁਕਣ ਵਿਚ ਹੀ ਨਾ ਆਵੇ। ਗੁਰੂ ਮਹਾਰਾਜ ਜੀ ਨੇ ਕਿਹਾ ਵਾਹਿਗੁਰੂ ਜੀ ਦੀ ਨੇਤ ਹੈ ਜਿਸ ਨੂੰ ਅਸੀਂ ਭਾਵੀ ਆਖਦੇ ਹਾਂ, ਇਹ ਤਾਂ ਜੋ ਕੁਝ ਹੋਣਾ ਹੈ ਉਹ ਹੋ ਕੇ ਰਹਿੰਦਾ ਹੈ, ਭਾਵੇਂ ਵੱਡਾ ਹੋਵੇ, ਭਾਵੇਂ ਛੋਟਾ ਹੋਵੇ ਭਾਵੀ ਵਰਤਦੀ ਹੀ ਹੈ। ਉਸ ਮਾਹੀ ਨੇ ਦਸਿਆ ਕਿ ਸੱਚੇ ਪਾਤਸ਼ਾਹ! ਆਪ ਦੇ ਪਾਸ ਰਹਿਣ ਵਾਲਾ ਸੇਵਾਦਾਰ ਗੰਗੂ, ਖੇੜੀ ਵਾਲਾ, ਬੇਈਮਾਨ ਹੋ ਗਿਆ ਅਤੇ ਉਸ ਨੇ ਜੋ ਧਨ ਮਾਤਾ ਗੁਜਰੀ ਜੀ ਪਾਸ ਸੀ ਉਹ ਲੁਕਾ ਲਿਆ। ਇਥੇ ਹੀ ਉਸ ਨੇ ਬਸ ਨਹੀਂ ਕੀਤੀ, ਮੁਰਿੰਡੇ ਖਬਰ ਭੇਜ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਾ ਦਿਤਾ। ਮਾਤਾ ਜੀ ਦੀ ਗੋਦੀ ਵਿਚ ਸਾਹਿਬਜ਼ਾਦੇ ਜਿਨ੍ਹਾਂ ਦੀ ਉਮਰ 5-7 ਸਾਲ ਦੀ ਦੱਸੀ ਜਾਂਦੀ ਹੈ, ਉਹ ਲੇਟੇ ਹੋਏ ਸਨ ਅਤੇ ਮਾਤਾ ਜੀ ਨਾਲ ਗੱਲਬਾਤ ਕਰ ਰਹੇ ਸਨ ਕਿ ਮਾਤਾ ਜੀ! ਪਿਤਾ ਗੁਰੂ ਜੀ ਦਾ ਕੀ ਹਾਲ ਹੈ, ਭਰਾਤਾ ਕਿਥੇ ਹੋਣੇ ਨੇ? ਆਪਾਂ ਇਥੇ ਕਿਥੇ ਆਏ ਹਾਂ? ਮਾਤਾ ਜੀ ਉਨ੍ਹਾਂ ਨੂੰ ਸੁਖਮਨੀ ਸਾਹਿਬ ਦੀ ਬਾਣੀ ਸੁਣਾ ਕੇ ਸਮਝਾ ਰਹੇ ਸਨ ਕਿ ਬੇਟਿਓ! ਸੰਸਾਰ ਨਾਸ਼ਵੰਤ ਹੈ ਇਥੇ ਵਾਹਿਗੁਰੂ ਜੀ ਦਾ ਹੁਕਮ ਵਰਤ ਰਿਹਾ ਹੈ। ਪ੍ਰਾਣੀ ਨਾਮ ਜਪਣ ਅਤੇ ਸਤਿ ਦੇ ਮਾਰਗ ਤੇ ਦ੍ਰਿੜ੍ਹਤਾ ਨਾਲ ਚਲਣ ਲਈ ਆਇਆ ਹੈ ਜਿਸ ਦੇ ਫਲਸਰੂਪ ਇਸ ਦੀ ਸਮਾਈ ਆਪਣੇ ਅਮਰ ਸਰੂਪ ਆਤਮਾ ਅਤੇ ਸਚਖੰਡ ਵਿਚ ਹੋ ਜਾਂਦੀ ਹੈ, ਸਤਿ ਦੇ ਮਾਰਗ ਤੇ ਚਲਦਿਆਂ ਆਪਣਾ ਬਲੀਦਾਨ ਦੇ ਦੇਣਾ। ਮਹਾਨ ਜੀਵਨ ਦੇ ਹਿੱਸੇ ਹੀ ਆਇਆ ਕਰਦਾ ਹੈ। ਤੁਹਾਡੇ ਪਿਤਾ ਦੀ ਚਾਦਰ ਬਿਨਾਂ ਦਾਗ ਤੋਂ ਹੈ। ਮੈਨੂੰ ਨਹੀਂ ਲਗਦਾ ਕਿ ਇਹ ਸਾਨੂੰ ਇਥੋਂ ਛਡ ਦੇਣ, ਹੋ ਸਕਦਾ ਹੈ ਸਾਨੂੰ ਇਹ ਇਸਲਾਮ ਵਿਚ ਆਉਣ ਲਈ ਕਹਿਣ। ਤੁਸੀਂ ਆਪਣੇ ਪਿਤਾ ਦੀ ਚਾਦਰ ਨੂੰ ਦਾਗ ਨਹੀਂ ਲਾਉਣਾ ਅਤੇ ਸਾਬਤ ਕਦਮ ਰਹਿ ਕੇ ਸੰਸਾਰ ਤੋਂ ਜਾਣਾ ਹੈ। ਦਾਦੀ ਮਾਂ ਨੇ ਬੱਚਿਆਂ ਨੂੰ ਸਮਝਾਇਆ ਕਿ ਇਹ ਲੋਕ ਮਹਾਂ ਅੰਧਕਾਰ ਵਿਚ ਹਨ। ਇਹ ਕਹਿੰਦੇ ਹਨ, ਆਪਣਾ ਧਰਮ

(ਬਾਕੀ ਪੰਨਾ 39 ਤੇ)

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ - 55)*

ਸੋ ਇਸ ਤਰ੍ਹਾਂ ਦਸ਼ਮੇਸ਼ ਪਿਤਾ ਜੀ ਕਹਿੰਦੇ ਦੇਖੋ ਪ੍ਰੇਮੀਓ! ਜਿਥੇ ਹਰੀ ਦਾ ਜਸ ਹੁੰਦਾ ਹੈ ਉਥੇ ਸਾਰੇ ਦੇਵਤੇ ਹੁੰਦੇ ਹਨ, ਉਹ ਵੀ ਹਰੀ ਦਾ ਜਸ ਸੁਣਨ ਲਈ ਆਉਂਦੇ ਹਨ। ਦੂਸਰਾ ਜਿਹੜਾ ਪ੍ਰਭੂ ਦਾ ਪਿਆਰਾ ਹੈ, ਬੰਦਗੀ ਕਰਦਾ ਹੈ, ਨਾਮ ਜਪਦਾ ਹੈ ਉਨ੍ਹਾਂ ਨੂੰ ਦੇਵਤਾ ਵੀ ਟੋਲ੍ਹਦੇ ਫਿਰਦੇ ਹਨ ਕਿ ਕਿਥੇ ਕੋਈ ਰੱਬ ਦਾ ਪਿਆਰਾ ਸਤਿਸੰਗ ਕਰਦਾ ਹੋਵੇ, ਸਾਨੂੰ ਪਤਾ ਲੱਗੇ ਤੇ ਉਥੇ ਜਾ ਕੇ ਉਸ ਦੇ ਬਚਨ ਸੁਣੀਏ, ਉਸ ਦੇ ਦਰਸ਼ਨ ਕਰੀਏ। ਗੁਰੂ ਮਹਾਰਾਜ ਜੀ ਆਪਣੇ ਮੁਖਾਰਬਿੰਦ ਤੋਂ ਏਸ ਤਰ੍ਹਾਂ ਕਹਿੰਦੇ ਹਨ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮਗਿਆਨੀ ਨੂੰ -2, 2.***
***ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮਗਿਆਨੀ ਨੂੰ -2, 2.***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦੁ ਨ ਜਾਣਹੁ ਮਾਣਸ ਦੇਹਾ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076***

ਕਹਿੰਦੇ ਕਿਉਂਕਿ ਉਹ ਬੰਦਗੀ ਕਰਕੇ, ਨਾਮ ਜਪ ਕੇ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਤੂੰ ਆਪ ਹੀ ਪ੍ਰਮੇਸ਼ਰ ਹੋ ਗਿਆ। ਫੇਰ ਦਰਸ਼ਨ ਕਰਨ ਨੂੰ ਫਿਰਦੇ ਹਨ ਕਿ ਪ੍ਰਮੇਸ਼ਰ ਦੇ ਦਰਸ਼ਨ ਕਰੀਏ ਕਿਉਂਕਿ ਦੇਵਤਿਆਂ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। ਰੋਜ਼ ਪੜ੍ਹਦੇ ਹਾਂ ਆਪਾਂ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***
***(ਜਪੁਜੀ ਸਾਹਿਬ)***

ਕਹਿੰਦੇ ਤਿੰਨ ਦੇਵਤੇ ਨੇ ਵੱਡੇ - ਇਕ ਪੈਦਾ ਕਰਨ ਵਾਲਾ, ਇਕ ਰਿਜ਼ਕ ਦੇਣ ਵਾਲਾ ਤੇ ਇਕ ਮਾਰਨ ਵਾਲਾ। ਇਕ ਨੂੰ ਬ੍ਰਹਮਾ ਜੀ ਕਹਿੰਦੇ ਹਨ, ਦੂਜੇ ਨੂੰ ਵਿਸ਼ਨੂੰ ਜੀ ਤੇ ਤੀਜੇ ਨੂੰ ਸ਼ਿਵ ਜੀ। ਮਹਾਰਾਜ ਜੀ ਕਹਿੰਦੇ ਦੇਖੋ! ਹੁਕਮ ਵਿਚ ਚਲਦੇ ਹਨ ਓਹੀ ਕੰਮ ਕਰਦੇ ਹਨ। ਬ੍ਰਹਮਾ ਜਗਤ ਦੀ ਉਤਪਤੀ ਕਰ ਰਹੇ ਹਨ, ਇੱਕ-ਦੋ-ਚਾਰ ਨਹੀਂ, ਅਨੇਕਾਂ ਹਨ-

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ਪੰਨਾ - 1156***

ਲੱਖਾਂ ਬ੍ਰਹਮਾ ਹਨ, ਪਰ ਉਹ ਨਿਰੰਕਾਰ ਦੇ ਦਰਸ਼ਨ ਨਹੀਂ ਕਰ ਸਕਦੇ। ਵਿਸ਼ਨੂੰ ਜੀ ਦਰਸ਼ਨ ਨਹੀਂ ਕਰ ਸਕਦੇ, ਸ਼ਿਵ ਜੀ ਦਰਸ਼ਨ ਨਹੀਂ ਕਰ ਸਕਦੇ।

***ਨਾਰਦ ਸੇ ਚਤੁਰਾਨਨ ਸੇ, ਰੁਮਨਾ ਰਿਖ ਸੇ,***
***ਸਭ ਹੂ ਮਿਲਿ ਗਾਇਓ॥***
***ਬੇਦ ਕਤੇਬ ਨ ਭੇਦ ਲਖਿਓ,***
***ਸਭ ਹਾਰਿ ਪਰੇ ਹਰਿ ਹਾਥ ਨ ਆਇਓ॥***
***ਪਾਇ ਸਕੈ ਨਹੀ ਪਾਰ ਉਮਾਪਤਿ,***
***ਸਿੱਧ ਸਨਾਥ ਸਨੰਤਨ ਧਿਆਇਓ॥***
***ਧਿਆਨ ਧਰੋ ਤਿਹ ਕੋ ਮਨ ਮੈਂ,***
***ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥***
***(ਅਕਾਲ ਉਸਤਤਿ)***

ਇਕ ਥਾਂ ਮਹਾਰਾਜ ਜੀ ਲਿਖਦੇ ਨੇ ਕਿ ਸ਼ਿਵ ਜੀ ਅਜੇ ਤੱਕ ਧਿਆਨ ਲਾਈ ਬੈਠਾ ਹੈ ਪਰ ਪ੍ਰਭੂ ਦੇ ਦਰਸ਼ਨ ਨਹੀਂ ਹੋ ਰਹੇ। ਫੇਰ ਪ੍ਰਭੂ ਦੇ ਦਰਸ਼ਨ ਕਰਨ ਵਾਸਤੇ ਜਿਹੜਾ ਬ੍ਰਹਮਗਿਆਨੀ ਆਪ ਹੀ ਪ੍ਰਮੇਸ਼ਰ ਹੈ -

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ - 273***

ਫੇਰ ਉਸ ਦੇ ਦਰਸ਼ਨ ਕਰਨ ਆਉਂਦੇ ਹਨ ਕਿ ਚਲੋ ਉਸ ਜੋਤ ਦੇ ਦਰਸ਼ਨ ਤਾਂ ਨਹੀਂ ਹੁੰਦੇ, ਸਰੀਰ ਵਿਚ ਦਰਸ਼ਨ ਕਰਾਂਗੇ, ਬਚਨ ਸੁਣਾਂਗੇ ਪ੍ਰਭੂ ਦੇ। ਖੋਜਦੇ ਫਿਰਦੇ ਹਨ। ਇਕ ਵਾਰੀ ਸ਼ਿਵ ਜੀ ਤੇ ਪਾਰਬਤੀ ਜਾ ਰਹੇ ਹਨ। ਜਾਂਦੇ-ਜਾਂਦੇ ਜਦੋਂ ਇਕ ਉਜਾੜ ਥਾਂ ਤੇ ਪਹੁੰਚੇ, ਝਾੜੀਆਂ ਉਗੀਆਂ ਹੋਈਆਂ ਹਨ ਤੇ ਜੰਗਲ ਬਣਿਆ ਹੋਇਆ ਹੈ। ਉਥੇ ਸ਼ਿਵ ਜੀ ਆਪਣੇ ਵਾਹਨ ਤੋਂ ਉਤਰ ਗਏ ਤੇ ਮੱਥੇ ਟੇਕਣੇ ਸ਼ੁਰੂ ਕਰ ਦਿਤੇ। ਜਦੋਂ ਦੋ-ਚਾਰ ਵਾਰੀ ਮਸਤਕ ਨਿਵਾਇਆ, ਪਾਰਬਤੀ ਦੇਖ ਰਹੀ ਹੈ ਕਿ ਇਥੇ ਨਾ ਤਾਂ ਕੋਈ ਦੇਹੁਰਾ ਹੈ, ਨਾ ਕੋਈ ਮੰਦਰ ਹੈ ਫੇਰ ਇਹ ਮੱਥਾ ਕਿਸ ਨੂੰ ਟੇਕੀ ਜਾਂਦੇ ਹਨ।

ਉਸ ਵੇਲੇ ਪਾਰਬਤੀ ਨੇ ਪੁਛਿਆ ਕਿ ਕਿਰਪਾ ਕਰਕੇ ਮਹਾਂਦੇਵ ਜੀ ਆਪ ਦੱਸੋ! ਇਥੇ ਸਾਹਮਣੇ ਕੁਝ ਨਜ਼ਰ ਤਾਂ ਆਉਂਦਾ ਨਹੀਂ, ਤੁਸੀਂ ਮੱਥਾ ਕਿਸਨੂੰ ਟੇਕਦੇ ਹੋ?

ਸ਼ਿਵ ਜੀ ਬੋਲੇ, "ਪਾਰਬਤੀ! ਬੜਾ ਸਮਾਂ ਹੋਇਆ ਇਥੇ ਇਕ ਪ੍ਰਮੇਸ਼ਰ ਦੇ ਪਿਆਰੇ ਨੇ, ਪ੍ਰਮੇਸ਼ਰ ਦੇ ਪਿਆਰ ਵਿਚ ਆਪਣੀ ਆਯੂ ਬਤੀਤ ਕੀਤੀ ਸੀ, ਉਸ ਦੇ ਸਦਕੇ ਕਣ-ਕਣ ਵਿਚੋਂ ਪਿਆਰ ਦੀ ਸੁਗੰਧੀ ਆ ਰਹੀ ਹੈ, ਮੈਂ ਉਸ ਨੂੰ ਨਮਸ਼ਕਾਰ ਕਰ ਰਿਹਾ ਹਾਂ ਕਿਉਂਕਿ ਇਹ ਪਵਿੱਤਰ ਸਥਾਨ ਹੈ, ਇਥੇ ਪ੍ਰਮੇਸ਼ਰ ਦਾ ਪਿਆਰਾ ਬੈਠਾ ਸੀ।"

ਸੋ ਮਹਾਰਾਜ ਜੀ ਕਹਿੰਦੇ ਕਿ ਉਹ ਦੇਖਦੇ ਫਿਰਦੇ ਹਨ, ਟੋਲ੍ਹਦੇ ਫਿਰਦੇ ਹਨ ਪ੍ਰਭੂ ਦੇ ਪਿਆਰਿਆਂ ਨੂੰ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***

***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਉਹ ਤਾਂ ਪ੍ਰਭੂ ਦਾ ਰੂਪ ਹੁੰਦੇ ਹਨ। ਵਾਹਿਗੁਰੂ ਜੀ ਕਹਿੰਦੇ ਕਿ ਜਿਹੜੇ ਮੇਰੇ ਬਣ ਜਾਂਦੇ ਹਨ, ਹਰ ਵਕਤ ਮੇਰਾ ਹੀ ਧਿਆਨ ਰੱਖਦੇ ਹਨ ਤੇ ਮੈਨੂੰ ਸਾਰੇ ਪਸਰਿਆ ਹੋਇਆ ਪਰੀਪੂਰਨ ਦੇਖਦੇ ਹਨ ਉਨ੍ਹਾਂ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ। ਤੁਸੀਂ ਐਉਂ ਸਮਝ ਲਓ ਕਿ ਮੈਂ ਨਿਰਾਕਾਰ ਹਾਂ, ਨਿਰਗੁਣ ਹਾਂ ਤੇ ਮੇਰੇ ਪਿਆਰੇ ਸਰਗੁਣ ਨੇ ਸੋ ਉਨ੍ਹਾਂ ਨੂੰ ਮੇਰਾ ਹੀ ਰੂਪ ਜਾਣੋ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ –2, 2.***
***ਮੇਰੇ ਹੀ ਬਣ ਗਏ ਜਿਹੜੇ –2, 2.***
***ਮੇਰਾ ਹੀ ਰੂਪ ਹੈ,............... –2.***

***ਦਰਸਨ ਨਿਮਖ ਤਾਪ ਤ੍ਰਈ ਮੋਚਨ***
***ਪਰਸਤ ਮੁਕਤ ਕਰਤ ਗ੍ਰਿਹ ਕੂਪ॥***
***ਦਾਸ ਅਨਿੰਨ ਮੇਰੋ ਨਿਜ ਰੂਪ॥ ਪੰਨਾ – 1252***

ਕਹਿੰਦੇ ਮੇਰਾ ਹੀ ਸਾਕਾਰ ਰੂਪ ਹੈ ਜਿਹੜੇ ਮੇਰੇ ਪਿਆਰੇ ਹਰ ਵਕਤ ਮੇਰੇ ਨਾਲ ਅਭੇਦ ਅਵਸਥਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਚਰਨ ਪਰਸਣ ਨਾਲ ਗ੍ਰਹਿਸਤ ਦੇ ਅੰਧੇ ਖੂਹ ਵਿਚੋਂ ਪ੍ਰਾਣੀ ਮੁਕਤ ਹੋ ਜਾਂਦਾ ਹੈ।

***ਅਬ ਤਉ ਜਾਇ ਚਢੇ ਸਿੰਘਾਸਨਿ ਮਿਲ ਹੈ ਸਾਰਿੰਗਪਾਨੀ॥***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***
***ਪੰਨਾ – 969***

ਕਬੀਰ ਸਾਹਿਬ ਕਹਿੰਦੇ ਹਨ, ਨਾ ਰਾਮ ਦਾ ਅਤੇ ਨਾ ਮੇਰਾ, ਪਤਾ ਹੀ ਨਹੀਂ ਲਗਦਾ। ਇਕੋ ਰੂਪ ਹੋ ਗਏ ਹਾਂ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਕਹਿੰਦੇ ਭੋਰਾ ਜਿੰਨਾ ਵੀ ਫਰਕ ਨਹੀਂ ਹੁੰਦਾ। ਸੋ ਉਸ ਦੇ ਦਰਸ਼ਨ ਕਰਨ ਵਾਸਤੇ ਦੇਵਤੇ ਆਇਆ ਕਰਦੇ ਹਨ। ਸੋ ਦਸ਼ਮੇਸ਼ ਜੀ ਕਹਿੰਦੇ ਉਨ੍ਹਾਂ ਨੂੰ ਪੂਜਦੇ ਹੋ? ਬੰਦਾ ਕਿਥੇ ਚਲਿਆ ਗਿਆ? ਮਾਤਾ ਇਕ ਬਿਮਾਰੀ ਹੈ ਜਿਸ ਨੂੰ ਸੀਤਲਾ ਕਹਿੰਦੇ ਹਨ। ਅੰਗਰੇਜ਼ੀ ਵਿਚ small pox ਕਹਿੰਦੇ ਹਨ। ਹਿੰਦੋਸਤਾਨ ਦੇ ਲੋਕ ਮੰਨਦੇ ਸੀ, ਹੋਰ ਕੋਈ ਨਹੀਂ ਦੁਨੀਆ ਵਿਚ ਮੰਨਦਾ। ਜੇ ਮਾਤਾ ਨਿਕਲ ਆਵੇ ਫੇਰ ਦੌੜਦੇ ਸਨ। ਗਧਾ ਏਸ ਦਾ ਵਾਹਨ ਹੈ ਤੇ ਇਸ ਨੂੰ ਮੰਨਦੇ ਸਨ। ਬਾਹਰਲਿਆਂ ਨੇ ਨਾ ਮੰਨਿਆ ਉਹ ਕਹਿੰਦੇ ਫਜ਼ੂਲ ਬਾਤ ਹੈ, ਬਿਮਾਰੀ ਵੀ ਕਦੇ ਦੇਵਤਾ ਹੁੰਦੀ ਹੈ। ਅਮਰੀਕਾ ਵਾਲਿਆਂ ਨੇ ਖੋਜ ਕੀਤੀ world Health Organization (ਸੰਸਾਰ ਸਿਹਤ ਸੰਸਥਾ) ਨੇ। ਉਹ ਕਹਿੰਦੇ ਇਹ ਇਕ ਕੀਟਾਣੂ ਹੈ ਛੋਟਾ ਜਿਹਾ ਉਹ ਉਡ ਕੇ ਲਗਦਾ ਹੈ। ਸੌ ਮੀਲ ਤੇ ਵੀ ਜਾਂਦਾ ਹੈ, ਹਜ਼ਾਰ ਮੀਲ ਤੇ ਵੀ ਜਾਂਦਾ ਹੈ, ਦਸ–ਹਜ਼ਾਰ ਮੀਲ ਤੇ ਵੀ ਜਾਂਦਾ ਹੈ। ਜਾਂਦਾ ਕਾਹਦੇ ਨਾਲ ਲੱਗ ਕੇ ਹੈ, ਕਿਸੇ ਚੀਜ਼ ਨਾਲ ਲੱਗ ਕੇ ਜਾਂਦਾ ਹੈ। ਜੇ ਹਿੰਦੋਸਤਾਨ ਵਿਚ small pox ਫੈਲ ਜਾਵੇ ਅਤੇ ਇਥੋਂ ਤੰਦਰੁਸਤ ਬੰਦਿਆ ਨੇ ਜਹਾਜ਼ ਚੜ੍ਹਨਾ ਹੋਵੇ ਤਾਂ, ਉਨ੍ਹਾਂ ਦੇ ਕਪੜਿਆਂ ਨਾਲ ਲੱਗ ਕੇ ਚਲਿਆ ਜਾਏਗਾ। ਪਹਿਲਾਂ–ਪਹਿਲਾਂ ਤਾਂ ਉਹ ਬਹੁਤ ਇੰਤਜ਼ਾਮ ਕਰਦੇ ਸਨ। ਜਾਣ ਸਮੇਂ ਰੋਗਾਣੂਆਂ ਤੋਂ ਸ਼ੁਧੀ ਕਰਨੀ, ਦਵਾਈਆਂ ਛਿੜਕਣੀਆਂ ਤਾਂ ਜਾ ਕੇ ਲੰਘਣ ਦਿੰਦੇ ਸਨ। ਕਹਿੰਦੇ ਤੁਹਾਡੇ ਦੇਸ਼ ਵਿਚ ਤਾਂ ਮਾਤਾ ਫੈਲੀ ਹੋਈ ਹੈ। ਫੇਰ ਇਨ੍ਹਾਂ ਨੇ ਇਕ ਟੀਕਾ ਕੱਢ ਲਿਆ ਤੇ ਉਹ ਟੀਕਾ ਸਾਰੀ ਦੁਨੀਆਂ ਵਿਚ ਹੀ ਲਾ ਦਿਤਾ ਤੇ ਨਾਲ ਇਹ ਵੀ ਕਹਿ ਦਿਤਾ ਕਿ ਹੁਣ ਕਦੇ ਵੀ ਮਾਤਾ ਨਹੀਂ ਨਿਕਲੇਗੀ। ਜੇ ਕਿਸੇ ਦੇ ਨਿਕਲੇ ਤਾਂ ਜਿਹੜਾ ਇਹ ਦਸੇਗਾ ਹਜ਼ਾਰ ਰੁਪਿਆ ਇਨਾਮ ਮੁੜ ਕੇ ਨਿਕਲੀ ਹੀ ਨਹੀਂ। ਸਾਡੇ ਲੋਕ ਇਹੋ ਜਿਹੇ ਨੇ ਮੁੜ ਕੇ ਫੇਰ ਉਸ ਨੂੰ ਯਾਦ ਕਰੀ ਜਾਂਦੇ ਹਨ।

ਮੈਂ ਇਕ ਦੀਵਾਨ ਲਾਉਣ ਜਾ ਰਿਹਾ ਸੀ, ਇਕ ਪਿੰਡ ਕੋਲੋਂ ਦੀ ਲੰਘਿਆ, ਦੁਭਰੀ ਪਿੰਡ ਸੀ ਉਹ। ਉਥੇ ਦੇਖਿਆ ਦੋ–ਦੋ ਇੱਟਾਂ ਜੋੜ ਕੇ ਹਰੇਕ ਦੇ ਥੱਲੇ ਇਕ ਦੀਵਾ ਰੱਖਿਆ ਹੋਇਆ ਹੈ। ਦੀਵਾਲੀ ਦੇ ਨੇੜੇ ਦੀ ਗੱਲ ਹੈ। ਅਸੀਂ ਕਿਹਾ ਕਿ ਭਾਈ, ਐਨੇ ਦੀਵੇ ਰੱਖੇ ਨੇ, ਇਹ ਤਾਂ 100–200 ਦੀਵਾ ਹੈ ਐਨਾ ਤੇਲ ਪਿਆ ਹੈ ਇਨ੍ਹਾਂ ਦੇ ਵਿਚ। ਇਹ ਕਿਉਂ ਰੱਖੇ ਹਨ? ਕਹਿਣ ਲੱਗੇ ਜੀ! ਇਹ ਮਾਤਾ ਰਾਣੀ ਦੇ ਥਾਨ ਹਨ। ਦੀਵਾਨ ਨੇੜੇ ਹੀ ਸੀ ਮੈਂ ਕਿਹਾ ਕਿ ਤੁਸੀਂ ਮਾਤਾ ਨੂੰ ਯਾਦ ਕਰਦੇ ਹੋ ਕਿ ਫੇਰ ਆ ਜਾਵੇ, ਤੁਹਾਡੇ ਬੱਚਿਆਂ ਨੂੰ ਮਿਲ ਪਵੇ ਆ ਕੇ? ਜਿਸ ਨੂੰ ਯਾਦ ਕਰੋਗੇ ਉਸ ਨੇ ਤਾਂ ਆਉਣਾ ਹੀ ਹੈ। ਤੁਸੀਂ ਛੱਡ ਦਿਓ ਖਹਿੜਾ। ਉਸ ਦਾ ਤਾਂ ਬਿਸਤਰਾ ਗੋਲ ਕਰਕੇ ਅਸਮਾਨੀ ਦੁਨੀਆਂ ਵਿਚ ਭੇਜ ਦਿਉ। ਹੁਣ ਦੁਨੀਆਂ ਵਿਚ ਨਹੀਂ ਰਹੀ। ਇਹ ਲਗਦੀ ਕਿਵੇਂ ਹੁੰਦੀ ਹੈ। ਇਹ ਇਕ viral disease (ਛੂਤ ਦੀ ਬੀਮਾਰੀ) ਹੈ। ਅੱਜ ਕੱਲ੍ਹ ਦੇ ਲੋਕ ਜਾਨਣ ਲੱਗ ਗਏ ਕਿ ਵਾਇਰਸ ਕੀ ਹੁੰਦੀ ਹੈ? ਮੈਂ ਇਕ ਵਾਰੀ ਸੋਇਆਬੀਨ ਬੀਜੀ। ਉਸ ਦਾ ਪੱਤਾ ਪੀਲਾ ਹੋ ਗਿਆ। ਮੈਂ ਬੜਾ ਹੈਰਾਨ ਹੋਇਆ ਕਿ ਪਤਾ ਪੀਲਾ ਕਿਉਂ ਹੋ ਗਿਆ। ਉਹ ਯੂਨੀਵਰਸਿਟੀ ਦਾ ਬੀਜ ਸੀ ਤੇ ਨਾਲ ਮੈਨੂੰ ਪਤਾ ਸੀ ਕਿ ਉਹ reject (ਰੱਦ) ਕਰ ਦੇਣਗੇ ਕਿਉਂਕਿ ਪੱਤਾ ਪੀਲਾ ਹੋ ਚਲਿਆ। ਉਹ ਆਏ ਤੇ ਕਹਿੰਦੇ ਜੀ! ਇਹ ਸੋਇਆਬੀਨ ਤਾਂ ਕਿਸੇ ਕੰਮ ਦੀ ਨਹੀਂ ਰਹੀ ਇਸ ਦਾ ਤਾਂ ਪੱਤਾ ਪੀਲਾ ਹੋ ਗਿਆ।

ਮੈਂ ਕਿਹਾ, "ਇਹ ਹੋਇਆ ਕਿਉਂ? ਮੈਨੂੰ ਇਹ ਦੱਸੋ।"

ਕਹਿੰਦੇ, "ਤਿੰਨ ਸੌ ਗਜ ਤੱਕ ਕਿਸੇ ਨੇ ਮਾਹ ਬੀਜੇ ਹੋਏ ਹਨ।" ਸਾਡੇ ਹੀ ਭਰਾ ਨੇ ਬੀਜੇ ਹੋਏ ਸਨ।

ਮੈਂ ਕਿਹਾ, "ਹਾਂ! ਮਾਹ ਤਾਂ ਬੀਜੇ ਹੋਏ ਹਨ।"

ਕਹਿੰਦੇ, "ਉਥੋਂ ਉਡ ਕੇ ਬਿਮਾਰੀ ਆ ਜਾਂਦੀ ਹੈ।"

ਇਸੇ ਤਰ੍ਹਾਂ ਕਲਿਆਣ ਕਣਕ ਹੁੰਦੀ, ਉਸ ਦੇ ਪੱਤੇ ਲਾਲ ਹੋ ਜਾਂਦੇ ਸਨ, ਉਸ ਦੀ ਬੀਮਾਰੀ ਉਡ ਕੇ ਦੂਜੇ ਖੇਤਾਂ ਵਿਚ ਚਲੀ ਜਾਂਦੀ ਸੀ। ਜਦੋਂ ਮੈਂ ਬੀਜ ਬੀਜਣਾ ਤਾਂ ਉਨ੍ਹਾਂ ਨੇ ਇਹ ਸ਼ਰਤ ਰੱਖਣੀ ਕਿ ਸੌ ਗਜ਼ ਤੱਕ ਕਿਸੇ ਹੋਰ ਦਾ ਖੇਤ ਬਿਮਾਰ ਨਾ ਹੋਵੇ। ਵਿਚਾਲੇ ਬੀਜਣੀ ਹੈ ਖੇਤਾਂ ਦੇ, ਸੌ ਗਜ਼ ਛੱਡ ਕੇ ਇਹ ਮਾਤਾ ਇਕ ਛੂਤ ਦਾ ਰੋਗ ਹੁੰਦਾ ਹੈ, ਕਪੜਿਆਂ ਨਾਲ ਲੱਗ ਕੇ, ਚਿੱਠੀਆਂ ਨਾਲ ਲੱਗ ਕੇ। ਜਾਨਵਰਾਂ–ਪੰਛੀਆਂ

ਦੇ ਰਾਹੀਂ, ਹਵਾ ਦੇ ਰਾਹੀਂ ਸਾਰੀ ਦੁਨੀਆਂ ਵਿਚ ਫੈਲ ਸਕਦਾ ਹੈ। ਇਸ ਨੂੰ ਅਸੀਂ ਦੇਵਤਾ ਬਣਾ ਲਿਆ, ਦੇਵਤਾ ਬਣਾ ਕੇ ਪੂਜਣਾ ਸ਼ੁਰੂ ਕਰ ਦਿਤਾ। ਇਸ ਦੇ ਗੀਤ ਗਾਉਣੇ ਸ਼ੁਰੂ ਕਰ ਦਿਤੇ ਤੇ ਜਿਹੜੇ ਸੋਝੀ ਵਾਲੇ ਬੰਦੇ ਸਨ, ਉਹ ਕਹਿੰਦੇ ਤੁਸੀਂ ਏਸ ਨੂੰ ਮੰਨਦੇ ਹੋ? ਜਿਸ ਨੂੰ ਮੰਨੋਗੇ ਉਹ ਤਾਂ ਦਰਸ਼ਨ ਬਾਰ-ਬਾਰ ਦਏਗਾ। ਇਸ ਦਾ ਉਨ੍ਹਾਂ ਨੇ ਇਲਾਜ ਹੀ ਕੱਢ ਦਿਤਾ ਅਤੇ ਸੰਸਾਰ ਵਿਚ ਇਸਨੂੰ ਖਤਮ ਹੀ ਕਰ ਦਿਤਾ।

ਇਸੇ ਤਰ੍ਹਾਂ ਸੱਪ ਨੂੰ ਮੰਨਦੇ ਹਨ। ਮੈਂ ਬੜੀਆਂ ਕਹਾਣੀਆਂ ਸੁਣੀਆਂ ਹਨ। ਕਹਿੰਦੇ ਗੁੱਗੇ ਨੂੰ ਮੰਨਦੇ ਹਾਂ। ਗੁੱਗੇ ਦਾ ਪਤਾ ਹੈ ਨਹੀਂ ਕਿ ਉਹ ਕੀ ਸੀ? ਗੁੱਗਾ ਚੌਹਾਨ ਸੀ, ਹਾਂਸੀ ਹਿਸਾਰ ਦੇ ਰਹਿਣ ਵਾਲਾ। ਇਕ ਵਾਰੀ ਉਸ ਦੀ ਮਾਂ ਨਰਾਜ਼ ਹੋ ਗਈ। ਮਾਂ ਨੂੰ ਛੱਡ ਕੇ ਜਰਗ ਆ ਗਿਆ, ਵਿਆਹਿਆ ਹੋਇਆ ਸੀ। ਜਰਗ ਜਗਦੇਵ ਰਹਿੰਦਾ ਸੀ, ਔਲਖ ਗੋਤ ਦਾ ਵਡੇਰਾ। ਉਹ ਦੋਨੋਂ ਆਪਸ ਵਿਚ ਮਿੱਤਰ ਸਨ। ਜਗਦੇਵ ਵੀ ਸਿੱਧ ਸੀ ਤੇ ਗੁੱਗਾ ਵੀ ਸਿੱਧ ਸੀ। ਦੋਹਾਂ ਨੇ ਬੜੇ ਹਠ ਯੋਗ ਕੀਤੇ ਤੇ ਸਿੱਧੀਆਂ ਆ ਗਈਆਂ। ਇਹ ਬੈਠੇ-ਬੈਠੇ ਗਾਇਬ ਹੋ ਜਾਂਦੇ ਸਨ। ਜਦੋਂ ਗੁੱਗਾ ਘਰੋਂ ਨਿਕਲਣ ਲੱਗਿਆ ਤਾਂ ਗੁੱਗੇ ਦੀ ਘਰਵਾਲੀ ਕਹਿਣ ਲੱਗੀ ਕਿ ਮੇਰਾ ਤਾਂ ਕੋਈ ਕਸੂਰ ਨਹੀਂ ਹੈ। ਤੂੰ ਮਾਂ ਨੂੰ ਛੱਡ ਕੇ ਜਾ ਰਿਹਾ ਹੈ ਮੈਂ ਤਾਂ ਕੁਝ ਨਹੀਂ ਕਿਹਾ ਮੇਰਾ ਤਾਂ ਕੁਝ ਸੋਚੋ। ਉਹ ਕਹਿੰਦਾ ਚੰਗਾ ਮੈਂ ਆ ਜਾਇਆ ਕਰਾਂਗਾ ਪਰ ਜਿਸ ਦਿਨ ਤੂੰ ਇਹ ਗੱਲ ਕਿਸੇ ਹੋਰ ਨੂੰ ਦਸ ਦੇਵੇਂਗੀ, ਫੇਰ ਨਹੀਂ ਮੈ ਆਉਂਣਾ। ਇਹ ਉਦਾਸ ਹੀ ਨਾ ਹੋਈ ਉਹ ਰੋਜ਼ ਇਸ ਦੇ ਕੋਲ ਆ ਜਾਇਆ ਕਰੇ। ਇਕ ਦਿਨ ਮਾਂ ਕਹਿਣ ਲੱਗੀ ਕਿ ਕਿੰਨੇ ਮਹੀਨੇ ਹੋ ਗਏ ਤੇਰਾ ਪਤੀ ਗਿਆ ਹੋਇਆ ਹੈ, ਤੈਨੂੰ ਭੋਰਾ ਫਿਕਰ ਨਹੀਂ। ਤੂੰ ਤਾਂ ਓਹੋ-ਜਿਹੇ ਹੀ ਕੱਪੜੇ ਪਾਉਂਦੀ ਹੈਂ, ਉਵੇਂ ਜਿਵੇਂ ਸੁਰਮਾ ਪਾਉਂਦੀ ਹੈਂ, ਸ਼ਿੰਗਾਰ ਲਾਉਂਦੀ ਹੈਂ। ਇਸ ਦੇ ਮੂੰਹੋਂ ਨਿਕਲ ਗਿਆ ਕਿ ਉਹ ਤਾਂ ਕਿਤੇ ਨਹੀਂ ਗਿਆ ਉਹ ਤਾਂ ਰੋਜ਼ ਆਉਂਦੇ ਹਨ ਮੇਰੇ ਕੋਲ। ਮਾਂ ਨੇ ਸੋਚਿਆ ਕਿ ਕੋਈ ਗਲਤ ਗੱਲ ਹੈ, ਮੈਂ ਨਹੀਂ ਮੰਨਦੀ। ਉਸ ਨੇ ਮਾਂ ਨੂੰ ਪੜਦੇ ਓਹਲੇ ਲੁਕੋ ਦਿਤਾ। ਐਨੇ ਨੂੰ ਗੁੱਗਾ ਆਇਆ ਤੇ ਜਦੋਂ ਮਾਂ ਦੇ ਕੋਲੋਂ ਲੰਘਣ ਲੱਗਿਆ ਤਾਂ ਉਸ ਨੇ ਬਾਂਹ ਫੜ੍ਹ ਲਈ। ਕਹਿੰਦੀ, "ਪੁੱਤ ਤੂੰ ਐਨਾ ਨਰਾਜ਼? ਉਹ ਸਿੱਧ ਸੀ, ਉਸੇ ਵੇਲੇ ਬਾਂਹ ਛੁਡਾ ਕੇ ਗਾਇਬ ਹੋ ਗਿਆ ਤੇ ਏਧਰ ਉਸ ਦੇ ਜਾਣ ਤੋਂ ਪਿਛੋਂ ਜਗਦੇਵ ਚੜ੍ਹਾਈ ਕਰ ਗਿਆ। ਉਸ ਦੇ ਪੁੱਤਰ ਸਨ ਬੋਪਾ ਰਾਏ ਤੇ ਛੱਪਾ ਰਾਏ। ਛੱਪਾ ਰਾਏ ਦਾ ਛਪਾਰ ਹੈ, ਬੋਪਾ ਰਾਏ ਪਿੰਡ ਹੈ। ਬੋਪਾਰਾਏ ਗੋਤ ਹੈ ਘੁਢਾਣੀ ਦਾ। ਉਹ ਉਥੇ ਬੈਠੇ ਸਨ। ਜਦੋਂ ਮਿਲਣ ਆਇਆ ਜਿਥੇ ਛਪਾਰ ਦਾ ਮੇਲਾ ਲਗਦਾ ਹੈ, ਇਹ ਉਥੇ ਬੈਠੇ ਸਨ, ਉਥੇ ਮੜ੍ਹੀ ਬਣੀ ਹੋਈ ਸੀ। ਗੁੱਗਾ ਕਹਿੰਦਾ, "ਕਿਥੇ ਹੈ ਮੇਰਾ ਮਿੱਤਰ? ਉਹ ਬੋਲੇ ਤਾਂ ਹੈ ਨਾ ਤੇ ਮੜ੍ਹੀ ਵੱਲ ਇਸ਼ਾਰਾ ਕਰ ਦਿਤਾ ਕਿ ਇਸ ਦੇ ਵਿਚ ਹੈ। ਗੁੱਗਾ ਕਹਿਣ ਲੱਗਿਆ, ਜੇ ਮਿੱਤਰ ਚਲਿਆ ਗਿਆ ਤਾਂ ਹੁਣ ਅਸੀਂ ਵੀ ਨਹੀਂ ਰਹਿਣਾ। ਉਥੇ ਹੀ ਸਮਾਅ ਗਿਆ ਉਹ। ਉਸ ਨੂੰ ਮੰਨਣਾ ਸ਼ੁਰੂ ਕਰ ਦਿਤਾ ਤੇ ਲੋਕਾਂ ਨੇ ਸੱਪ ਦਾ ਨਾਂ ਗੁੱਗਾ ਰੱਖ ਲਿਆ। ਸੱਪ ਨੂੰ ਹੀ ਸੇਵੀਆਂ ਪਾਈ ਜਾਂਦੇ ਹਨ, ਸੱਪ ਨੂੰ ਹੀ ਦੁੱਧ ਪਿਲਾਈ ਜਾਂਦੇ ਹਨ। ਸੱਪ ਕਦੇ ਘੌਲ ਕਰਦਾ ਹੈ? ਜਦੋਂ ਮੌਕਾ ਮਿਲੇ, ਉਦੋਂ ਹੀ ਡੰਗ ਮਾਰਦਾ ਹੈ -

***ਸਪੈ ਦੁਧੁ ਪਿਆਲੀਐ ਵਿਹੁ ਮੁਖਹੁ ਸਟੈ॥***
***ਭਾਈ ਗੁਰਦਾਸ ਜੀ ਵਾਰ 35/1***

ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪ੍ਰਮੇਸ਼ਰ ਨੂੰ ਤਾਂ ਗਏ ਭੁੱਲ ਹੋਰ ਚੀਜ਼ਾਂ ਨੂੰ ਮੰਨਣ ਲੱਗ ਗਏ। ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਆ ਕੇ ਦੱਸਿਆ ਕਿ ਭਾਈ -

***ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥***
***ਪੰਨਾ - 637***

ਤੁਹਾਨੂੰ ਕੀ ਦੇ ਦਏਗਾ ਉਹ?

***ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥***
***ਪੰਨਾ - 637***

ਪਾਣੀ ਵਿਚ ਸੁਟ ਦਿਓ ਪੱਥਰ ਨੂੰ, ਵਿਚੇ ਹੀ ਡੁੱਬ ਜਾਏਗਾ।

***ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥***
***ਪੰਨਾ - 637***

ਸੰਸਾਰ ਆਪਣੀ ਪਤ ਖੋ ਕੇ ਡੁੱਬਦਾ ਜਾਂਦਾ ਹੈ। ਗੁਰੂ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ -

***ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥***
***ਪੰਨਾ - 637***

***ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥***
***ਪੰਨਾ - 909***

ਮਾਇਆ ਵਿਚ ਤਿੰਨੇ ਭਰਮ ਵਿਚ ਭੁੱਲੇ ਫਿਰਦੇ ਹਨ। ਬ੍ਰਹਮਗਿਆਨੀ ਜਿਹੜਾ ਸੰਤ ਹੈ ਉਹ ਮਾਇਆ ਤੋਂ ਉਪਰ ਲੰਘ ਜਾਂਦਾ ਹੈ -

***ਕੋਟਿ ਸੂਰ ਜਾ ਕੈ ਪਰਗਾਸੁ॥***
***ਕੋਟਿ ਮਹਾਦੇਵ ਅਰੁ ਕਬਿਲਾਸ॥ ਪੰਨਾ - 1162***

ਕਰੋੜਾਂ ਬ੍ਰਹਮਾ, ਕਰੋੜਾਂ ਸ਼ਿਵ ਜੀ, ਕਰੋੜਾਂ ਸੂਰਜ ਵਾਹਿਗੁਰੂ ਦੇ ਦਰ ਤੇ ਹੱਥ ਬੰਨ੍ਹੀਂ ਖੜ੍ਹੇ ਹਨ।

***ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਪੰਨਾ - 1162***

ਕਰੋੜਾਂ ਦੇਵੀਆਂ ਸੇਵਾ ਕਰ ਰਹੀਆਂ ਨੇ ਦਰਗਾਹ ਦੇ ਅੰਦਰ-

***ਬ੍ਰਹਮਾ ਕੋਟਿ ਬੇਦ ਉਚਰੈ॥ ਪੰਨਾ - 1162***

ਕਰੋੜਾਂ ਬ੍ਰਹਮੇ ਵੇਦ ਉਚਰਣ ਲੱਗੇ ਹੋਏ ਹਨ, ਬ੍ਰਹਮਗਿਆਨ ਦੇ -

***ਜਉ ਜਾਚਉ ਤਉ ਕੇਵਲ ਰਾਮ॥ ਪੰਨਾ - 1162***

ਕਹਿੰਦੇ ਸਾਡਾ ਕੀ ਕੰਮ ਹੈ ਦੂਜੇ ਦੇਵਤਿਆਂ ਨਾਲ? ਜਦੋਂ ਵੀ ਅਸੀਂ ਮੰਗਣਾ ਹੈ ਵਾਹਿਗੁਰੂ ਤੋਂ ਮੰਗਣਾ ਹੈ, ਰਾਮ ਮੰਗਣਾ ਹੈ। ਫੇਰ ਕਹਿੰਦੇ ਇਨ੍ਹਾਂ ਦੀ ਭਗਤੀ ਦਾ ਫਲ ਕੀ ਹੁੰਦਾ ਹੈ?

***ਸਿਵ ਸਿਵ ਕਰਤੇ ਜੋ ਨਰੁ ਧਿਆਵੈ॥***
***ਬਰਦ ਚਢੇ ਡਉਰੂ ਢਮਕਾਵੈ॥ ਪੰਨਾ - 874***

ਕਹਿੰਦੇ ਸ਼ਿਵ ਦਾ ਉਪਾਸ਼ਕ ਬਲਦ ਤੇ ਚੜ੍ਹੇਗਾ ਤੇ ਡੋਰੂ ਡਮਕਾਉਂਦਾ ਫਿਰੇਗਾ।

***ਮਹਾ ਮਾਈ ਕੀ ਪੂਜਾ ਕਰੈ॥***

***ਨਰ ਸੈ ਨਾਰਿ ਹੋਇ ਅਉਤਰੈ॥*** ***ਪੰਨਾ - 874***

ਮਹਾਂ ਮਾਈ ਦੇਵੀ ਦੀ ਪੂਜਾ ਕਰ ਲਓ ਤਾਂ ਕਹਿੰਦੇ ਆਦਮੀ ਦੀ ਜੂਨੀ ਤੋਂ ਔਰਤ ਦੀ ਜੂਨੀ ਵਿਚ ਪੈ ਜਾਏਗਾ-

***ਤੂ ਕਹੀਅਤ ਹੀ ਆਦਿ ਭਵਾਨੀ॥***
***ਮੁਕਤਿ ਕੀ ਬਰੀਆ ਕਹਾ ਛਪਾਨੀ॥*** ***ਪੰਨਾ - 874***

ਜਦੋਂ ਮੁਕਤੀ ਮੰਗੀ ਉਦੋਂ ਤੂੰ ਕਿਥੇ ਛੁਪ ਗਈ?

***ਗੁਰਮਤਿ ਰਾਮ ਨਾਮ ਗਹੁ ਮੀਤਾ॥*** ***ਪੰਨਾ - 874***

ਪੰਜ ਪਿਆਰਿਆਂ ਤੋਂ ਨਾਮ ਜਿਹੜਾ ਮਿਲਦਾ ਹੈ ਉਸ ਨੂੰ ਫੜ ਲਓ ਜਾਂ ਕਿਸੇ ਪੂਰਨ ਮਹਾਂਪੁਰਸ਼ ਤੋਂ ਨਾਮ ਲਿਆ ਹੋਇਆ, ਉਸ ਨਾਮ ਨੂੰ ਫੜ ਲਓ -

***ਪ੍ਰਣਵੈ ਨਾਮਾ ਇਉ ਕਹੈ ਗੀਤਾ॥*** ***ਪੰਨਾ - 874***

ਕਹਿੰਦੇ ਇਹ ਬਾਤ ਅਸੀਂ ਕਹਿ ਰਹੇ ਹਾਂ ਪ੍ਰੇਮੀਓ!

ਸੋ ਭਾਈ ਜੋਧ ਨੇ ਦੱਸਿਆ ਕਿ ਭਾਈ ਲਹਿਣਾ ਜੀ! ਗੁਰੂ ਨਾਨਕ ਸਾਹਿਬ ਦਰਗਾਹ ਤੋਂ ਪੂਰੇ ਆਏ ਹਨ। ਉਹ ਗੁਰੂ ਪ੍ਰਮੇਸ਼ਰ ਹਨ ਪ੍ਰਮੇਸ਼ਰ ਨਿਰਗੁਣ ਰੂਪ ਹੈ, ਗੁਰੂ ਨਾਨਕ ਸਰਗੁਣ ਸਰੂਪ ਹੈ, ਉਥੇ ਪੁਕਾਰ ਕਰੀ ਧਰਤੀ ਨੇ ਜਾ ਕੇ -

***ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥***
***ਪੰਨਾ - 1281***

ਧਰਤੀ ਦੁਖੀ ਹੋ ਗਈ ਕਿਉਂਕਿ ਲੱਖਾਂ ਬੰਦੇ ਕਤਲ ਹੋਣੇ ਸ਼ੁਰੂ ਹੋ ਗਏ। ਅਯੁਧਿਆ ਵਿਚ ਇਕ ਦਿਨ ਵਿਚ ਸਤਾਈ ਹਜ਼ਾਰ ਪੜ੍ਹਿਆ-ਲਿਖਿਆ ਬ੍ਰਾਹਮਣ ਇਕੋ ਦਿਨ ਵਿਚ ਕੁਤਬਦੀਨ ਐਬਕ ਨੇ ਕਤਲ ਕਰਾ ਦਿਤਾ ਸੀ। ਮਥਰਾ ਵਿਚ ਇਕ ਦਿਨ ਦੇ ਅੰਦਰ ਇਕ ਲੱਖ ਬੰਦਾ ਬਾਬਰ ਨੇ ਕਤਲ ਕਰਾ ਦਿਤਾ ਤੇ ਨਾਲ ਐਉਂ ਲਿਖਦਾ ਹੈ ਕਿ ਮੈਂ ਤੰਬੂ ਲਾ ਕੇ ਦੇਖ ਰਿਹਾ ਸੀ ਕਿ ਕਿਸ ਤਰ੍ਹਾਂ ਨਾਲ ਮਾਰੇ ਜਾ ਰਹੇ ਹਨ। ਅੱਜ ਮੈਂ ਉਹ ਬੰਦੇ ਮੁਸਲਮਾਨ ਨਹੀਂ ਸੀ ਬਣਾਉਂਣੇ, ਅੱਜ ਮੇਰੇ ਮਨ ਵਿਚ ਆ ਗਿਆ ਕਿ ਇਨ੍ਹਾਂ ਨੂੰ ਮਾਰ ਦੇਈਏ ਸਾਰਿਆਂ ਨੂੰ। ਬੱਚੇ, ਬੁੱਢੇ, ਜਵਾਨ ਬੀਬੀਆਂ ਸਭ ਵਾਰੀ-ਵਾਰੀ ਮਾਰ ਦਿਤੇ ਤੇ ਮਾਰਨ ਵਾਲੇ ਸੈਂਕੜੇ ਲੱਗੇ ਹੋਏ ਹਨ, ਅੱਡੇ ਬਣੇ ਹੋਏ ਹਨ, ਮਾਰ-ਮਾਰ ਸੁੱਟੀ ਜਾਂਦੇ ਸਨ। ਕਹਿੰਦਾ ਐਨਾ ਖੂਨ ਉਚਾ ਚੜ੍ਹਿਆ ਕਿ ਮੈਨੂੰ ਤੰਬੂ ਪਿਛੇ ਹਟਾਉਣਾ ਪਿਆ, ਖੂਨ ਮੇਰੇ ਤੰਬੂ ਵਿਚ ਵੜਨ ਲੱਗਿਆ। ਫੇਰ ਹੋਰ ਬੰਦੇ ਮਰੇ, ਖੂਨ ਦਾ ਦਰਿਆ ਫੇਰ ਉਚਾ ਹੋ ਗਿਆ ਤੇ ਮੇਰੇ ਤੰਬੂ ਵਿਚ ਫੇਰ ਆ ਗਿਆ। ਕਹਿੰਦਾ ਮੈਂ ਤਿੰਨ ਵਾਰੀ ਤੰਬੂ ਬਦਲ ਕੇ ਖੂਨ ਤੰਬੂ ਵਿਚ ਵੜਨ ਤੋਂ ਬਚਾਇਆ। ਮੈਂ ਅੱਜ ਅੱਲਾ-ਤਾਲਾ ਕੋਲ ਅਰਦਾਸ ਕਰਦਾ ਹਾਂ ਕਿ ਹੇ ਅੱਲ੍ਹਾ! ਤੂੰ ਤਾਂ ਮੇਰੇ ਤੇ ਅੱਜ ਐਨਾ ਪ੍ਰਸੰਨ ਹੋਇਆ ਹੋਵੇਂਗਾ ਜਿੰਨਾ ਕਦੇ ਨਹੀਂ ਹੋਇਆ ਕਿਉਂਕਿ ਮੈਂ ਲੱਖ ਕਾਫਰ ਮਾਰ ਦਿਤਾ। ਇਸਲਾਮ ਕਦੇ ਨਹੀਂ ਕਹਿੰਦਾ ਕਿ ਕਿਸੇ ਨੂੰ ਮਾਰੋ। ਇਸਲਾਮ ਬਾਰੇ ਤਾਂ ਮਹਾਰਾਜ ਜੀ ਕਹਿੰਦੇ ਹਨ -

***ਮੁਸਲਮਾਣੁ ਮੋਮ ਦਿਲ ਹੋਵੈ॥*** ***ਪੰਨਾ - 1084***

ਮੁਸਲਮਾਨ ਤਾਂ ਮੋਮ ਦਿਲ ਹੁੰਦਾ ਹੈ । ਉਹ ਤਾਂ ਜ਼ਕਾਤ (ਧਰਮ, ਅਰਥ, ਪੈਸਾ, ਦਸਵੰਧ) ਕੱਢਦਾ ਹੈ। ਦਾਨ ਕੱਢਦਾ ਹੈ ਜਿਵੇਂ ਅਸੀਂ ਦਸਵੰਧ ਕੱਢਦੇ ਹਾਂ। ਭਲਾ ਮਨਾਉਂਦਾ ਹੈ ਸਾਰੇ ਸੰਸਾਰ ਦਾ ਪਰ ਇਹ ਤਾਂ ਧਰਮ ਕੰਮ ਨਹੀਂ, ਇਹ ਤਾਂ ਪਾਗਲਾਂ ਦੇ ਕੰਮ ਸਨ। ਸੋ ਐਨਾ ਜ਼ਿਆਦਾ ਜਦੋਂ ਧਰਮ ਦੇ ਨਾਂ ਤੇ ਉਪਦਰਵ ਹੋ ਕੇ ਬੰਦੇ ਮਾਰੇ ਜਾਣ ਫੇਰ ਮਹਾਰਾਜ ਜੀ, ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਫੇਰ ਧਰਮਰਾਜ ਨੂੰ ਫਿਕਰ ਪੈ ਜਾਂਦਾ ਹੈ ਕਿ ਮੈਂ ਕਿਹੜਾ ਨਰਕ ਬਣਾਵਾਂ ਇਨ੍ਹਾਂ ਵਾਸਤੇ।

***ਪਾਪ ਕਰੈ ਪਰਮਾਰਥ ਕੈ...........॥***

ਕਹਿੰਦੇ ਪਰਮਾਰਥ ਵਾਸਤੇ ਪਾਪ ਕਰਦੇ ਨੇ। ਕਹਿੰਦੇ ਫੇਰ ਧਰਮਰਾਜ ਡਰ ਜਾਂਦਾ ਹੈ ਤੇ ਅਕਾਲ ਪੁਰਖ ਨੂੰ ਪੁਛਦਾ ਹੈ ਕਿ ਸੱਚੇ ਪਾਤਸ਼ਾਹ! ਇਹ ਧਰਮ ਦੇ ਨਾਂ ਤੇ ਪਾਪ ਕਰ ਰਹੇ ਹਨ ਇਨ੍ਹਾਂ ਲਈ ਮੈਂ ਕਿਹੜਾ ਨਰਕ ਬਣਾਵਾਂ? ਮੇਰੇ ਚੌਰਾਸੀ ਨਰਕਾਂ ਵਿਚ ਤਾਂ ਕੋਈ ਨਰਕ ਨਹੀਂ ਜਿਥੇ ਮੈਂ ਇਨ੍ਹਾਂ ਨੂੰ ਸੁੱਟਾਂ। ਸਭ ਤੋਂ ਭਿਆਨਕ ਕੁੰਭੀ ਨਰਕ ਹੈ, ਉਹ ਬੇਮੁਖਾਂ ਤੇ ਮਨਮੁਖਾਂ ਵਾਸਤੇ ਹੈ। ਇਹ ਤਾਂ ਉਨ੍ਹਾਂ ਤੋਂ ਵੀ ਟੱਪ ਗਏ ਤੈਨੂੰ ਮੰਨਦੇ ਹਨ ਤੇ ਪਾਪ ਕਰਦੇ ਹਨ।

ਸੋ ਪੁਕਾਰ ਹੋਈ ਦਰਗਾਹ ਵਿਚ। ਧਰਤੀ ਨੇ ਬ੍ਰਹਮਾ ਜੀ ਕੋਲ ਕਰੀ। ਬ੍ਰਹਮਾ ਕਹਿੰਦਾ ਮੇਰਾ ਨਹੀਂ ਵਸ ਚਲਦਾ, ਸ਼ਿਵ ਜੀ ਕੋਲ ਜਾਹ। ਸ਼ਿਵ ਜੀ ਕੋਲ ਪੁਕਾਰ ਕਰੀ। ਸ਼ਿਵ ਜੀ ਕਹਿੰਦੇ ਮੈਂ ਨਹੀਂ ਮੱਥਾ ਲਾ ਸਕਦਾ, ਇਹ ਤਾਂ ਸਥਿਤੀ ਬਹੁਤ ਵਿਗੜ ਗਈ ਹੈ। ਸਾਡੇ ਅਵਤਾਰ ਗਏ ਪਰ ਉਨ੍ਹਾਂ ਦੇ ਛੋਟੇ-ਛੋਟੇ ਕੰਮ ਸਨ ਕਿਉਂਕਿ ਅਵਤਾਰ ਛੇ ਤਰ੍ਹਾਂ ਦੇ ਹੁੰਦੇ ਨੇ - ਪਹਿਲਾ ਹੁੰਦਾ ਹੈ ਅੰਸਾ ਅਵਤਾਰ।

ਅੰਸਾ ਅਵਤਾਰ ਉਹ ਰਾਜਾ ਹੁੰਦਾ ਹੈ ਜਿਸ ਨੂੰ ਸਾਰੀ ਪਰਜਾ ਰੱਬ ਵਰਗਾ ਜਾਣ ਕੇ ਮੰਨੇ। ਦੂਸਰਾ ਹੋਇਆ ਕਰਦਾ ਹੈ ਆਵੇਸ਼ਾ ਅਵਤਾਰ -

ਆਵੇਸ਼ਾ ਅਵਤਾਰ ਉਹ ਹੁੰਦਾ ਹੈ ਕਿ ਪਹਿਲਾਂ ਸਧਾਰਨ ਬੰਦਾ ਸੀ, ਬਾਅਦ ਵਿਚ ਕਮਾਈ ਕੀਤੀ, ਨਾਮ ਜਪਿਆ, ਵੱਡੀਆਂ-ਵੱਡੀਆਂ ਪ੍ਰਾਪਤੀਆਂ ਕਰਕੇ ਫੇਰ ਮਹਾਂਪੁਰਸ਼ ਬਣ ਗਿਆ। ਉਸ ਨੂੰ ਆਵੇਸ਼ਾਵਤਾਰ ਕਹਿੰਦੇ ਹਨ, ਉਸ ਦੇ ਵਿਚ ਸ਼ਕਤੀਆਂ ਆ ਜਾਂਦੀਆਂ ਹਨ।

ਤੀਸਰਾ ਹੋਇਆ ਕਰਦਾ ਹੈ ਕਲਾ ਅਵਤਾਰ। ਜੋ ਖਾਸ ਕੰਮ ਕਰਨ ਵਾਸਤੇ ਆਉਂਦਾ ਹੈ ਜਿਵੇਂ ਪ੍ਰਹਿਲਾਦ ਨੂੰ ਰੱਖਣਾ ਸੀ, ਨਰਸਿੰਘ ਦਾ ਰੂਪ ਧਾਰ ਕੇ ਆ ਗਿਆ। ਬਾਵਨ ਰੂਪ ਧਾਰ ਕੇ ਆਇਆ। ਇਸ ਤਰ੍ਹਾਂ ਜਦੋਂ ਇਕ ਕੰਮ ਕਰਨ ਵਾਸਤੇ ਆਉਂਦੇ ਹਨ ਉਸ ਨੂੰ ਕਲਾ ਅਵਤਾਰ ਕਹਿੰਦੇ ਹਨ ਜਿਵੇਂ ਮੱਛ, ਕੱਛ, ਬਰਾਹ ਆਦਿ ਆਪਣੇ-ਆਪਣੇ ਕੰਮ ਕਰਨ ਵਾਸਤੇ ਇਕ ਕਲਾ ਲੈ ਕੇ ਆ ਗਏ।

ਚੌਥਾ ਹੋਇਆ ਕਰਦਾ ਹੈ ਨਿੱਤ ਅਵਤਾਰ। ਨਿੱਤ ਅਵਤਾਰ ਕਹਿੰਦੇ ਹਨ ਮਹਾਂਪੁਰਸ਼ਾਂ ਨੂੰ। ਉਨ੍ਹਾਂ ਦਾ ਹਰ ਵਕਤ ਯੁੱਧ ਲਗਿਆ ਰਹਿੰਦਾ ਹੈ ਕਿ ਲੋਕਾਂ ਦੇ ਮਨਾਂ 'ਚੋਂ ਕਦੂਰਤ ਕਢਣੀ ਹੈ, ਈਰਖਾ ਕੱਢਣੀ ਹੈ, ਨਿੰਦਿਆ ਕੱਢਣੀ ਹੈ, ਚੁਗਲੀਆਂ ਕੱਢਣੀਆਂ ਹਨ, ਜਿਹੜੇ ਗਲਤ ਨਸ਼ੇ ਪੀਂਦੇ ਹਨ ਉਨ੍ਹਾਂ ਤੋਂ ਇਨ੍ਹਾਂ ਨੂੰ ਹਟਾਉਣਾ ਹੈ, ਸੁਖੀ ਕਰਨਾ ਹੈ ਸੰਸਾਰ ਨੂੰ। ਉਹ ਪ੍ਰਮੇਸ਼ਰ ਦਾ ਕੰਮ ਕਰਦੇ ਹਨ ਤੇ ਉਹ ਨਿੱਤ ਅਵਤਾਰ

ਹੋਇਆ ਕਰਦੇ ਹਨ, ਉਹ ਸਾਧੂ ਹੋਇਆ ਕਰਦੇ ਹਨ।

ਪੰਜਵਾਂ ਹੋਇਆ ਕਰਦਾ ਹੈ ਪੂਰਨ ਅਵਤਾਰ। ਪੂਰਨ ਅਵਤਾਰ ਕਲਾ ਲੈ ਕੇ ਆਉਂਦਾ ਹੈ। ਸ਼ਕਤੀ ਕਲਾ ਨੂੰ ਕਹਿੰਦੇ ਹਨ। ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਪੂਰਨ ਅਵਤਾਰ ਸਨ। ਰਾਮ ਚੰਦਰ ਜੀ ਚੌਦਾਂ ਕਲਾਂ ਸੰਪੂਰਨ ਸਨ ਤੇ ਕ੍ਰਿਸ਼ਨ ਮਹਾਰਾਜ ਜੀ ਦੇ ਅੰਦਰ ਸੋਲਾਂ ਕਲਾਂ ਸੰਪੂਰਨ ਸਨ। ਧਰਤੀ ਨੇ ਪੁਕਾਰ ਕੀਤੀ ਸ਼ਿਵ ਜੀ ਨੇ ਵੀ ਜਵਾਬ ਦੇ ਦਿਤਾ। ਫੇਰ ਵਿਸ਼ਨੂੰ ਜੀ ਕੋਲ ਗਈ। ਉਹ ਕਹਿੰਦੇ ਦੇਖੋ! ਜਦੋਂ ਮੈਂ ਕ੍ਰਿਸ਼ਨ ਅਵਤਾਰ ਬਣਿਆ ਉਸ ਵੇਲੇ ਬਹੁਤਾ ਵਿਗਾੜ ਨਹੀਂ ਸੀ, ਧਰਮ ਕਾਇਮ ਸੀ, ਅਧਰਮ ਐਨਾ ਨਹੀਂ ਸੀ ਆਇਆ ਜਿੰਨਾਂ ਹੁਣ ਫੈਲ ਗਿਆ ਹੈ। ਇਹ ਤਾਂ ਪਾਪ ਹੀ ਪਰਮਾਰਥ ਵਾਸਤੇ ਕਰ ਰਹੇ ਹਨ ਤੇ ਮੈਂ ਹੁਣ ਕੋਈ ਅਵਤਾਰ ਨਹੀਂ ਭੇਜ ਸਕਦਾ। ਮੇਰਾ ਅਵਤਾਰ ਇਕ ਹੋਏਗਾ ਕਲਕੀ ਅਵਤਾਰ। ਜਿਸ ਵਕਤ ਕਲਜੁਗ ਖਤਮ ਹੋਣਾ ਹੈ ਉਸ ਵਕਤ ਮੈਂ ਤਬਾਹੀ ਲਿਆ ਦੇਣੀ ਹੈ ਤੇ ਸਭ ਖਤਮ ਕਰ ਦੇਣੇ ਹਨ, ਪਰ ਹੁਣ ਨਹੀਂ ਮੈਂ ਜਾ ਸਕਦਾ। ਨਿਰੰਕਾਰ ਦੇ ਦਰ ਤੇ ਪੁਕਾਰ ਪਹੁੰਚੀ, ਨਿਰੰਕਾਰ ਨੇ ਪੁਕਾਰ ਸੁਣੀ ਤੇ ਕਹਿਣ ਲੱਗੇ ਕਿ ਠੀਕ ਹੈ। ਹੁਣ ਸਮਾਂ ਐਸਾ ਆ ਗਿਆ ਹੈ ਕਿ ਮੈਨੂੰ ਆਪ ਹੀ ਸਤਿਗੁਰ ਰੂਪ ਹੋ ਕੇ ਪ੍ਰਗਟ ਹੋਣਾ ਪੈਣਾ ਹੈ। ਇਸ ਨੂੰ ਸਤਿਗੁਰੂ ਅਵਤਾਰ ਕਹਿੰਦੇ ਹਨ। ਪਹਿਲਾਂ ਸੰਸਾਰ ਵਿਚੋਂ ਸਤਿਗੁਰੂ ਅਵਤਾਰ ਨਹੀਂ ਸੀ ਹੋਇਆ। ਗੁਰੂ ਜ਼ਰੂਰ ਆਉਂਦੇ ਰਹੇ ਵਸ਼ਿਸ਼ਟ ਜੀ ਆਏ, ਵਿਸ਼ਵਾਮਿਤਰ ਜੀ ਆਏ, ਸੰਦੀਪਨ ਜੀ ਆਏ, ਦੁਰਬਾਸਾ ਜੀ ਆਏ, ਹੋਰ ਅਨੇਕਾਂ ਗੁਰੂ ਆਏ ਤੇ ਆਉਂਦੇ ਰਹਿਣਗੇ ਪਰ ਸਤਿਗੁਰੂ ਨਹੀਂ ਆਇਆ। ਉਸ ਵੇਲੇ ਸਤਿਗੁਰੂ ਸਰੂਪ ਕੇਵਲ ਸਤਿਗੁਰੂ ਨਾਨਕ ਪਾਤਿਸ਼ਾਹ ਪ੍ਰਗਟ ਹੋਏ ਉਨ੍ਹਾਂ ਨੇ ਦਸ ਜਾਮਿਆਂ ਵਿਚ ਸਤਿਗੁਰੂ ਸਰੂਪ ਧਾਰਨ ਕਰਨ ਤੋਂ ਬਾਅਦ ਨਿੱਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਣਾ ਦਿਤਾ ਕਿਉਂਕਿ ਸ਼ਬਦ ਸਾਰਾ ਅਕਾਲ-ਪੁਰਖ ਨੂੰ ਹੀ ਸੌਂਪ ਦਿਤਾ ਮੁੜ ਕੇ, ਓਅੰਕਾਰ ਨੂੰ ਸੰਭਾਲ ਦਿਤਾ, ਸ਼ਬਦ-ਬ੍ਰਹਮ ਨੂੰ। ਸ਼ਬਦ-ਬ੍ਰਹਮ ਜਿਹੜਾ ਅਵਤਾਰ ਹੈ, ਏਸ ਰੂਪ ਵਿਚ ਹੋ ਗਿਆ। ਕਹਿੰਦੇ ਕਿੰਨੀਆਂ ਕੁ ਕਲਾਂ ਲੈ ਕੇ ਆਏ? ਕਹਿੰਦੇ ਹੁਣ ਤਾਕਤਾਂ ਦੀ ਕੋਈ ਗਿਣਤੀ ਹੈ? ਐਸਾ ਫੁਰਮਾਨ ਹੈ –

***ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥***
***ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥***
***ਪੰਨਾ – 1395***

***ਅਨਿਕ ਕਲਾ ਲੈ ਠਾਕੁਰ ਚੜ੍ਹਿਆ॥***

ਠਾਕੁਰ ਨੇ ਚੜ੍ਹਾਈ ਕਰੀ ਕਿਉਂ? ਕਿਉਂਕਿ ਪੁਕਾਰ ਸੁਣੀ ਤੇ ਪੁਕਾਰ ਸੁਣ ਕੇ ਪ੍ਰਭੂ ਸਤਿਗੁਰੂ ਨਾਨਕ ਰੂਪ ਵਿਚ ਪ੍ਰਗਟ ਹੋਇਆ –

***ਧਾਰਨਾ – ਦਰਗਾਹ ਸੁਣ ਕੇ ਪੁਕਾਰਾਂ ਨਿਰੰਕਾਰ ਨੇ,***
***ਸਤਿਗੁਰ ਨਾਨਕ ਰੂਪ ਧਾਰਿਆ –2, 2.***
***ਮੇਰੇ ਪਿਆਰੇ, ਸਤਿਗੁਰੂ ਨਾਨਕ ਰੂਪ ਧਾਰਿਆ –2, 2.***
***ਵਾਹਵਾ–ਵਾਹਵਾ ਸਤਿਗੁਰੂ ਨਾਨਕ ਰੂਪ ਧਾਰਿਆ –2,2.***
***ਦਰਗਾਹ ਸੁਣ ਕੇ ਪੁਕਾਰਾਂ ਨਿਰੰਕਾਰ ਨੇ........... –2.***

ਕਹਿਣ ਲੱਗੇ ਕਿ ਜਾਹ! ਸਤਿਗੁਰੂ ਰੂਪ ਹੋ ਕੇ ਮੈਂ ਪ੍ਰਗਟ ਹੋਵਾਂਗਾ। ਹੁਣ ਮੈਂ ਏਸ ਰੂਪ ਵਿਚ ਕਿਸੇ ਨੂੰ ਨਹੀਂ ਭੇਜ ਸਕਦਾ ਕਿ ਇਕ ਦਾ ਨਾਸ਼ ਕਰਨਾ ਹੈ, ਜਾਂ ਦੋ ਦਾ ਨਾਸ਼ ਕਰਨਾ ਹੈ। ਨਰਸਿੰਘ ਰੂਪ ਧਾਰਿਆ ਸੀ ਵਿਸ਼ਨੂੰ ਜੀ ਨੇ ਕੇਵਲ ਪ੍ਰਹਿਲਾਦ ਨੂੰ ਉਬਾਰਨ ਵਾਸਤੇ। ਹੁਣ ਮੈਂ ਸਤਿਗੁਰੂ ਦਾ ਰੂਪ ਧਾਰ ਕੇ ਆਵਾਂਗਾ –

***ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ॥***
***ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ॥***
***ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ॥***
***ਭਾਈ ਗੁਰਦਾਸ ਜੀ ਵਾਰ 1/23***

ਸਾਰੇ ਅਦ੍ਵੈਤ ਸਿਧਾਂਤ ਦਾ ਪ੍ਰਚਾਰ ਕਰਿਆ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ –

***ਚਾਰੇ ਪੈਰ ਧਰਮ ਦੇ, ਚਾਰਿ ਵਰਨ ਇਕ ਵਰਨੁ ਕਰਾਇਆ॥***
***ਭਾਈ ਗੁਰਦਾਸ ਜੀ ਵਾਰ 1/23***

ਨਾਮ ਦੇ ਅਧਾਰ ਤੇ ਚਾਰੇ ਪੈਰ ਧਰਮ ਦੇ ਕਾਇਮ ਕਰ ਦਿਤੇ। ਚਾਰੇ ਵਰਨਾਂ ਨੂੰ, ਆਦਮੀਆਂ ਦੇ ਅੰਦਰ ਜਿਹੜਾ ਭੇਦ ਸੀ ਕਿ ਇਹ ਬ੍ਰਾਹਮਣ ਹੈ, ਖਤਰੀ ਹੈ, ਇਹ ਵੈਸ਼ ਹੈ, ਇਹ ਸ਼ੂਦਰ ਹੈ, ਉਚੇ-ਨੀਵੇਂ ਨੂੰ ਖਤਮ ਕਰ ਦਿਤਾ –

***ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ॥***
***ਭਾਈ ਗੁਰਦਾਸ ਜੀ ਵਾਰ 1/23***

ਨਮਸ਼ਕਾਰ ਚਰਨਾਂ ਤੇ ਕਰਨਾ ਸਿਖਾ ਦਿਤਾ–

***ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸ ਨਿਵਾਇਆ॥***
***ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥***
***ਕਲਿ ਤਾਰਣਿ ਗੁਰੁ ਨਾਨਕ ਆਇਆ॥***
***ਭਾਈ ਗੁਰਦਾਸ ਜੀ ਵਾਰ 1/23***

ਜਦੋਂ ਆਪ ਨੇ ਇਸ ਤਰ੍ਹਾਂ ਦੇ ਬਚਨ ਸੁਣੇ, ਉਸ ਵੇਲੇ ਕਹਿਣ ਲੱਗੇ ਕਿ ਗੁਰੂ ਨਾਨਕ ਸਾਹਿਬ ਸਾਰੇ ਵੱਡੇ-ਵੱਡੇ ਥਾਵਾਂ ਤੇ ਗਏ ਤੇ ਤੁਹਾਨੂੰ ਪਤਾ ਹੀ ਹੈ, ਲਹਿਣਾ ਜੀ, ਸਾਰਿਆਂ ਨਾਲੋਂ ਵੱਧ ਬੋਲਬਾਲਾ ਅੱਜ ਸਿੱਧਾਂ ਦਾ ਹੈ। ਜਦੋਂ ਮੈਂ (ਵਕਤਾ ਸਰੀਰ) ਛੋਟਾ ਜਿਹਾ ਹੁੰਦਾ ਓਦੋਂ ਦਸਦੇ ਹੁੰਦੇ ਕਿ ਇਹ ਮੰਡਲੀਆਂ ਆਉਂਦੀਆਂ ਹੁੰਦੀਆਂ ਸਨ। ਬੀਬੀਆਂ ਨੇ ਡਰ ਜਾਣਾ ਕਿ ਸਿੱਧ ਆਏ ਹੋਏ ਹਨ, ਨਾਥ ਆਏ ਹੋਏ ਹਨ। ਇਨ੍ਹਾਂ ਨੇ ਪਿੰਡ ਵਿਚ ਆ ਜਾਣਾ ਤੇ ਕਾੜ੍ਹਨੀਆਂ ਚੁਕ ਲੈਣੀਆਂ ਦੁਧ ਦੀਆਂ, ਨਿਆਣੇ ਬਿਮਾਰ ਕਰ ਦੇਣੇ, ਡੰਗਰ ਬਿਮਾਰ ਕਰ ਦੇਣੇ, ਕਰਮਾਤਾਂ ਦਿਖਾਈ ਜਾਂਦੇ ਹੁੰਦੇ। ਸਭ ਡਰਦੇ ਹੁੰਦੇ ਸਨ ਇਨ੍ਹਾਂ ਤੋਂ।

ਸਤਿਗੁਰੂ ਨਾਨਕ ਪਾਤਿਸ਼ਾਹ ਇਨ੍ਹਾਂ ਨੂੰ ਸੁਮੱਤ ਦੇਣ ਵਾਸਤੇ ਸੁਮੇਰ ਪਰਬਤ ਤੇ ਪਹੁੰਚੇ ਜਿਥੇ ਬਰਫਾਂ ਤੋਂ ਬਗੈਰ ਹੋਰ ਕੋਈ ਚੀਜ਼ ਨਹੀਂ ਹੈ। ਉਥੇ ਜਦੋਂ ਸਿੱਧਾਂ ਨੇ ਦੇਖਿਆ ਕਿ ਤਿੰਨ ਮਨੁੱਖ ਆ ਗਏ। ਇਹ ਬਰਫਾਂ ਕਿਵੇਂ ਲੰਘ ਕੇ ਆ ਗਏ? ਅਸੀਂ ਤਾਂ ਉਡ ਕੇ ਆ ਜਾਂਦੇ ਹਾਂ। ਜਦੋਂ ਨੇੜੇ ਗਏ ਤਾਂ ਦੇਖਿਆ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਰੀਰਕ ਉਮਰ ਛੋਟੀ ਹੈ ਤੇ ਉਹ ਹਜ਼ਾਰਾਂ ਸਾਲਾਂ ਦੇ ਹਨ। ਉਹ ਮਹਾਰਾਜ ਜੀ ਨੂੰ ਬਾਲਾ ਕਹਿੰਦੇ ਹਨ, ਬਾਲਕ ਕਹਿੰਦੇ ਹਨ ਕਿ ਇਹ ਕਿਵੇਂ ਆ ਗਿਆ ਇਥੇ? ਕਿਹੜੀ ਸ਼ਕਤੀ ਲੈ ਕੇ ਆਇਆ ਹੈ? ਮਹਾਰਾਜ ਜੀ

ਕਹਿੰਦੇ, "ਸ਼ਕਤੀ ਤਾਂ ਸਾਡੇ ਵਿਚ ਕੋਈ ਨਹੀਂ ਹੈ, ਸਾਡੇ ਕੋਲ ਤਾਂ ਗੁਰਬਾਣੀ ਤੇ ਨਾਮ ਦੀ ਸ਼ਕਤੀ ਹੈ ਤੇ ਜਾਂ ਸਾਧ-ਸੰਗਤ ਦੀ ਸੇਵਾ ਦੀ ਸ਼ਕਤੀ ਹੈ। ਤੁਹਾਡੇ ਵਾਂਗ ਅਸੀਂ ਕੋਈ ਸਾਧਨ ਕਰਕੇ ਸਿੱਧੀਆਂ ਨਹੀਂ ਹਾਸਲ ਕਰੀਆਂ ਕਿ ਉਡ ਕੇ ਆ ਜਾਈਏ।"

ਬਹੁਤ ਲੰਮੀ ਚੌੜੀ ਵਿਆਖਿਆ ਹੋਈ ਸਿਧ ਗੋਸ਼ਟ ਦੀ ਤੇ ਜਦੋਂ ਬਚਨ ਸੁਣੇ ਤਾਂ ਉਨ੍ਹਾਂ ਨੇ -

***ਸਿਧੀ ਮਨੇ ਬੀਚਾਰਿਆ, ਕਿਵੈ ਦਰਸਨ ਏ ਲੇਵੈ ਬਾਲਾ॥***
***ਭਾਈ ਗੁਰਦਾਸ ਜੀ ਵਾਰ 1/31***

ਕਿ ਇਹ ਕਿਸੇ ਤਰੀਕੇ ਨਾਲ ਸਾਡਾ ਸੇਵਕ ਬਣ ਜਾਵੇ, ਜੋਗੀ ਬਣ ਜਾਵੇ ਤੇ ਫੇਰ ਸਾਡਾ ਪੰਥ ਮੁੜ ਕੇ ਰੋਸ਼ਨ ਹੋ ਜਾਏਗਾ ਕਿਉਂਕਿ ਐਡਾ ਕਾਬਲ ਅਸੀਂ ਕੋਈ ਦੇਖਿਆ ਨਹੀਂ। ਉਸ ਵੇਲੇ ਨਾਮ ਪੁਛਿਆ ਤੇ ਮਹਾਰਾਜ ਜੀ ਨੇ ਜਦੋਂ ਸ਼ਬਦ ਦੇ ਅੰਦਰ ਆਪਣਾ ਨਾਮ ਦਸਿਆ 'ਨਾਨਕ' ਤਾਂ ਉਹ ਕਹਿੰਦੇ ਕਿ ਕਿਤੇ ਤੂੰ ਓਹੀ ਨਾਨਕ ਤਾਂ ਨਹੀਂ ਜਿਸ ਨੇ ਕਲਜੁਗ ਨੂੰ ਤਾਰਨ ਵਾਸਤੇ ਆਉਣਾ ਸੀ? ਸਿੱਧਾਂ ਨੇ ਮਨ ਵਿਚ ਵਿਚਾਰ ਕਰ ਲਈ ਕਿ ਇਹ ਤਾਂ ਓਹੀ ਆ ਗਿਆ ਤੇ ਹੁਣ ਇਸ ਨੂੰ ਜ਼ਰੂਰ ਬਣਾਓ ਆਪਣਾ ਚੇਲਾ। ਉਸ ਵੇਲੇ ਗੋਰਖਨਾਥ ਨੇ ਆਪਣੀ ਚਿੱਪੀ ਦੇ ਦਿਤੀ ਤੇ ਕਹਿਣ ਲੱਗਿਆ, "ਹੇ ਨਾਨਕ! ਓਹ ਦੇਖ ਸਾਹਮਣੇ ਪਾਣੀ ਨਜ਼ਰ ਆਉਂਦਾ ਹੈ ਪਹਾੜ ਦੇ ਹੇਠਾਂ।"

ਮਹਾਰਾਜ ਜੀ ਕਹਿੰਦੇ, "ਹਾਂ!"

ਕਹਿੰਦਾ, "ਜਾਓ! ਉਥੋਂ ਇਕ ਚਿੱਪੀ ਪਾਣੀ ਦੀ ਭਰ ਲਿਆਓ।"

ਮਹਾਰਾਜ ਜੀ ਚਲ ਪਏ, ਜਦੋਂ ਉਥੇ ਪਹੁੰਚੇ ਤਾਂ ਕੀ ਦੇਖਦੇ ਨੇ ਉਥੇ ਹੀਰੇ, ਲਾਲ, ਜਵਾਹਰਾਤ ਬਣਾ ਦਿਤੇ, ਪਾਣੀ ਹੈ ਹੀ ਨਹੀਂ ਤੇ ਮਹਾਰਾਜ ਜੀ ਵਾਪਸ ਮੁੜ ਆਏ। ਜਦੋਂ ਵਾਪਸ ਆਏ ਤਾਂ ਗੋਰਖਨਾਥ ਨੇ ਪੁਛਿਆ ਕਿ ਪਾਣੀ ਨਹੀਂ ਲਿਆਏ ਆਪ?

ਮਹਾਰਾਜ ਕਹਿੰਦੇ, "ਉਥੇ ਹੈ ਹੀ ਨਹੀਂ ਪਾਣੀ।"

ਕਹਿੰਦਾ, "ਦੇਖ ਨਾਨਕ! ਇਕ ਫੁਰਨਾ ਕਰਿਆ ਹੈ ਤੇ ਸਾਰੀ ਝੀਲ ਹੀਰੇ, ਲਾਲ, ਜਵਾਹਰਾਤਾਂ ਦੀ ਬਣਾ ਦਿਤੀ, ਕਿੱਡੀ ਸ਼ਕਤੀ ਹੈ ਜੋਗ ਵਿਚ! ਤੂੰ ਜੋਗ ਲੈ ਲੈ।"

ਮਹਾਰਾਜ ਜੀ ਨੇ ਦ੍ਰਿਸ਼ਟੀ ਕਰੀ ਕਹਿੰਦੇ, "ਕਿਹੜੀ ਝੀਲ ਬਣਾ ਦਿਤੀ?"

ਕਹਿੰਦੇ, "ਉਹ।"

ਮਹਾਰਾਜ ਜੀ ਕਹਿੰਦੇ, "ਦੇਖੋ ਤਾਂ।"

ਜਦੋਂ ਦੇਖਿਆ ਤਾਂ ਉਹ ਪਾਣੀ। ਜ਼ੋਰ ਲਾ ਹਟਿਆ ਗੋਰਖਨਾਥ, ਮੁੜ ਕੇ ਹੀਰੇ ਜਵਾਹਰਾਤ ਬਣਾ ਹੀ ਨਾ ਸਕਿਆ। ਸਮਝ ਲਿਆ ਉਸ ਨੇ ਕਿ ਮੈਥੋਂ ਤਾਂ ਇਹ ਕੋਈ ਬਹੁਤ ਮਹਾਂਬਲੀ ਆ ਗਿਆ। ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ ਸ਼ਬਦ ਰਾਹੀਂ ਚਰਚਾ ਕਰੀ, ਨਾਮ ਦੀ, ਕਿ ਨਾਮ ਸਾਰਿਆਂ ਦਾ ਅਧਾਰ ਹੈ। ਸਭ ਚੀਜ਼ਾਂ ਨਾਮ ਦੇ ਆਸਰੇ ਖੜ੍ਹੀਆਂ ਹਨ। ਨਾਮ ਹਰ ਬੰਦੇ ਦੇ ਅੰਦਰ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਸੋ ਅਖੀਰ ਉਨ੍ਹਾਂ ਨੇ ਹਾਰ ਮੰਨ ਲਈ। ਮਹਾਰਾਜ ਜੀ ਕਹਿੰਦੇ ਤੁਸੀਂ ਸਮਾਧੀਆਂ ਲਾ ਸਕਦੇ ਹੋ, ਸੰਪਰਗਿਆਤ ਸਮਾਧੀ ਤੁਸੀਂ ਲਾ ਲਓਗੇ, ਰਾਜਮੇਧ ਸਮਾਧੀ ਲਾ ਲਓਗੇ ਪਰ ਗਿਆਨ ਤਾਂ ਹੋਣਾ ਨਹੀਂ। ਜਿੰਨਾਂ ਚਿਰ ਗਿਆਨ ਨਹੀਂ ਹੁੰਦਾ, ਓਨਾਂ ਚਿਰ ਮੁਕਤੀ ਨਹੀਂ ਹੁੰਦੀ। ਨਾਥ ਜੀ, ਅਸਲ ਮਸਲਾ ਤਾਂ ਮਾਨਵ ਸਾਮ੍ਹਣੇ ਹਉਮੈ ਦਾ ਹੈ ਜਿਸ ਦੇ ਅਸਰ ਅਧੀਨ ਇਹ ਜੰਮਦਾ ਹੈ ਮਰਦਾ ਹੈ ਤੇ ਚੌਰਾਸੀ ਲੱਖ ਦੇ ਚੱਕਰ ਵਿਚ ਅਨੰਤ ਕਾਲ ਤੋਂ ਘੁੰਮੇਟਣੀਆਂ ਖਾ ਰਿਹਾ ਹੈ। ਹਉਮੈ ਦਾ ਨਾਸ਼ ਨਾਮ ਬਿਨਾਂ ਨਹੀਂ ਹੁੰਦਾ, ਨਾਮ ਰਾਹੀਂ ਪ੍ਰਤੱਖ ਗਿਆਨ ਅਨੁਭਵ ਵਿਚ ਪ੍ਰਕਾਸ਼ ਕਰਦਾ ਹੈ। ਗਿਆਨ ਸਮਰੱਥ ਗੁਰੂ ਬਿਨਾਂ ਨਹੀਂ ਹੁੰਦਾ ਜਿਵੇਂ ਕਿ -

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਪੰਨਾ - 59***

ਤੁਸੀਂ ਤਾਂ ਗਿਆਨ ਦੇ ਰਾਹ ਹੀ ਨਹੀਂ ਪਏ, ਤੁਸੀਂ ਤਾਂ ਨਾਟਕ ਚੇਟਕਾਂ ਵਿਚ ਪਏ ਹੋਏ ਹੋ।

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ॥ ਬਚਿਤ੍ਰ ਨਾਟਕ***

ਪ੍ਰਭੂ ਦੇ ਲੋਕਾਂ ਨੂੰ ਸ਼ਰਮ ਆਉਂਦੀ ਹੈ ਸ਼ਕਤੀਆਂ ਦਿਖਾਉਂਦਿਆਂ। ਰਿੱਧੀ ਸਿੱਧੀ ਕਰਾਮਾਤਾਂ ਮਾਇਆ ਮੰਡਲ ਦੇ ਚਮਤਕਾਰੇ ਹਨ ਇਨ੍ਹਾਂ ਦੀ ਖਿੱਚ ਮੋਹ ਪੈਦਾ ਕਰਦੀ ਹੈ ਅਤੇ ਨਾਮ ਮਨ ਵਿਚ ਨਹੀਂ ਵਸ ਸਕਦਾ। ਪੂਰਨ ਗਿਆਨ ਨਹੀਂ ਹੋ ਸਕਦਾ, ਤੁਹਾਡੇ ਸਾਧਨ ਕੁੰਡਲਨੀ, ਛੇ ਚੱਕਰ ਵੇਧ ਕੇ ਪ੍ਰਾਣ ਦਸਵੇਂ ਦੁਆਰ ਤੀਕਰ ਲੈ ਜਾਣੇ, ਉਮਰਾਂ ਵਧਾ ਲੈਣੀਆਂ, ਨਾਟਕ ਚੇਟਕ ਕਰ ਲੈਣੇ, ਮਾਇਆ ਮੰਡਲ ਦੀਆਂ ਖੇਡਾਂ ਹਨ, ਜੋ ਅਗਿਆਨ ਦਾ ਨਾਸ਼ ਨਹੀਂ ਕਰ ਸਕਦੀਆਂ। ਅਵਿਦਿਆ ਕੇਵਲ ਪ੍ਰਭੂ ਨਾਮ ਹੀ ਦੂਰ ਸਕਦਾ ਹੈ। ਸੋ ਨਾਮ ਸਭ ਤੋਂ ਸ੍ਰੇਸ਼ਟ ਹੈ, ਨਾਮ ਅੰਮ੍ਰਿਤ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ ਅਤੇ ਉਹ ਅਭਿਆਸ ਰਾਹੀਂ ਅੰਦਰ ਰਮੇ ਹੋਏ ਨਾਮ ਤੀਕਰ ਰੁਸਵਾਈ ਕਰਾ ਦਿੰਦਾ ਹੈ। ਇਹ ਕਲਜੁਗ ਦਾ ਸੁਖੈਨ ਮਾਰਗ ਹੈ। ਸੋ ਮਹਾਰਾਜ ਜੀ ਨੇ ਜਦੋਂ ਇਹ ਸਿੱਧ ਕਰ ਦਿਤਾ ਕਿ -

***ਕਲਿਜੁਗਿ ਨਾਨਕ ਨਾਮੁ ਸੁਖਾਲਾ॥***
***ਭਾਈ ਗੁਰਦਾਸ ਜੀ ਵਾਰ 1/31***

ਕੇਵਲ ਨਾਮ ਨੇ ਹੀ ਫਲੀਭੂਤ ਹੋਣਾ ਹੈ। ਇਕ ਵਾਰੀ ਵੀ ਜੇ ਵਾਹਿਗੁਰੂ ਮੂੰਹ ਵਿਚੋਂ ਨਿਕਲ ਜਾਵੇ ਤੇ ਚਿੱਤ ਇਕਾਗਰ ਹੋਵੇ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***

ਕਹਿੰਦੇ ਫੇਰ ਇਹ ਦੱਸੋ ਕਿ ਇਹ ਮਾਰਗ ਸ੍ਰੇਸ਼ਟ ਹੈ ਜਾਂ ਕਿ ਤੁਹਾਡਾ ਜਿਹੜਾ ਹਠ ਯੋਗ ਹੈ – ਨੇਤੀ, ਧੋਤੀ, ਬਸਤੀ, ਕਪਾਲੀ ਇਹ ਸਾਧਨ ਕਰਦੇ ਹੋ; ਫੇਰ ਇਕੱਲੀਆਂ ਜਗ੍ਹਾਂ ਭਾਲਣੀਆਂ ਪੈਂਦੀਆਂ ਹਨ। ਕਲਜੁਗ ਦਾ ਸਮਾਂ ਹੈ, ਤੁਹਾਨੂੰ ਇਕਾਂਤ ਕਿਹੜਾ ਦਏਗਾ ਤੁਸੀਂ ਤਾਂ ਪਹਾੜਾਂ ਤੇ ਆ ਕੇ ਬਹਿ ਗਏ। ਇਹ ਕੁਝ ਹੋ ਨਹੀਂ ਸਕਦਾ ਨਾਥ ਜੀ! ਅਸੀਂ ਨਾਮ ਲੈ ਕੇ ਆਏ ਹਾਂ, ਨਿਰੰਕਾਰ ਦੇ ਨਾਮ ਨੇ ਉਧਾਰ ਕਰਨਾ ਹੈ ਸੰਸਾਰ ਦਾ। ਸੋ ਹਾਰ ਮੰਨ ਲਈ ਸਿੱਧਾਂ ਨੇ; ਗੁਰੂ ਨਾਨਕ ਸਾਹਿਬ ਦੇ ਚਰਨਾਂ ਤੇ ਸਭ ਨੇ ਸੀਸ ਨਿਵਾਂ ਦਿਤਾ। ਉਸ ਘਟਨਾ ਨੂੰ ਭਾਈ ਗੁਰਦਾਸ ਜੀ ਏਸ ਤਰ੍ਹਾਂ ਲਿਖਦੇ ਹਨ –

***ਧਾਰਨਾ – ਬਾਬੇ ਜਿਤ ਲਈ ਸਿੱਧਾਂ ਵਾਲੀ ਮੰਡਲੀ,***
***ਸ਼ਬਦਾਂ ਦੇ ਬਾਣ ਮਾਰ ਕੇ – 2, 2.***
***ਮੇਰੇ ਪਿਆਰੇ, ਸ਼ਬਦਾਂ ਦੇ ਬਾਣ ਮਾਰ ਕੇ –2, 2.***
***ਵਾਹਵਾ ਵਾਹਵਾ, ਸ਼ਬਦਾਂ ਦੇ ਬਾਣ ਮਾਰ ਕੇ –2, 2.***
***ਬਾਬੇ ਜਿਤ ਲਈ ਸਿਧਾਂ ਵਾਲੀ ਮੰਡਲੀ –...... –2.***

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।***
***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।***
***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।***
***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।***
***ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।***
***ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ॥***
***ਕਲਿਜੁਗਿ ਨਾਨਕ ਨਾਮੁ ਸੁਖਾਲਾ॥***

***ਭਾਈ ਗੁਰਦਾਸ ਜੀ ਵਾਰ 1/31***

ਸੋ ਕਹਿਣ ਲੱਗੇ ਐਡੇ ਵੱਡੇ–ਵੱਡੇ ਸਿੱਧਾਂ ਦੇ ਕੋਲ, ਗੁਰੂ ਨਾਨਕ ਪਾਤਿਸ਼ਾਹ ਨੇ ਜਾ ਕੇ ਨਾਮ ਦਾ ਡੰਕਾ ਵਜਾਇਆ ਤੇ ਸਭ ਨੂੰ ਜਿਤਿਆ। ਮੱਕੇ ਵਿਚ ਗਏ ਤੇ ਮੱਕੇ ਦੇ ਜਿੰਨੇ ਸੇਵਾ ਕਰਨ ਵਾਲੇ ਸਨ ਵੱਡੇ–ਵੱਡੇ ਇਮਾਮ ਸਾਰਿਆਂ ਨੇ ਗੁਰੂ ਨਾਨਕ ਪਾਤਿਸ਼ਾਹ ਤੋਂ ਉਪਦੇਸ਼ ਸੁਣਿਆ। ਉਨ੍ਹਾਂ ਨੇ ਦਸਿਆ ਕਿ ਕੇਵਲ ਮੱਕੇ ਦੇ ਅੰਦਰ ਹੀ ਖੁਦਾ ਨਹੀਂ ਹੈ, ਖੁਦਾ ਦਾ ਤਾਂ ਸਾਰਾ ਹੀ ਸੰਸਾਰ ਜਿੰਨੀ ਦੁਨੀਆਂ ਹੈ, ਸਾਰੀ ਪ੍ਰਮੇਸ਼ਰ ਦੀ ਹੈ, ਸਾਰੀ ਵਿਚ ਹੀ ਪਰੀਪੂਰਨ ਹੈ ਉਹ। ਸੋ ਏਸ ਤਰ੍ਹਾਂ ਦੇ ਨਾਲ ਬਹੁਤ ਵਿਆਖਿਆ ਦੇ ਨਾਲ ਆਪ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਬਚਨ ਲਹਿਣਾ ਜੀ ਨੂੰ ਸੁਣਾਏ। ਪਹਿਲਾਂ ਬਾਣੀ ਸੁਣਾਈ, ਫੇਰ ਉਨ੍ਹਾਂ ਦੇ ਕੌਤਕ ਸੁਣਾਏ। ਫੇਰ ਪੁਛਦੇ ਹਨ ਕਿ ਸਰਬ ਵਿਆਪੀ ਹੈ ਇਕ ਦੇਸੀ ਨਹੀਂ ਹੈ। ਉਹ ਹੁਣ ਕੀ ਕਰਾਉਂਦੇ ਹਨ।

ਭਾਈ ਜੋਧ ਜੀ ਨੇ ਕਿਹਾ, ਕਹਿਣ ਲੱਗੇ, "ਭਾਈ ਲਹਿਣਾ ਜੀ! ਗੁਰੂ ਨਾਨਕ ਪਾਤਿਸ਼ਾਹ ਦੇ ਸਾਰੇ ਹੀ ਕੌਤਕ ਨਿਰਾਲੇ ਨੇ ਤੇ ਉਨ੍ਹਾਂ ਨੇ ਚਾਰ ਉਦਾਸੀਆਂ ਕਰਕੇ ਸਾਰੀ ਸ੍ਰਿਸ਼ਟੀ ਜਿਥੋਂ ਤੱਕ ਸੀ, ਉਥੋਂ ਤੱਕ ਉਪਦੇਸ਼ ਕਰਨ ਤੋਂ ਬਾਅਦ ਕਰਤਾਰਪੁਰ ਪੱਕਾ ਨਿਵਾਸ ਕਰ ਲਿਆ ਹੈ।

ਹੁਣ ਸੰਗਤਾਂ ਬੇਅੰਤ ਹੋ ਗਈਆਂ ਹਨ। ਹੁਣ ਸੰਗਤਾਂ ਕਿਥੇ ਟੋਲ੍ਹਦੀਆਂ ਫਿਰਨ ਕਿ ਹੁਣ ਲੰਕਾ ਵਿਚ ਹਨ, ਗੁਰੂ ਸਾਹਿਬ ਜਾਂ ਅਰਬ ਵਿਚ ਹਨ ਜਾਂ ਬਰ੍ਹਮਾਂ ਵਿਚ ਹਨ ਜਾਂ ਚੀਨ ਵਿਚ ਗਏ ਹੋਏ ਹਨ। ਕੋਈ ਸੁਖਾਲਾ ਸੀ ਉਨ੍ਹਾਂ ਦਿਨਾਂ ਵਿਚ ਟੋਲ੍ਹਣਾ? ਕਹਿੰਦੇ ਫੇਰ ਉਨ੍ਹਾਂ ਨੇ ਆ ਕੇ ਇਕ ਪਿੰਡ ਵਸਾਇਆ ਜਿਸ ਦਾ ਨਾਮ ਕਰਤਾਰਪੁਰ ਹੈ ਨੇੜੇ ਹੀ ਹੈ ਇਥੋਂ ਦੂਰ ਨਹੀਂ ਹੈ। ਜਦੋਂ ਮੱਕੇ ਗਏ ਉਸ ਵੇਲੇ ਭੇਸ ਮੁਸਲਮਾਨਾਂ ਵਾਲਾ ਬਣਾਇਆ ਹੋਇਆ ਸੀ, ਹਰੇ ਕੱਪੜੇ ਪਹਿਨ ਲਏ ਸਨ। ਜਦੋਂ ਜੋਗੀਆਂ ਨੂੰ ਮਿਲਣ ਗਏ ਉਦੋਂ ਲੱਕ ਦੇ ਦੁਆਲੇ ਛਾਤੀ ਤੱਕ ਰੱਸੇ ਲਪੇਟ ਲਏ ਸਨ। ਜਦੋਂ ਹਿੰਦੂਆਂ ਦੇ ਮੰਦਰਾਂ ਵਿਚ ਗਏ ਫੇਰ ਉਨ੍ਹਾਂ ਦਾ ਭੇਸ ਧਾਰਿਆ। ਪੂਰਾ ਭੇਖ ਨਹੀਂ ਸੀ ਬਣਾਉਂਦੇ। ਇਕ ਪੈਰ ਵਿਚ ਖੜਾਂਵ ਹੈ ਦੂਜੇ ਵਿਚ ਜੁੱਤੀ ਹੈ। ਤੱਸਬੀ ਹੱਥ ਵਿਚ ਫੜੀ ਹੋਈ ਹੈ ਪਰ ਉਪਰਲੇ ਪਾਸੇ ਹਿੰਦੂਆਂ ਵਾਲਾ ਭੇਖ ਹੈ। ਸੋ ਹੁਣ ਸਾਰਾ ਲਾਹ ਦਿਤਾ –

***ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ॥***

***ਭਾਈ ਗੁਰਦਾਸ ਜੀ ਵਾਰ 1/38***

ਉਦਾਸੀਆਂ ਵਾਲਾ ਜਿਹੜਾ ਭੇਖ ਸੀ, ਜਦੋਂ ਉਦਾਸੀਆਂ ਕਰਨ ਜਾਂਦੇ ਸਨ ਉਹ ਸਾਰਾ ਹੀ ਉਤਾਰ ਦਿਤਾ –

***ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥***

***ਭਾਈ ਗੁਰਦਾਸ ਜੀ ਵਾਰ 1/38***

ਜਦੋਂ ਮਹਾਰਾਜ ਜੀ ਨੇ ਆ ਕੇ ਫੇਰ ਸੰਸਾਰੀ ਕੱਪੜੇ ਪਹਿਨੇ ਤਾਂ ਐਨੇ ਸੋਹਣੇ ਲੱਗਣ ਕਿ ਓਹੀ ਰੂਪ ਸਾਡੇ ਮਨ ਵਿਚ ਵਸ ਗਿਆ ਤੇ ਹੁਣ ਉਥੇ ਬੈਠ ਕੇ ਉਪਦੇਸ਼ ਕਰਦੇ ਹਨ। ਸੋ ਐਨੇ ਬਚਨ ਜਦੋਂ ਸੁਣੇ ਤਾਂ ਭਾਈ ਲਹਿਣਾ ਜੀ ਦੇ ਮਨ ਵਿਚ 100% ਖਿੱਚ ਪੈ ਗਈ। ਜਿਉਂ–ਜਿਉਂ ਬਚਨ ਸੁਣਦੇ ਚਲੇ ਗਏ, ਤਿਵੇਂ ਤਿਵੇਂ ਦੇਵੀ ਅੰਦਰੋਂ ਨਿਕਲਦੀ ਚਲੀ ਗਈ ਤੇ ਗੁਰੂ ਵਸਦਾ ਚਲਿਆ ਗਿਆ, ਇਹ ਕੋਈ ਛੋਟੀ ਜਿਹੀ ਬਾਤ ਨਹੀਂ ਹੈ।

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ, ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਧਾਂਤ ਬਹੁਤ ਹੀ ਸੁਖੈਨ ਹੈ, ਬਹੁਤ ਸਿੱਧਾ ਹੈ। ਇਸ ਦੇ ਵਿਚ ਨਾ ਪੜ੍ਹੇ–ਲਿਖੇ ਹੋਣ ਦੀ ਲੋੜ ਹੈ, ਨਾ ਕਿਸੇ ਫਿਲਾਸਫੀ ਦੀ, ਨਾ ਸੰਸਕ੍ਰਿਤ ਜਾਨਣ ਦੀ ਤੇ ਨਾ ਕੋਈ ਹੋਰ। ਭਾਵੇਂ ਕੋਈ ਪੜ੍ਹਿਆ ਹੋਵੇ ਜਾਂ ਅਨਪੜ੍ਹ ਹੋਵੇ। ਬਿਲਕੁਲ ਸਿੱਧਾ ਸਿਧਾਂਤ ਹੈ ਕਿ ਕਿਰਤ ਕਰਨੀ ਧਰਮ ਦੀ, ਦੱਸਾਂ ਨਹੁੰਆਂ ਦੀ ਕਿਰਤ ਕਰਨੀ, ਫੇਰ ਉਸ ਤੋਂ ਬਾਅਦ ਨਾਮ ਜਪਣਾ। ਫੇਰ ਨਾਮ ਨੇ ਸਾਂਝ ਪਾ ਦੇਣੀ ਹੈ ਸਾਰੀ ਦੁਨੀਆਂ ਨਾਲ ਤੇ ਫੇਰ ਵੰਡ ਕੇ ਛਕਣਾ। ਕਿਰਤ ਤਾਂ ਕਰਦੇ ਹੀ ਹੋ ਤੁਸੀਂ ਵੀ ਪਰ ਨਾਮ ਨਾ ਜਪਣ ਕਰਕੇ ਦੁਨੀਆਂ ਨਾਲ ਨਹੀਂ ਸਾਂਝ ਪੈ ਰਹੀ। ਆਪਣੇ ਵਾਸਤੇ ਤੁਸੀਂ ਕਿਰਤ ਕਰ ਰਹੇ ਹੋ। ਜਿੰਨਾ ਕਮਾਉਂਦੇ ਹੋ ਆਪਣੇ ਘਰ ਵਾਸਤੇ ਕਮਾਉਂਦੇ ਹੋ, ਹੋਰ ਵਪਾਰ ਵਧਾ ਲੈਂਦੇ ਹੋ ਪਰ ਗੁਰੂ ਦਾ ਸਿੱਖ ਆਪਣੇ ਵਾਸਤੇ ਨਹੀਂ ਕਰਦਾ। ਉਹ ਪਹਿਲਾਂ ਕਿਰਤ ਕਰਦਾ ਹੈ ਤੇ ਗੁਰੂ ਨਾਨਕ ਸਾਹਿਬ ਨੇ ਤਾਂ ਇਹ ਬਚਨ ਵੀ ਕਹਿ ਦਿਤਾ।

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ – 1245***

ਕਿਰਤ ਵਾਲਾ ਜਿਹੜਾ ਬੰਦਾ ਹੈ ਉਸ ਨੂੰ ਰੱਬ ਦੇ ਰਾਹ ਦਾ ਗਿਆਨ ਹੋ ਜਾਵੇਗਾ।"

ਕਿਰਤ ਇਕ ਤਾਂ ਨਹੀਂ ਹੁੰਦੀ, ਇਹ ਤਾਂ ਅਨੇਕ ਕਿਸਮ ਦੀ ਹੈ। ਕਿਸਾਨ ਕਿਰਤ ਕਰਦਾ ਹੈ ਖੇਤੀਬਾੜੀ ਅਨਾਜ ਪੈਦਾ ਕਰਦਾ ਹੈ, ਜਿਹੜਾ ਅਧਿਆਪਕ ਹੈ ਉਹ ਬੱਚਿਆਂ ਨੂੰ ਪੜ੍ਹਾ ਕੇ ਕਿਰਤ ਕਰਦਾ ਹੈ, ਜਿਹੜਾ ਡਾਕਟਰ ਹੈ ਉਹ ਦਵਾਈਆਂ ਦੇ ਕੇ ਮਰੀਜ਼ਾਂ ਦੀ ਸੇਵਾ ਕਰਕੇ ਕਿਰਤ ਕਰਦਾ ਹੈ। ਜਿਹੜੇ ਗੁਰੂ ਦੇ ਸਿੱਖਾਂ ਨੂੰ ਗੁਰੂ ਨੇ ਦਾਤ ਦਿਤੀ ਹੋਈ ਹੈ ਕੀਰਤਨ ਦੀ, ਪ੍ਰਚਾਰ ਦੀ ਉਹ ਪ੍ਰਚਾਰ ਕਰਕੇ ਕਿਰਤ ਕਰਦੇ ਹਨ, ਜਿਸ ਨੂੰ ਸਾਜ ਵਜਾਉਣ ਦੀ ਸੇਵਾ ਦਿਤੀ ਹੋਈ ਉਹ ਸਾਜ ਵਜਾ ਕੇ ਕਿਰਤ ਕਰਦੇ ਹਨ। ਇਹ ਸਾਰੀ ਧਰਮ ਦੀ ਕਿਰਤ ਹੈ, ਦਸਾਂ-ਨਹੁੰਆਂ ਦੀ ਕਿਰਤ ਪਰ ਗੁਰੂ ਦਾ ਸਿੱਖ ਆਪਣੇ ਕੋਲ ਕੁਝ ਨਹੀਂ ਰੱਖਦਾ, ਸਭ ਕੁਝ ਸਾਂਝਾ ਰੱਖਦਾ ਹੈ ਤੇ ਫੇਰ ਉਹ ਨਾਮ ਜਪਦਾ ਹੈ, ਅੰਮ੍ਰਿਤ ਵੇਲੇ ਨੂੰ ਸੰਭਾਲਦਾ ਹੈ। ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੁੰਦਾ ਹੈ ਉਦੋਂ ਉਹ ਜਾਗਦਾ ਹੈ। ਸੋ ਉਹ ਉਸ ਵੇਲੇ ਸਮੇਂ ਨੂੰ ਸੰਭਾਲ ਕੇ ਫੇਰ ਇਕ ਚਿੱਤ ਹੋ ਕੇ ਪ੍ਰਮੇਸ਼ਰ ਦਾ ਭਜਨ ਕਰਦਾ ਹੈ। ਜਦੋਂ ਭਜਨ ਕਰਦਾ ਹੈ ਫੇਰ ਉਸ ਦੇ ਅੰਦਰ ਪਿਆਰ ਆਉਂਦਾ ਹੈ, ਪਿਆਰ ਜਿਹੜਾ ਹੈ ਉਹ ਸਾਂਝ ਪਾਉਂਦਾ ਹੈ। ਜਦੋਂ ਸਾਂਝ ਪੈਂਦੀ ਹੈ ਫੇਰ ਦੁਖੀ ਨੂੰ ਦੇਖ ਨਹੀਂ ਸਕਦਾ ਫੇਰ ਉਸ ਦੇ ਜੀਅ ਵਿਚ ਆਉਂਦਾ ਹੈ ਕਿ ਮੈਂ ਇਸ ਨੂੰ ਕੀ ਦੇਵਾਂ? ਕੀ ਮਦਦ ਕਰਾਂ? ਫੇਰ ਜਿਹੜੀ ਉਹ ਮਦਦ ਕਰਦਾ ਹੈ ਉਸ ਦੇ ਨਾਲ ਮੋਹ, ਲਗਾਓ ਨਹੀਂ ਰਖਦਾ। ਉਹ ਸ਼ੁਕਰ ਕਰਦਾ ਹੈ ਕਿ ਹੇ ਵਾਹਿਗੁਰੂ! ਤੇਰਾ ਸ਼ੁਕਰ ਹੈ ਕਿ ਮੇਰੇ ਰਾਹੀਂ ਤੂੰ ਏਸ ਪ੍ਰੇਮੀ ਦੀ ਮਦਦ ਕਰਾ ਦਿਤੀ, ਮੈਂ ਨਹੀਂ ਕਰੀ, ਤੂੰ ਹੀ ਕਰਾਈ ਹੈ। ਤੇਰਾ ਦਿਤਾ ਹੋਇਆ ਹੀ ਮੈਂ ਅੱਗੇ ਦੇ ਰਿਹਾ ਹਾਂ, ਆਪਣੇ ਕੋਲੋਂ ਤਾਂ ਮੈਂ ਕੁਝ ਨਹੀਂ ਦੇ ਰਿਹਾ। ਕਹਿੰਦੇ ਫੇਰ ਨਿਰਵਾਣ ਰਹਿੰਦਾ ਹੈ ਤੇ ਫੇਰ ਵੰਡ ਕੇ ਛਕਦਾ ਹੈ। ਫੇਰ ਦੂਸਰਾ ਪਾਸਾ ਕਹਿੰਦੇ –

***ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਪੰਨਾ – 942***

ਨਾਮ ਜਪਦਾ ਹੈ, ਬਾਣੀ ਪੜ੍ਹਦਾ ਹੈ। ਰਸਨਾ ਨਾਲ ਨਾਮ ਜਪਦਾ ਹੈ, ਸੁਆਸ ਨਾਲ ਨਾਮ ਜਪਦਾ ਹੈ, ਕੰਠ ਵਿਚ ਨਾਮ ਜਪਦਾ ਹੈ, ਹਿਰਦੇ ਵਿਚ ਨਾਮ ਜਪਦਾ ਹੈ, ਨਾਭੀ ਵਿਚ ਨਾਮ ਜਪਦਾ ਹੈ, ਆਗਿਆ ਚੱਕਰ ਵਿਚ ਨਾਮ ਜਪਦਾ ਹੈ, ਤ੍ਰਿਕੁਟੀ ਵਿਚ ਨਾਮ ਜਪਦਾ ਹੈ, ਦਸਵੇਂ ਦੁਆਰ ਵਿਚ ਨਾਮ ਜਪ ਕੇ ਪ੍ਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਤਾਂ ਹੈ ਪਹਿਲਾ ਕੰਮ, ਦੂਸਰਾ ਹੈ – ਨਾਮ ਜਪਣ ਕਰਕੇ ਵਿਘਨ ਘਰੋਂ ਹਟਣੇ ਸ਼ੁਰੂ ਹੋ ਜਾਂਦੇ ਹਨ ਤੇ ਘਰ ਦੇ ਅੰਦਰ ਰੰਗ ਲੱਗ ਜਾਂਦਾ ਹੈ। ਪਿਆਰ ਪੈਦਾ ਹੋ ਜਾਂਦਾ ਹੈ। ਜਿਨ੍ਹਾਂ ਨੇ ਵੀ ਕਰਿਆ ਹੈ ਏਥੇ ਸੰਗਤ ਵਿਚ ਕਰਦੇ ਰਹੇ ਹਨ। ਦਸ ਸਾਲ ਤੋਂ ਮੈਂ ਇਹੋ ਹੀ ਦਸਿਆ ਜਾ ਰਿਹਾ ਹਾਂ। ਸੰਗਤ ਨਾਲ ਸਬੰਧ ਰੱਖਣ ਵਾਲੇ ਸੈਂਕੜੇ ਪ੍ਰੇਮੀ ਅੰਮ੍ਰਿਤ ਵੇਲਾ ਸੰਭਾਲਦੇ ਹਨ। ਅਭਿਆਸ ਕਰਦੇ ਹਨ। ਮੂਲਮੰਤ੍ਰ ਦੇ ਲੱਖਾਂ ਪਾਠ ਕਰਦੇ ਹਨ। ਨਾਮ ਜਪਦੇ ਹਨ, ਸੁੱਚੀ ਕਿਰਤ ਕਰਕੇ ਪ੍ਰਭੂ ਨਮਿਤ ਮਾਇਆ ਭੀ ਕਢਦੇ ਹਨ, ਦੇਵਤਿਆਂ ਵਰਗਾ ਜੀਵਨ ਪ੍ਰਾਪਤ ਹੋ ਗਿਆ ਹੈ, ਗੁਰਮੁਖ ਦੇ ਤਿੰਨ ਮੁਖ ਕੰਮ ਹਨ – ਨਾਮ-ਦਾਨ-ਇਸ਼ਨਾਨ।

***ਧਾਰਨਾ – ਗੁਰਮੁਖ ਨਾਮ ਦਾਨ ਇਸ਼ਨਾਨ -2, 2.***
***ਗੁਰਮੁਖ ਨਾਮ ਦਾਨ ਇਸ਼ਨਾਨ -2, 4.***

ਭਾਈ ਜੋਧ ਕਹਿਣ ਲੱਗੇ ਕਿ ਭਾਈ ਲਹਿਣਾ ਜੀ! ਗੁਰੂ ਮਹਾਰਾਜ ਜੀ ਨੇ ਬਹੁਤ ਝੰਜਟਾਂ ਵਿਚ ਨਹੀਂ ਪਾਇਆ। ਜੀਵਨ ਤਾਂ ਏਸ ਤਰ੍ਹਾਂ ਬਣਾ ਦਿਤਾ ਕਿ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ। ਇਹ ਤਾਂ ਇਕ ਪੱਖ ਸਮਝੋ। ਦੂਸਰਾ ਪੱਖ ਇਹ ਹੈ ਕਿ "ਗੁਰਮੁਖ ਨਾਮ ਦਾਨ ਇਸ਼ਨਾਨ॥"

ਨਾਮ ਜਪਣਾ ਤੇ ਦਾਨ ਕਰਨਾ। ਦਾਨ ਦੀ ਮੈਂ ਬੇਨਤੀ ਕਰਦਾ ਸੀ ਕਿ ਇਕ ਤਾਂ ਕਾਮਨਾ ਸਹਿਤ ਦਾਨ ਹੁੰਦਾ ਹੈ ਉਸ ਦਾ ਫਲ ਮਿਲਦਾ ਹੈ – ਜਿਹੋ-ਜਿਹਾ ਖੇਤ ਓਹੋ-ਜਿਹਾ ਫਲ। ਜੇ ਤਾਂ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਰਾਹੀਂ ਪੈਸਾ ਖਰਚ ਹੁੰਦਾ ਹੈ, ਉਥੇ ਤਾਂ ਦਾਨ ਲੱਖਾਂ ਗੁਣਾਂ ਵੱਧ ਜਾਂਦਾ ਹੈ ਤੇ ਜਿਥੇ ਕੱਲਰ ਵਾਲੀ ਧਰਤੀ ਹੈ ਉਥੇ ਦਾਨ ਦਿਤਾ ਹੋਇਆ ਆਪ ਨੂੰ ਵੀ ਫਸਾ ਦਿੰਦਾ ਹੈ। ਦਾਨ ਲੈ ਲਿਆ, ਸ਼ਰਾਬ ਪੀ ਲਈ, ਪਾਰਟੀਬਾਜ਼ੀ ਕਰ ਲਈ, ਲੜਾਈਆਂ-ਝਗੜੇ ਕਰ ਲਏ ਤੇ ਪ੍ਰਮੇਸ਼ਰ ਦੇ ਨਮਿਤ ਲਾਉਣਾ ਨਹੀਂ, ਫੇਰ ਦਾਨ ਫਲੇਗਾ ਕਿਵੇਂ? ਉਸ ਦਾ ਤਾਂ ਦਾਤਾ (ਦਾਨ ਦੇਣ ਵਾਲਾ) ਵੀ ਨਾਲ ਹੀ ਮਰਦਾ ਹੈ ਸੋ –

***ਖੇਤੁ ਪਛਾਣੈ ਬੀਜੈ ਦਾਨੁ॥ ਪੰਨਾ – 1411***

ਕਹਿੰਦੇ ਖੇਤ ਪਛਾਣ ਕੇ ਦਾਨ ਦਿਓ। 'ਤੁਰਤ ਦਾਨ ਮਹਾਂ ਕਲਿਆਣ' ਜਿਥੇ ਛੇਤੀ ਹੀ ਲੱਗ ਜਾਵੇ ਉਹ ਦਾਨ ਠੀਕ ਹੋਇਆ ਕਰਦਾ ਹੈ। ਸੋ ਦਾਨ ਬੜੀ ਜ਼ਰੂਰੀ ਚੀਜ਼ ਹੈ ਕਿਉਂਕਿ ਦਾਨ ਜਦੋਂ ਆਉਂਦਾ ਹੈ ਉਹ ਵਿਘਨ ਕੱਢਦਾ ਹੈ। ਸੰਤਾਂ ਨੂੰ ਕੋਈ ਲੋੜ ਨਹੀਂ ਹੁੰਦੀ ਦਾਨ ਦੀ, ਉਨ੍ਹਾਂ ਨੇ ਕੀ ਕਰਨਾ ਹੈ? ਉਹ ਤਾਂ ਸਾਰੀਆਂ ਚੀਜ਼ਾਂ ਦੇ ਮਾਲਕ ਹੁੰਦੇ ਹਨ, ਸਭ ਕੁਝ ਉਨ੍ਹਾਂ ਕੋਲ ਹੁੰਦਾ ਹੈ। ਲੋਕ ਤਾਂ ਮੰਗਦੇ ਨੇ ਆ-ਆ ਕੇ ਮਾਇਆ ਪਿੱਛੇ ਲੱਗੀ ਫਿਰਦੀ ਹੈ, ਉਨ੍ਹਾਂ ਦੇ ਤੇ ਉਹ ਠੇਡੇ ਮਾਰਦੇ ਹਨ ਕਿ ਮੈਨੂੰ ਨਹੀਂ ਚਾਹੀਦੀ ਪਰ ਪਰਉਪਕਾਰੀ ਸੰਤ ਕਹਿੰਦੇ ਕੋਈ ਨਹੀਂ ਇਨ੍ਹਾਂ ਦਾ ਵੀ ਭਲਾ ਕਰਨਾ ਹੈ। ਜਿਹੜਾ ਪੈਸਾ-ਦੋ ਪੈਸੇ ਦਿੰਦੇ ਨੇ ਉਸ ਨੂੰ ਇਕੱਠਾ ਕਰਕੇ ਲਾ ਦਿੰਦੇ ਹਨ ਕਿ ਇਕ ਤਾਂ ਇਨ੍ਹਾਂ ਨੂੰ ਪਤਾ ਨਾ ਲੱਗੇ। ਇਥੇ ਰਤਵਾੜਾ ਸਾਹਿਬ ਡਿਸਪੈਂਸਰੀ ਚੱਲ ਰਹੀ ਹੈ। ਇਥੇ ਦਸ ਜਾਂ ਗਿਆਰਾਂ ਹਜ਼ਾਰ ਦੀਆਂ ਦਵਾਈਆਂ ਮਹੀਨੇ ਵਿਚ ਮੁਫਤ ਦਿਤੀਆਂ ਜਾਂਦੀਆਂ ਹਨ। ਇਕ ਲੱਖ ਵੀਹ ਪੱਚੀ ਹਜ਼ਾਰ ਇਕ ਸਾਲ ਵਿਚ ਇਕੱਲੀ ਡਿਸਪੈਂਸਰੀ ਦਾ ਖਰਚਾ ਹੈ। ਇਹ ਆਉਂਦਾ ਕਿਥੋਂ ਹੈ ਕਿਸੇ ਦਾ ਇਕ, ਕਿਸੇ ਦੇ ਦੋ, ਕਿਸੇ ਨੇ ਬੰਨ੍ਹਵੇ ਰੂਪ ਵਿਚ ਦਾਨ ਦੇ ਪੈਸੇ ਰੱਖੇ ਹੋਏ ਹਨ। ਪੈਸਾ ਆਉਂਦਾ ਹੈ, ਲੱਗੀ ਜਾਂਦਾ ਹੈ। ਕੋਈ ਇਕ ਬੰਦਾ ਨਹੀਂ ਕਹਿ ਸਕਦਾ ਕਿ ਉਹ ਡਿਸਪੈਂਸਰੀ ਚਲਾਉਂਦਾ ਹਾਂ। ਇਕ ਬੰਦੇ ਨੂੰ ਮਾਣ ਹੋ ਜਾਏਗਾ-

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ – 1428***

ਇਹ ਤਾਂ ਫੇਰ ਠੱਗੀ ਦਾ ਮਾਮਲਾ ਹੋ ਗਿਆ ਕਿ ਇਕ ਅਮੀਰ ਬੰਦਾ ਡਿਸਪੈਂਸਰੀ ਚਲਾਈ ਜਾਂਦਾ ਹੈ। ਕੌਣ ਕਹਿ ਦਏਗਾ ਕਿ ਉਸ ਨੂੰ ਮਾਣ ਨਹੀਂ ਹੋਏਗਾ? ਜਿਸ ਦਿਨ ਉਸ ਦਾ ਨਿਰਾਦਰ ਹੋ ਗਿਆ ਉਸੇ ਦਿਨ ਪੈਸੇ ਦੇਣੇ ਬੰਦ ਕਰ

ਦਏਗਾ ਕਿ ਮੈਂ ਨਹੀਂ ਦੇਣੇ। ਸੋ ਇਹ ਦਾਨ ਗੁਪਤ ਲੱਗੀ ਜਾਂਦਾ ਹੈ। ਲੰਗਰ ਚਲਦਾ ਹੈ ਕਿਸ ਦਾ ਆਇਆ ਹੈ, ਕਿਥੋਂ ਆਇਆ ਹੈ, ਵਾਹਿਗੁਰੂ ਜਾਣਦਾ ਹੈ। ਛਕਣ ਵਾਲੇ ਗੁਰੂ ਨਾਨਕ ਸਾਹਿਬ ਦਾ ਰੂਪ ਧਾਰ ਕੇ ਆਈ ਜਾਂਦੇ ਹਨ ਤੇ ਛਕਾਉਣ ਵਾਲੇ ਸੇਵਾ ਕਰਕੇ ਆਪਣਾ ਸੇਵਾ ਫਲ ਉਠਾਈ ਜਾਂਦੇ ਹਨ। ਸੋ ਇਸ ਦਾਨ ਦੇ ਨਾਲ ਵੱਡੇ-ਵੱਡੇ ਸਮਾਜ ਦੇ ਕੰਮ ਚਲਦੇ ਹਨ, ਭਾਈਚਾਰੇ ਦੇ ਕੰਮ ਚਲਦੇ ਹਨ, ਰੂਹਾਨੀਅਤ ਦੇ ਕੰਮ ਚਲਦੇ ਹਨ। ਕਹਿੰਦੇ ਗੁਰੂ ਮਹਾਰਾਜ ਜੀ ਨੇ ਐਂ ਨਹੀਂ ਕਿਹਾ ਕਿ ਪੈਸੇ ਨੂੰ ਠੇਡੇ ਮਾਰੀਂ ਜਾਓ, ਨਹੀਂ ਲੈ ਕੇ ਉਨ੍ਹਾਂ ਨੂੰ ਸ਼ੁਭ ਥਾਵਾਂ ਤੇ ਲਾ ਦਿਓ। ਆਪਣੇ ਗੁਰਸਿੱਖਾਂ ਦੀ ਸੇਵਾ ਲਾ ਦਿਤੀ ਇਹ। ਇਸ ਦੇ ਨਾਲ ਸੰਸਾਰ ਦਾ ਦਲਿੱਦਰ ਜਾਂਦਾ ਹੈ ਤੇ ਉਨ੍ਹਾਂ ਦੇ ਘਰਾਂ ਦੇ ਅੰਦਰੋਂ ਵਿਘਨਾਂ ਦਾ ਖਾਤਮਾ ਹੁੰਦਾ ਹੈ। ਵਿਘਨ ਦੂਰ ਹੁੰਦੇ ਹਨ ਤੇ ਸਮਾਜ ਦਾ ਕਲਿਆਣ ਹੁੰਦਾ ਹੈ।

ਤੀਸਰਾ ਹੈ ਇਸ਼ਨਾਨ। ਗੁਰੂ ਮਹਾਰਾਜ ਜੀ ਨੇ ਕੇਵਲ ਸਰੀਰ ਧੋਣ ਨੂੰ ਕੋਈ ਮਹਤੱਤਾ ਨਹੀਂ ਦਿਤੀ। ਆਪ ਦਾ ਫੁਰਮਾਨ ਹੈ -

***ਮਨ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥***

***ਪੰਨਾ - 558***

ਜਿੰਨਾਂ ਚਿਰ ਮਨ ਦੇ ਵਿਚ ਮੈਲ ਈਰਖਾ, ਨਿੰਦਿਆ, ਚੁਗਲੀ, ਕਰੋਧ ਦੂਜੇ ਨੂੰ ਘਿਰਣਾ ਕਰਨੀ, ਛੋਟਾ ਸਮਝਣਾ, ਵੈਰ ਕਰਨਾ ਹੈ, ਕਹਿੰਦੇ ਜਿਥੇ ਮਰਜ਼ੀ ਇਸ਼ਨਾਨ ਕਰ ਲੈ ਪਰ ਸਰੀਰ ਧੋਣ ਨਾਲ ਨਹੀਂ ਕੁਛ ਬਣਦਾ, ਤੇਰੀ ਹਾਲਤ ਕੌੜੀ ਤੂੰਬੀ ਵਾਲੀ ਹੀ ਰਹੇਗੀ। ਕਬੀਰ ਸਾਹਿਬ ਜੀ ਪਾਸ ਕੁਝ ਪ੍ਰੇਮੀ ਆਏ, ਉਨ੍ਹਾਂ ਨੇ ਕਬੀਰ ਜੀ ਨੂੰ ਬੇਨਤੀ ਕੀਤੀ ਕਿ ਆਪ ਭੀ ਅਸਾਡੇ ਨਾਲ ਚੱਲੋ, ਅਸੀਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਕੇ ਵਾਪਸ ਆਉਣਾ ਹੈ। ਉਨ੍ਹਾਂ ਨੇ ਕਿਹਾ ਕਿ ਤੀਰਥਾਂ ਦਾ ਇਸ਼ਨਾਨ ਕਰਕੇ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ। ਕਬੀਰ ਜੀ ਨੇ ਕਿਹਾ ਕਿ ਮੈਥੋਂ ਤਾਂ ਜਾ ਨਹੀਂ ਹੋਣਾ, ਇਹ ਅਸਾਡੀ ਤੂੰਬੀ ਲੈ ਜਾਵੋ ਤੇ ਸਾਰੇ ਤੀਰਥਾਂ ਤੇ ਨਹਾਉਣ ਸਮੇਂ ਅਸਾਡੀ ਤੂੰਬੀ ਦਾ ਖ਼ੂਬ ਇਸ਼ਨਾਨ ਕਰਾਉਂਦੇ ਰਹਿਣਾ। ਜਦੋਂ ਉਹ ਸਾਰੇ ਤੀਰਥਾਂ ਤੇ ਇਸ਼ਨਾਨ ਕਰਕੇ ਵਾਪਸ ਆ ਗਏ, ਕਬੀਰ ਜੀ ਦੀ ਤੂੰਬੀ ਉਨ੍ਹਾਂ ਨੂੰ ਦੇ ਦਿਤੀ। ਕਬੀਰ ਜੀ ਨੇ ਤੂੰਬੀ ਤੋੜ ਕੇ ਉਸਦਾ ਪ੍ਰਸ਼ਾਦ ਸਭਨਾਂ ਨੂੰ ਵੰਡ ਦਿਤਾ। ਜਿਹੜਾ ਮੂੰਹ ਵਿਚ ਪਾਉਂਦਾ ਹੈ ਥੂ-ਥੂ ਕਰਦਾ ਹੈ, ਕਹਿੰਦੇ ਕੌੜੀ ਹੈ। ਉਹ ਕਹਿੰਦੇ ਅਠਾਹਠ ਤੀਰਥਾਂ ਤੇ ਨਹਾ ਕੇ ਵੀ ਕੌੜੀ ਰਹਿ ਗਈ। ਸੋ ਇਸ ਦੇ ਨਾਲ ਜੇ ਮਨ ਵਿਚ ਫਰਕ ਨਹੀਂ ਪਿਆ ਤਾਂ ਨਹਾਉਣਾ ਕੀ ਕਰੂ ਤੁਹਾਡਾ? ਨਹਾ ਆਓ, ਤੁਹਾਡਾ ਜੀਅ ਕਰਦਾ ਹੈ, ਜੇ ਮਨ ਨਿਰਮਲ ਨਹੀਂ ਹੋਇਆ ਫੇਰ ਨਹਾਉਣ ਦਾ ਕੀ ਫਾਇਦਾ? ਮਹਾਰਾਜ ਜੀ ਕਹਿੰਦੇ ਸਰੀਰ ਦਾ ਇਸ਼ਨਾਨ ਹੋਰ ਹੈ, ਬਚਨਾਂ ਦਾ ਇਸ਼ਨਾਨ ਹੋਰ ਹੈ, ਬੁੱਧੀ ਦਾ ਇਸ਼ਨਾਨ ਹੋਰ ਹੈ, ਆਤਮਿਕ ਇਸ਼ਨਾਨ ਹੋਰ ਹੈ। ਸੋ ਪੰਜਾਂ ਤਰ੍ਹਾਂ ਦੀ ਜੁਗਤ ਆਉਂਦੀ ਹੋਵੇ। ਸਰੀਰ ਦਾ ਇਸ਼ਨਾਨ ਸਭ ਜਾਣਦੇ ਹਨ ਪਰ ਇਸ ਦੇ ਵੇਲੇ ਦਾ ਫਰਕ ਹੈ। ਜਿਹੜਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦਾ ਹੈ ਵਿਧੀ ਨਾਲ, ਵਿਧੀ ਹੁੰਦੀ ਹੈ, ਤਰੀਕਾ ਹੁੰਦਾ ਹੈ ਇਸ਼ਨਾਨ ਦਾ, ਉਹ ਸਵਾ ਮਣ ਸੋਨਾ ਰੋਜ਼ ਪੁੰਨ ਕਰਦਾ ਹੈ। ਐਨਾ ਹੋ ਜਾਏਗਾ ਸਾਥੋਂ? ਕੇਵਲ ਇਸ਼ਨਾਨ ਕਰਨ ਨਾਲ ਹੋ ਜਾਂਦਾ ਹੈ। ਦੋ ਘੜੀ ਬਾਅਦ ਕਰਦਾ ਹੈ ਉਸ ਨੂੰ ਸਵਾ ਮਣ ਚਾਂਦੀ ਦਾ ਫਲ ਮਿਲਦਾ ਹੈ, ਜਿਹੜਾ ਫੇਰ ਘੜੀ ਬਾਅਦ ਕਰਦਾ ਹੈ, ਉਸ ਨੂੰ ਸਵਾ ਮਣ ਤਾਂਬੇ ਦਾ ਫਲ ਮਿਲਦਾ ਹੈ। ਜਿਹੜਾ ਉਸ ਤੋਂ ਬਾਅਦ ਦਿਨ ਚੜ੍ਹੇ ਤੋਂ ਕਰਦਾ ਹੈ ਥੋੜ੍ਹਾ ਜਿਹਾ ਘੜੀ ਪਹਿਲਾਂ ਉਸ ਨੂੰ ਸਵਾ ਮਣ ਦੁਧ ਪੁੰਨ ਕਰਨ ਦਾ ਫਲ ਮਿਲਦਾ ਹੈ। ਜਿਹੜਾ ਦਿਨ ਚੜ੍ਹੇ ਨਹਾਉਂਦਾ ਹੈ ਪਹੁ ਫੁਟੀ ਤੇ ਉਹ ਨਾ ਪੁੰਨ ਕਰਦਾ ਹੈ, ਨਾ ਪਾਪ ਕਰਦਾ ਹੈ। ਉਹ ਆਪਣੇ ਸਰੀਰ ਦੀ ਸ਼ੁੱਧੀ ਕਰਦਾ ਹੈ। ਸੋ ਇਹ ਸਰੀਰ ਸਰੀਰ ਦਾ ਇਸ਼ਨਾਨ ਹੈ।

***ਜਾਮ ਜਾਮਨੀ ਨ੍ਹਾਵਨ ਕਰਿ ਹੀ।***
***ਕੰਚਨ ਭਾਰ ਦਾਨ ਫਰ ਫਰਿਹੀ।***
***ਚਤੁਰ ਘਟੀ ਨਿਸ ਤੇ ਜੋ ਨ੍ਹਾਵੈ।***
***ਤਿਤਨੋ ਦਾਨ ਰਜਤ ਫਲ ਪਾਵੈ।***
***ਘਟੀ ਰੈਨ ਤੇ ਕਰਹਿ ਸ਼ਨਾਨਾ।***
***ਫਲ ਹ੍ਵੈ ਖੀਰ ਸਵਾਮਨ***
***ਪ੍ਰਾਤਿਕਾਲ ਉਠ ਕਰਿ ਜੋ ਨ੍ਹਾਵੈ।***
***ਮਨ ਜਲ ਦਾਨ ਕਰੇ ਫਲ ਪਾਵੈ।***
***ਦਿਵਸ ਚਰੇ ਤੇ ਨਾਵਹਿ ਜੋਊ***
***ਤਾਂ ਕੋ ਹ੍ਵੈ ਨ ਪੁੰਨ ਫਲ ਕੋਊ***
***ਫਲ ਏਤੋ ਹੀ ਦੇਹਿ ਪਨੀਤਾ***
***ਨਿਸ ਤੇ ਨ੍ਹਾਵਨ ਆਦੀ ਗੀਤਾ।***

***ਸ੍ਰੀ ਨਾਨਕ ਪ੍ਰਕਾਸ਼, ਪੰਨਾ 496***

ਬਚਨ ਦਾ ਇਸ਼ਨਾਨ ਹੈ। ਕਦੇ ਭੁਲ ਕੇ ਵੀ ਮੁਖ ਤੋਂ ਕੋਈ ਕੌੜਾ ਬਚਨ, ਤਾਹਨਾ-ਮੇਹਣਾ, ਕੋਈ ਚੁਭਵੀਂ ਗੱਲ ਬਿਲਕੁਲ ਨਾ ਕਰੇ। ਇਸ ਦੇ ਨਾਲ ਜ਼ੁਬਾਨ ਜੂਠੀ ਹੋ ਜਾਂਦੀ ਹੈ, ਬੋਲ ਜੂਠਾ ਹੋ ਜਾਂਦਾ ਹੈ, ਮਹਾਰਾਜ ਜੀ ਕਹਿੰਦੇ -

***ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥***

***ਪੰਨਾ - 473***

ਤਨ ਵੀ ਫਿੱਕਾ ਤੇ ਮਨ ਵੀ ਫਿੱਕਾ -

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥***

***ਪੰਨਾ - 473***

ਤੇ ਫਿਕੇ ਨੂੰ ਮੂਰਖ ਕਹਿੰਦੇ ਨੇ। ਕਹਿੰਦੇ ਰਸਨਾ ਨੂੰ ਵਾਹਿਗੁਰੂ ਨਾਮ ਦਾ ਇਸ਼ਨਾਨ ਕਰਾਓ, ਵਾਹਿਗੁਰੂ-ਵਾਹਿਗੁਰੂ, ਮੂਲ ਮੰਤ੍ਰ, ਬਾਣੀ ਪੜ੍ਹੋ, ਸੁਖਮਨੀ ਸਾਹਿਬ ਪੜ੍ਹੋ, ਜਪੁਜੀ ਸਾਹਿਬ ਪੜ੍ਹੋ। ਇਸ ਦੇ ਨਾਲ ਤੁਹਾਡਾ ਬੋਲ, ਰਸਨਾ ਪਵਿੱਤਰ ਹੋ ਜਾਏਗੀ। ਫੇਰ ਇਹ ਮਿੱਠੇ ਬੋਲ ਬੋਲੇਗੀ। ਮਿੱਠਾ ਬੋਲ ਦਰਗਾਹ ਦੇ ਵਿਚ ਭਾਉਂਦਾ ਹੈ -

***ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥***

***ਪੰਨਾ - 1384***

ਦੇਖੀਂ ਕੌੜਾ ਬੋਲ ਬੋਲ ਕੇ ਕਿਸੇ ਦਾ ਦਿਲ ਨਾ ਤੋੜ ਦੇਈਂ। ਰੱਬ ਨੂੰ ਮਿਲਣ ਦੀ ਲੋਚਾ ਰੱਖਦਾ ਹੈ ਜੇ ਕਿਸੇ ਦਾ

ਦਿਲ ਟੁਟ ਗਿਆ ਫੇਰ ਰੱਬ ਨਹੀਂ ਮਿਲਣਾ।

ਸੋ ਤੀਸਰਾ ਇਸ਼ਨਾਨ ਕਹਿਣ ਲੱਗੇ ਮਨ ਦਾ ਹੈ। ਮਨ ਦੇ ਅੰਦਰ ਮੈਲ ਪਈ ਹੈ –

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਭਾਈ ਲਹਿਣਾ ਜੀ ਕਹਿਣ ਲੱਗੇ, "ਭਾਈ ਜੋਧ ਜੀ! ਮਨ ਦਾ ਵੀ ਇਸ਼ਨਾਨ ਹੁੰਦਾ ਹੈ?"

ਕਹਿੰਦੇ, "ਹਾਂ।"

ਕਹਿਣ ਲੱਗੇ, "ਗੁਰੂ ਸਾਹਿਬ ਨੇ ਦੱਸਿਆ ਹੈ?"

ਕਹਿੰਦੇ, "ਹਾਂ! ਤੁਸੀਂ ਜਪੁਜੀ ਸਾਹਿਬ ਸੁਣਿਆ ਸੀ ਨਾਂਹ!"

ਭਾਈ ਲਹਿਣਾ ਜੀ ਕਹਿੰਦੇ, "ਸੁਣਿਆ ਸੀ ਪਰ ਮੇਰੇ ਧਿਆਨ ਵਿਚ ਨਹੀਂ ਆਇਆ ਕਿਉਂਕਿ ਮੈਂ ਬਹੁਤਾ ਵਾਕਫ ਨਹੀਂ ਬਾਣੀ ਦਾ। ਇੱਕ ਵਾਰੀ ਸੁਣੀ ਹੋਈ ਸਾਰੀ ਚੀਜ਼ ਸਮਝ ਨਹੀਂ ਆਈ ਤੇ ਮੈਨੂੰ ਕਿਰਪਾ ਕਰਕੇ ਆਪ ਦੱਸ ਦਿਓ।"

ਕਹਿਣ ਲੱਗੇ ਕਿ ਗੁਰੂ ਨਾਨਕ ਪਾਤਿਸ਼ਾਹ ਏਸ ਤਰ੍ਹਾਂ ਦਸਦੇ ਨੇ –

***ਭਰੀਐ ਹਥੁ ਪੈਰੁ ਤਨੁ ਦੇਹ॥***
***ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥***
***ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** ***ਪੰਨਾ – 4***

ਕਹਿੰਦੇ ਪਿਆਰ ਦੇ ਨਾਲ ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ ਫੇਰ ਸਾਡਾ ਮਨ ਨਿਰਮਲ ਹੋ ਜਾਂਦਾ ਹੈ, ਮੈਲ ਲਹਿ ਜਾਂਦੀ ਹੈ। ਬੁੱਧੀ ਦਾ ਇਸ਼ਨਾਨ ਕਰਾਉਂਦੇ ਹਾਂ ਕਿ ਵਿਚਾਰ ਕਰੋ ਕਿ ਮੈਂ ਕੌਣ ਹਾਂ? ਮੈਂ ਸਰੀਰ ਹਾਂ ਜਾਂ ਸਰੀਰ ਵਿਚ ਰਹਿਣ ਵਾਲਾ ਹਾਂ? ਕਹਿੰਦੇ ਇਹ ਜਿਹੜੀ ਬ੍ਰਹਮ ਵਿਚਾਰ ਹੈ ਇਹ ਬੁੱਧੀ ਦਾ ਇਸ਼ਨਾਨ ਕਹਾਉਂਦੀ ਹੈ। ਆਤਮਾ ਨਿਰਮਲ ਹੈ ਪਰ ਜੀਵ ਆਤਮਾ ਦਾ ਇਸ਼ਨਾਨ ਕਰਾਉਣਾ ਪੈਂਦਾ ਹੈ ਭਗਤੀ ਭਾਵ ਨਾਲ, ਸੇਵਾ ਨਾਲ।

ਸੋ ਗੁਰੂ ਨਾਨਕ ਦੇਵ ਜੀ ਉਸ ਤਰ੍ਹਾਂ ਰਸਮੋ–ਰਸਮੀ ਨਹੀਂ ਕਰਦੇ ਕਿ ਮੂੰਹ ਦੇ ਵਿਚ ਰਾਮ ਤੇ ਬਗਲ ਵਿਚ ਛੁਰੀ। ਐਸੀ ਬਾਤ ਨਹੀਂ ਹੈ। ਦੇਖਣਾ ਚਾਹੁੰਦੇ ਨੇ ਸਹੀ ਅਰਥਾਂ ਵਿਚ – ਨਾਮ ਵੀ ਜਪੋ, ਦਾਨ ਵੀ ਕਰੋ, ਤੇ ਇਸ਼ਨਾਨ ਵੀ ਕਰੋ।

ਸੋ ਇਸ ਤਰ੍ਹਾਂ ਦੇ ਬਚਨ ਜਦੋਂ ਆਪ ਨੇ ਸ੍ਰਵਣ ਕਰੇ ਤਾਂ ਆਪ ਗੰਭੀਰ ਹੋ ਗਏ। ਉਸ ਤੋਂ ਬਾਅਦ ਕਹਿਣ ਲੱਗੇ ਕਿ ਜੇ ਤੁਹਾਡੇ ਕੋਲ ਸਮਾਂ ਹੋਵੇ ਤਾਂ ਮੈਂ ਤੁਹਾਨੂੰ ਮਿਲਦਾ ਰਹਾਂ? ਕਹਿੰਦੇ ਕਿ ਜ਼ਰੂਰ ਆਓ ਕਿਉਂਕਿ ਗੁਰੂ ਸਾਹਿਬ ਨੇ ਸੰਗਤ ਦਾ ਰੂਪ ਦੱਸਿਆ ਹੈ ਕਿ ਸਤਿਸੰਗ ਜਿਹੜਾ ਹੈ –

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***
***ਪੰਨਾ – 1377***

ਤੇ ਸੰਗਤ ਨੂੰ ਬਹੁਤ ਵੱਡੀ ਮਹੱਤਤਾ ਦਿੱਤੀ ਹੈ।

***ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥***
***ਭਾਈ ਗੁਰਦਾਸ ਜੀ ਵਾਰ 13/19***

ਜਦੋਂ ਦੋ ਗੁਰਸਿਖ ਇਕੱਠੇ ਹੋ ਜਾਂਦੇ ਹਨ ਤਾਂ ਸਾਧੂ–ਸੰਗਤ ਸ਼ੁਰੂ ਹੋ ਜਾਂਦੀ, ਸਤਿਸੰਗ ਸ਼ੁਰੂ ਹੋ ਜਾਂਦਾ ਹੈ, ਦੋ ਗੁਰਸਿੱਖ ਮਿਲ ਜਾਣ ਠੀਕ ਹੈ। ਲਹਿਣਾ ਜੀ! ਤੁਸੀਂ ਆਓ ਸੋ ਸਤਿਸੰਗ ਹੋ ਜਾਇਆ ਕਰੇਗਾ। ਸੋ ਆਪ ਬਾਰ–ਬਾਰ ਜਾਂਦੇ ਹਨ। ਬੇਅੰਤ ਬਚਨ ਸੁਣਦੇ ਹਨ ਕਿੰਨੇ ਕੁ ਬਚਨ ਦੱਸੀ ਜਾਈਏ? ਸਾਰੀ ਜ਼ਿੰਦਗੀ ਲੱਗੇ ਰਹੀਏ ਤਾਂ ਗੁਰੂ ਨਾਨਕ ਸਾਹਿਬ ਦੇ ਬਚਨ ਨਹੀਂ ਦਸ ਸਕਦੇ।

ਸੋ ਸੁਣਦੇ–ਸੁਣਦੇ ਆਪ ਦੇ ਮਨ ਵਿਚ ਐਨੀ ਖਿੱਚ ਪਈ ਕਿ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਛੇਤੀ ਕਰਾਂ। ਅਜੇ ਗੁਰੂ ਧਾਰਨ ਨਹੀਂ ਕੀਤਾ ਪਰ ਪਿਆਰ ਜਾਗ ਪਿਆ, ਅਣਡਿੱਠਾ ਪਿਆਰ ਲੱਗ ਗਿਆ। ਇਕ ਤਾਂ ਦੇਖੇ ਤੋਂ ਪਿਆਰ ਲਗਦਾ ਹੁੰਦਾ ਹੈ। ਇਕ ਬਿਨਾਂ ਦੇਖੇ ਤੋਂ ਹੀ ਪਿਆਰ ਲੱਗ ਜਾਂਦਾ ਹੈ, ਉਸ ਨੂੰ ਅਣਡਿੱਠਾ ਪਿਆਰ ਕਹਿੰਦੇ ਨੇ। ਅਜੇ ਦੇਖਿਆ ਨਹੀਂ ਕੇਵਲ ਸੁਣ ਕੇ ਹੀ ਲੱਗ ਗਿਆ। ਸੋ ਆਪ ਦੇ ਮਨ ਦੀ ਹਰ ਵਕਤ ਐਸੀ ਹਾਲਤ ਰਹਿੰਦੀ ਹੈ ਕਿ ਉਹ ਕਿਹੜਾ ਵੇਲਾ ਹੋਵੇ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਜਾ ਕੇ ਖੁਲ੍ਹੇ ਦਰਸ਼ਨ ਕਰਾਂ। ਉਸ ਵੇਲੇ ਦੇਵੀ ਦੇ ਦਰਸ਼ਨਾਂ ਨੂੰ ਜਾਣ ਵਾਲੇ ਸੰਗ ਵਿਚ ਵੀ ਆਪ ਨੇ ਬਚਨ ਕਰਨੇ ਸ਼ੁਰੂ ਕਰ ਦਿਤੇ। ਕਈਆਂ ਨੇ ਬੁਰਾ ਮਨਾਇਆ। ਕਹਿਣ ਲੱਗੇ ਕਿ ਭਾਈ ਲਹਿਣਾ ਜੀ! ਨਾਨਕ ਤਪੇ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਤੁਸੀਂ ਦੇਵੀ ਦੇ ਭਗਤ ਹੋ, ਉਹ ਦੇਵਤਿਆਂ ਨੂੰ ਮੰਨਦੇ ਨਹੀਂ, ਹੋਰ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਸਾਡਾ ਨਹੀਂ ਜੀਅ ਕਰਦਾ ਉਥੇ ਜਾਣ ਨੂੰ। ਪਰ ਭਾਈ ਲਹਿਣਾ ਜੀ ਦੇ ਮਨ ਦੇ ਅੰਦਰ ਹਰ ਵਕਤ ਇਹ ਖਿਆਲ ਰਹਿੰਦਾ ਹੈ –

***ਧਾਰਨਾ – ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦੈ –2, 2.***
***ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ .......॥***
***ਪੰਨਾ – 836***

ਜਿਹੜਾ ਦੇਖਿਆ ਨਹੀਂ ਕਹਿੰਦੇ ਮੇਰੇ ਮਨ ਤੇ ਤਨ ਦੇ ਵਿਚ ਉਸ ਦਾ ਪਿਆਰ ਜਾਗ ਪਿਆ।

***........... ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥***
***ਪੰਨਾ – 836***

ਜਿਉਂ ਜਿਉਂ ਸਮਾਂ ਲੰਘਦਾ ਜਾਂਦਾ ਹੈ ਤਿਉਂ–ਤਿਉਂ ਸ਼ਰਧਾ ਤੇ ਪਿਆਰ ਮਨ ਦੇ ਅੰਦਰ ਉਠ ਉਠ ਕੇ ਖੜ੍ਹਾ ਹੁੰਦਾ ਹੈ।

***ਗੁਰ ਦੇਖੇ ਸਰਧਾ ਮਨ ਪੂਰੀ***
***ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥***
***ਪੰਨਾ – 836***

ਪਪੀਹਾ ਹੈ ਬੱਦਲਾਂ ਨੂੰ ਦੇਖਦਾ ਹੈ – ਪ੍ਰਿਹੁ–ਪ੍ਰਿਹੁ ਰੱਟ ਲਾ ਦਿੰਦਾ ਹੈ। ਤਰਸ ਆਉਂਦਾ ਹੈ ਉਸ ਦੇ ਉਤੇ ਕਿ ਵਿਚਾਰਾ

ਇਕ ਪਾਣੀ ਦੀ ਬੂੰਦ ਨੂੰ ਤਰਸ ਰਿਹਾ ਹੈ। ਮੀਂਹ ਪਈ ਜਾਂਦਾ ਹੈ ਪਰ ਉਹ ਨਹੀਂ ਰੱਜਦਾ। ਜਦੋਂ ਤੱਕ 'ਸ੍ਵਾਂਤੀ ਬੂੰਦ' ਉਸ ਦੇ ਮੁੱਖ ਰਾਹੀਂ ਅੰਦਰ ਨਹੀਂ ਜਾਂਦੀ ਉਨਾਂ ਚਿਰ ਉਸ ਨੂੰ ਰੱਜ ਨਹੀਂ ਆਉਂਦਾ। ਇਕ ਵਾਰੀ ਚਲੀ ਜਾਵੇ ਫੇਰ ਸਾਲ ਭਰ ਕੱਟ ਲੈਂਦਾ ਹੈ। ਕਹਿੰਦੇ ਇਸ ਤਰ੍ਹਾਂ ਦੇ ਨਾਲ -

*ਗੁਰ ਦੇਖੇ ਸਰਧਾ ਮਨ ਪੂਰੀ*
*ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥*
*ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ॥ ਪੰਨਾ - 836*

ਕਥਾ ਸੁਣਾਉਂਦੇ ਨੇ ਗੁਰੂ ਨਾਨਕ ਪਾਤਸ਼ਾਹ ਦੀ ਮਿਲ-ਮਿਲ ਕੇ -

*ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ*
*ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਐ॥ਪੰਨਾ - 836*

ਜਿਹੜਾ ਮੈਨੂੰ ਗੁਰੂ ਮਿਲਾ ਦੇਵੇ ਮੈਂ ਸਿਰ ਕੱਟ-ਕੱਟ ਕੇ ਉਸ ਦੇ ਪੈਰਾਂ ਥੱਲੇ ਵਿਛਾ ਦੇਵਾਂ -

*ਰੋਮਿ ਰੋਮਿ ਮਨਿ ਤਨਿ ਇਕ ਬੇਦਨ*
*ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥*
*ਬੈਦਕ ਨਾਟਿਕ ਦੇਖਿ ਭੁਲਾਨੇ*
*ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥*
*ਪੰਨਾ - 836*

ਮੇਰੇ ਤਾਂ ਰੋਮ-ਰੋਮ ਦੇ ਵਿਚ ਵੇਦਨ ਹੈ। ਕੋਈ ਜਾਣਦਾ ਹੁੰਦਾ ਹੈ ਦੂਜੇ ਦੀ ਵੇਦਨ? ਨਾ, ਸਾਧ-ਸੰਗਤ ਜੀ! ਜਿਸ ਨੂੰ ਲੱਗੀ ਹੈ ਓਹੀ ਜਾਣਦਾ ਹੈ -

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦੈ -2, 2.*
*ਮੇਰੇ ਪਿਆਰੇ, ਕਿਸੇ ਦੀ ਲੱਗੀ ਕੌਣ ਜਾਣਦੈ -2, 2.*
*ਜਿਸ ਤਨ ਲੱਗੀਆਂ ਸੋਈ ਤਨ ਜਾਣੇ........... -2.*

*ਲਾਗੀ ਹੋਇ ਸੁ ਜਾਨੈ ਪੀਰ॥ ਪੰਨਾ - 327*

ਦੂਜੇ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਕਿੰਨੀ-ਕੁ ਲੱਗੀ ਹੋਈ ਹੈ। ਪੀੜ ਓਹੀ ਜਾਣਦਾ ਹੈ ਜਿਸ ਦੇ ਤਨ ਨੂੰ ਲੱਗੀ ਹੋਵੇ -

*ਰਾਮ ਭਗਤਿ ਅਨੀਆਲੇ ਤੀਰ॥ ਪੰਨਾ - 327*

ਅਣੀਆਂ ਵਾਲੇ ਤੀਰ ਨੇ, ਜਿਸ ਦੇ ਹਿਰਦੇ ਨੂੰ ਵਿੰਨ੍ਹ ਕੇ ਰੱਖ ਦਿੰਦੇ ਹਨ ਉਹ ਲੋਟ-ਪੋਟ ਹੋ ਜਾਂਦਾ ਹੈ। ਸੋ ਮਹਾਰਾਜ ਜੀ ਕਹਿੰਦੇ-

*ਰੋਮਿ ਰੋਮਿ ਮਨਿ ਤਨਿ ਇਕ ਬੇਦਨ*
*ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥*
*ਬੈਦਕ ਨਾਟਿਕ ਦੇਖਿ ਭੁਲਾਨੇ*
*ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥*
*ਪੰਨਾ - 836*

ਪੀੜ ਲੱਗ ਗਈ ਮੇਰੇ ਹਿਰਦੇ ਦੇ ਅੰਦਰ -

*ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ*
*ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥ ਪੰਨਾ - 836*

ਜਿਵੇਂ ਅਮਲੀ ਅਮਲ ਤੋਂ ਬਗੈਰ ਮਰਦਾ ਹੈ, ਕਹਿੰਦੇ, ਐਂ ਮੈਂ ਇਕ ਖਿਨ ਵੀ ਨਹੀਂ ਰਹਿ ਸਕਦਾ।

*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥*
*ਪੰਨਾ - 836*

ਜਿਨ੍ਹਾਂ ਦੇ ਹਿਰਦੇ ਵਿਚ ਪਿਆਸ ਲੱਗੀ ਹੋਈ ਹੈ ਉਹ ਤਾਂ ਨਾਮ ਜਪਦੇ ਹਨ। ਉਹ ਤਾਂ ਵਕਤ ਨਹੀਂ ਦੇਖਦੇ, ਹਰ ਵਕਤ ਲੱਗੇ ਰਹਿੰਦੇ ਹਨ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥*
*ਪੰਨਾ - 836*

ਹੋਰ ਨਹੀਂ ਕੋਈ ਚੀਜ਼ ਪਿਆਰੀ ਲਗਦੀ, ਕੇਵਲ ਪ੍ਰਭੂ ਦੀ ਬਾਤ ਹੀ ਅੱਛੀ ਲਗਦੀ ਹੈ -

*ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ .........॥*
*ਪੰਨਾ - 836*

ਕਹਿੰਦੇ ਕੋਈ ਆਓ ਤੇ ਆ ਕੇ ਮੈਨੂੰ ਮਿਲਾਓ ਪ੍ਰਮੇਸ਼ਰ ਦੇ ਨਾਲ -

*..........ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ॥*
*ਅਨੇਕ ਜਨਮ ਕੇ ਵਿਛੁੜੇ ਜਨ ਮੇਲੇ*
*ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ॥*
*ਪੰਨਾ - 836*

ਸੋ ਐਸੀ ਹਾਲਤ ਆਪ ਦੇ ਮਨ ਵਿਚ ਹੈ। ਸਾਰਿਆਂ ਨੇ ਦੇਖ ਲਈ ਕਿ ਭਾਈ ਲਹਿਣਾ ਜੀ ਨੂੰ ਦਿਨੋ-ਦਿਨ ਕੀ ਹੁੰਦਾ ਜਾਂਦਾ ਹੈ ਕਿਉਂਕਿ ਮੁਖੀ ਇਹੀ ਸਨ। ਜਗਰਾਤੇ ਘਟਾ ਦਿਤੇ। ਵਪਾਰ ਫੈਲਿਆ ਹੋਇਆ ਹੈ, ਕੰਮ ਐਨਾ ਜ਼ਿਆਦਾ ਹੈ ਕਿ ਇਕ ਸਕਿੰਟ ਦਾ ਵਿਹਲ ਨਹੀਂ ਮਿਲਦਾ। ਅਖੀਰ ਦੇਵੀ ਦੇ ਚਾਲੇ ਦਾ ਸਮਾਂ ਆ ਗਿਆ। ਪ੍ਰਬੰਧ ਕਰਨਾ ਸੀ, ਕਮੇਟੀ ਜਿਹੜੀ ਬਣੀ ਹੋਈ ਹੈ, ਮੁਖੀ ਇਹੋ ਹਨ, ਕਹਿੰਦੇ ਭਾਈ ਲਹਿਣਾ ਜੀ! ਹੁਣ ਪ੍ਰਬੰਧ ਕਰੋ। ਚੀਜ਼ਾਂ ਸਾਰੀਆਂ ਨਾਲ ਚਾਹੀਦੀਆਂ ਹਨ ਕਿਉਂਕਿ ਜਦੋਂ ਕੈਂਪ ਤੁਰਿਆ ਕਰਦੇ ਸਨ ਤਾਂ ਵਾਧੂ ਛੋਲਦਰੀਆਂ ਲੈ ਕੇ ਜਾਂਦੇ ਸਨ। ਕੁਝ ਗੱਡੇ ਜਾ ਕੇ ਅੱਗੇ ਕੈਂਪ ਲਾ ਦਿੰਦੇ ਤੇ ਕੁਝ ਗੱਡੇ ਪਿਛਲੇ ਕੈਂਪਾਂ ਨੂੰ ਚੁਕ ਕੇ ਅਗਲੇ ਪੜਾਅ ਤੇ ਲਾ ਦਿੰਦੇ। ਦਸ ਮੀਲ ਤੇ ਜਾ ਕੇ ਰਿਹਾ ਕਰਦੇ ਸਨ ਜਾਂ ਪੰਦਰਾਂ ਤੇ, ਹੌਲੀ-ਹੌਲੀ ਜਾਂਦਾ ਹੁੰਦਾ ਸੰਗ ਤੁਰ ਕੇ, ਰਸਤੇ ਵਿਚ ਭੇਟਾ ਗਾਉਂਦੇ ਹੋਏ ਜਾਂਦੇ ਸਨ।

ਸੋ ਅੱਜ ਆਪ ਦਾ ਕੁਝ ਮਨ ਨਹੀਂ ਕਰ ਰਿਹਾ ਜਾਣ ਨੂੰ ਪਰ ਬੱਧੇ ਰੁਧੀ ਜਾ ਰਹੇ ਹਨ ਕਿਉਂਕਿ ਸੰਗ ਦੇ ਮੁਖੀਏ ਸੀ। ਮੁਖੀਏ ਹੋਣ ਦੇ ਨਾਤੇ ਆਪ ਚਲੇ ਜਾ ਰਹੇ ਹਨ ਤੇ ਨਾਲਦਿਆਂ

ਨੂੰ ਕਹਿੰਦੇ ਕਿ ਦੇਖੋ ਭਾਈ! ਇਕ ਗੱਲ ਮੈਂ ਤੁਹਾਨੂੰ ਦੱਸਣੀ ਹੈ। ਉਹ ਕਹਿੰਦੇ ਦਸੋ। ਕਹਿਣ ਲੱਗੇ ਕਿ ਆਪਾਂ ਐਤਕੀ ਕਰਤਾਰਪੁਰ ਵੱਲ ਦੀ ਹੋ ਕੇ ਲੰਘਣਾ ਹੈ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਹਨ। ਸਾਥੀ ਕਹਿੰਦੇ ਕਿ ਅਸੀਂ ਭੀ ਸੁਣੇ ਹੋਏ ਹਨ ਨਾਨਕ ਤਪਾ। ਕਹਿਣ ਲੱਗੇ ਕਿ ਉਨ੍ਹਾਂ ਦੇ ਦਰਸ਼ਨ ਕਰਕੇ ਜਾਣਾ ਹੈ। ਉਹ ਕਹਿੰਦੇ ਐਵੇਂ ਹੀ ਦਰਸ਼ਨਾਂ ਦਾ ਕੀ ਫਾਇਦਾ, ਐਵੇ ਸਾਧਾਂ-ਸੰਤਾਂ ਨੂੰ ਦਾ ਕੀ ਫਾਇਦਾ? ਆਪਾਂ ਦੇਵੀ ਨੂੰ ਮਨਾਈਏ, ਆਪਾਂ ਤਾਂ ਦੇਵੀ-ਮਾਤਾ ਦੀ ਭਗਤੀ ਕਰਨੀ ਹੈ, ਸੰਤ ਕਿਤੇ ਉਤੇ ਦੀ ਹੁੰਦੇ ਹਨ? ਕਹਿੰਦੇ ਕਿ ਨਾਂਹ! ਮੈਂ ਤਾਂ ਜ਼ਰੂਰ ਜਾਣਾ ਹੈ। ਸਾਰਾ ਸੰਗ ਤੁਰਿਆ ਤੇ ਜਾ ਕੇ ਕਰਤਾਰਪੁਰ ਦੇ ਬਾਹਰਲੇ ਪਾਸੇ ਡੇਰਾ ਲਾ ਲਿਆ। ਭਾਈ ਲਹਿਣਾ ਜੀ ਕਹਿਣ ਲੱਗੇ ਕਿ ਪ੍ਰੇਮੀਓ! ਮੈਂ ਚੱਲਿਆ ਹੁਣ, ਆਪਾਂ ਅੱਜ ਤਾਂ ਇਥੇ ਠਹਿਰਨਾ ਹੀ ਹੈ ਤੇ ਕੱਲ੍ਹ ਦਾ ਪ੍ਰੋਗਰਾਮ ਬਣਾ ਲਵਾਂਗੇ। ਉਸ ਵੇਲੇ ਆਪ ਘੋੜੇ ਤੇ ਚੜ੍ਹ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨ ਕਰਨ ਜਾ ਰਹੇ ਹਨ ਤੇ ਗੁਰੂ ਨਾਨਕ ਪਾਤਿਸ਼ਾਹ ਨੇ ਵੀ ਜਾਣ ਲਿਆ ਕਿ ਅੱਜ ਮੇਰੇ ਰਾਜ ਦਾ ਧਨੀ ਆਉਣ ਵਾਲਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ।

ਜਦੋਂ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ) ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਦਰਸ਼ਨ ਕਰਨ ਗਏ ਤਾਂ ਉਸ ਵੇਲੇ ਆਪ ਦਸਵੀਂ ਜਮਾਤ ਵਿਚ ਪੜ੍ਹਦੇ ਸਨ ਤੇ ਅਠਾਰ੍ਹਾਂ ਸਾਲ ਤੋਂ ਘੱਟ ਉਮਰ ਸੀ, ਬੜੇ ਹੀ ਸ਼ਾਨਦਾਰ ਕੱਪੜੇ, ਆਪ ਨੇ ਰੇਸ਼ਮ ਪਹਿਨਿਆ ਹੋਇਆ ਸੀ ਪਰ ਆਪ ਦੇ ਮਨ ਵਿਚ ਲਗਨ ਸੀ, ਬਚਨ ਸੁਣ-ਸੁਣ ਕੇ ਐਨਾ ਪਿਆਰ ਲੱਗਿਆ, ਬਾਬਾ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਕਹਿਣ ਲੱਗੇ ਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਓ ਕਿਉਂਕਿ ਵਿਚੋਲੇ ਤੋਂ ਬਗੈਰ ਹੋਇਆ ਨਹੀਂ ਕਰਦੇ। ਜੇ ਤਕੜਾ ਵਿਚੋਲਾ ਹੋਵੇ ਫੇਰ ਦਰਸ਼ਨ ਸੁਖਾਲੇ ਹੋ ਜਾਂਦੇ ਹਨ, ਜੇ ਮਾੜਾ ਹੋਵੇ ਫੇਰ ਵਿਚਾਰਾ ਆਪ ਵੀ ਰਹਿ ਜਾਂਦਾ ਹੈ। ਮਹਾਂਪੁਰਸ਼ਾਂ ਨੂੰ ਮਿਲਣਾ ਕੋਈ ਖੇਡ ਨਹੀਂ ਹੋਇਆ ਕਰਦੀ, ਬੜਾ ਔਖਾ ਹੈ ਕਿਉਂਕਿ ਉਹ ਮਰਜ਼ੀ ਦੇ ਮਾਲਕ ਹੁੰਦੇ ਨੇ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ - 836***

ਜਦੋਂ ਮਹਾਰਾਜ ਜੀ ਜਾ ਕੇ ਮਿਲੇ ਉਸ ਵੇਲੇ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਇਕ ਦਮ ਨਵੇਂ ਨੌਜਵਾਨ ਯਾਤਰੂ ਵਲ ਦੇਖਿਆ। ਨੇਤਰਾਂ ਵੱਲ ਝਾਤ ਪਾਈ, ਕਹਿੰਦੇ, "ਆ ਗਿਆ! ਬੜੀ ਦੇਰ ਲਾਈ ਹੈ ਤੂੰ ਇਥੇ ਪਹੁੰਚਣ ਨੂੰ। ਇਸ ਗੱਲ ਨੂੰ ਕੋਈ ਨਹੀਂ ਸਮਝ ਸਕਿਆ ਕਿ ਕੀ ਕਿਹਾ ਹੈ, ਮਹਾਂਪੁਰਸ਼ਾਂ ਨੇ ਰਮਜ਼ ਮਾਰ ਦਿਤੀ ਤੇ ਮਹਾਰਾਜ ਜੀ ਸਮਝ ਗਏ।

ਬਾਬਾ ਜੀ ਕਹਿੰਦੇ, "ਹੁਣ ਕੀ ਵਿਚਾਰ ਹੈ?"

ਕਹਿੰਦੇ, "ਮਹਾਰਾਜ! ਹੁਣ ਮੈਂ ਕਿਤੇ ਨਹੀਂ ਜਾਣਾ।"

ਇਕ ਵਾਰ ਦਰਸ਼ਨ ਕਰਕੇ ਨਮਸ਼ਕਾਰ ਕਰੀ ਹੈ, ਕੋਈ ਉਪਦੇਸ਼ ਨਹੀਂ ਸੁਣੇ, ਦਿਲ ਨਾਲ ਦਿਲ ਰਲ ਗਿਆ ਉਸੇ ਵੇਲੇ, ਕਹਿੰਦੇ ਹੁਣ ਨਹੀਂ ਮੈਂ ਜਾਣਾ, ਜਿਥੇ ਆਉਣਾ ਸੀ ਆ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਘਰ ਦੇ ਫਿਰਨਗੇ, ਇਥੇ ਆਉਣਗੇ ਸਾਨੂੰ ਤੰਗ ਕਰਨਗੇ। ਜਾਹ! ਇਮਤਿਹਾਨ ਦੇ ਆ ਦਸਵੀਂ ਦਾ। ਮਹਾਰਾਜ ਜੀ ਦਸਦੇ ਸਨ ਕਿ ਸਾਡਾ ਚਿੱਤ ਐਨਾ ਉਦਾਸ ਹੋਇਆ ਜਿਵੇਂ ਸਾਨੂੰ ਰਾਜ ਦੇ ਕੇ ਕਿਸੇ ਨੇ ਖੋਹ ਲਿਆ ਹੋਵੇ। ਕਹਿੰਦੇ ਇਮਤਿਹਾਨ ਕੀ ਦੇਣਾ ਸੀ? ਦੋ ਵਜੇ ਉਠਿਆ ਕਰਦੇ ਸਨ ਆਪ, ਸੁਧਾਸਰ ਦੇ ਤਲਾਬ ਤੇ ਜਾ ਕੇ ਪੰਜ ਘੰਟੇ ਸਮਾਧੀ ਲਾਇਆ ਕਰਦੇ ਸਨ - ਅੱਠਵੀਂ ਜਮਾਤ ਵਿਚ, ਤੇਰਾਂ ਸਾਲ ਦੀ ਉਮਰ ਵਿਚ। ਉਨ੍ਹਾਂ ਦਿਨਾਂ ਦੀਆਂ ਗੱਲਾਂ ਆਪ ਨੇ ਮੇਰੇ ਕੋਲ ਖੋਲ੍ਹੀਆਂ ਸਨ ਕਿ ਕਿਸ ਤਰ੍ਹਾਂ ਸਾਡੀ ਸਮਾਧੀ ਲਗਦੀ ਸੀ, ਕਿਸ ਤਰ੍ਹਾਂ ਦੀ ਹਾਲਤ ਹੁੰਦੀ। ਲਗਨ ਸੀ ਪਰ ਪੂਰਾ ਨਹੀਂ ਸੀ ਕੋਈ ਮਿਲਿਆ। ਜਦੋਂ ਪੂਰਾ ਮਿਲਿਆ ਤਾਂ ਪੂਰੇ ਨੇ ਕਿਹਾ ਕਿ ਇਮਤਿਹਾਨ ਦੇ ਆਓ। ਉਹ ਵਿਜੋਗ ਦੇ ਦਿਨ ਕੱਟਣੇ ਕਿੰਨੇ ਔਖੇ ਹੁੰਦੇ ਹਨ ਜਗਿਆਸੂ ਨੂੰ, ਵੈਰਾਗੀ ਪੁਰਸ਼ ਨੂੰ ਜਾਂ ਉਹ ਹੀ ਜਾਣਦਾ ਹੈ ਹੋਰ ਕੋਈ ਬੰਦਾ ਨਹੀਂ ਜਾਣਦਾ। ਮਹਾਰਾਜ ਜੀ ਕਹਿੰਦੇ ਕਿ ਫੇਰ ਸਾਡਾ ਦਿਲ ਨਾ ਲੱਗਿਆ, ਕਿਤਾਬ ਅਸੀਂ ਪੜ੍ਹਨੀ ਛੱਡ ਦਿਤੀ। ਜਮਾਤ ਵਿਚ ਜਾਣਾ, ਕਿਤਾਬ ਦੇ ਵਿਚ ਗੁਟਕਾ ਰੱਖ ਲੈਣਾ, ਪਿਛਲੀਆਂ ਸੀਟਾਂ ਤੇ ਬਹਿਣ ਲੱਗ ਗਏ। ਬਥੇਰਾ ਕਹਿਣਾ ਮਾਸਟਰ ਨੇ ਕਿ ਤੁਸੀਂ ਪਹਿਲੀਆਂ ਲਾਇਨਾਂ ਵਿਚ ਬਹਿੰਦੇ ਸੀ, ਤੁਸੀਂ ਅਵਲ ਆਉਂਦੇ ਸੀ। ਮਾਸਟਰ ਨੂੰ ਕੀ ਪਤਾ ਕਿ ਆਪ ਨੂੰ ਕਿਹੜਾ ਵੱਡਾ ਮਾਸਟਰ ਮਿਲ ਗਿਆ। ਕਹਿੰਦੇ ਫੇਰ ਇਮਤਿਹਾਨ ਹੋਏ ਤੇ ਅਸੀਂ ਕੋਈ ਸਵਾਲ ਦਾ ਜਵਾਬ ਨਹੀਂ ਲਿਖਿਆ। ਸਾਰੇ ਪੇਪਰਾਂ ਤੇ ਵਾਹਿਗੁਰੂ-ਵਾਹਿਗੁਰੂ ਲਿਖੀ ਜਾਣਾ। ਜਦੋਂ ਕਹਿਣਾ ਕਿ ਸਮਾਂ ਹੋ ਗਿਆ, ਪਰਚਾ ਹੱਥ ਤੋਂ ਫੜ ਲੈਣਾ। ਕਹਿੰਦੇ ਫੇਰ ਅਸੀਂ ਉਠ ਖੜ੍ਹਨਾ ਐਨੀ ਵਾਹਿਗੁਰੂ ਦੇ ਨਾਮ ਦੀ ਧੁਨੀ ਲੱਗੀ। ਸੋ ਏਸ ਤਰ੍ਹਾਂ ਦੇ ਨਾਲ ਜਿਸ ਨੇ ਏਸ ਤਰ੍ਹਾਂ ਦੇ ਦਰਸ਼ਨ ਕਦੇ ਕੀਤੇ ਹੋਣ, ਉਹ ਹੀ ਜਾਣਦਾ ਹੈ; ਸਾਧ-ਸੰਗਤ ਜੀ! ਜਿਨ੍ਹਾਂ ਦਾ ਪਿਆਰ ਪੈ ਜਾਂਦਾ ਹੈ ਤੇ ਫੇਰ ਦਰਸ਼ਨ ਹੋ ਜਾਣ, ਉਹ ਜਾਣਦੇ ਹਨ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਅੰਦਰੋਂ ਹੀ ਦੇਖ ਲਿਆ ਤੇ ਦੇਖ ਕੇ ਬਹੁਤ ਦੂਰ ਨਿਕਲ ਗਏ ਰੋਹੀ ਵਿਚ। ਇਕੱਲੇ ਹੀ ਖੜ੍ਹੇ ਨੇ ਤੇ ਗੁਰੂ ਅੰਗਦ ਸਾਹਿਬ ਭਾਈ ਲਹਿਣਾ ਦੇ ਰੂਪ ਵਿਚ ਜਾਂਦੇ ਹਨ ਤੇ ਜਾ ਕੇ ਕੋਲ ਖੜ੍ਹੇ ਹੋ ਗਏ। ਦਰਸ਼ਨ ਕਰੇ, ਦਰਸ਼ਨ ਕਰਦੀ ਸਾਰ ਇਕ ਵਾਰੀ ਤਾਂ ਸਾਰਾ ਸਰੀਰ ਝਰਨਾਟਿਆ ਗਿਆ ਕਿ ਕੋਈ ਭਲਾ ਬੰਦਾ ਹੈ। ਉਨ੍ਹਾਂ ਦੇ ਮਨ ਵਿਚ ਸੀ ਕਿ ਗੁਰੂ ਨਾਨਕ ਦੇਵ ਸ਼ਾਇਦ ਕੋਈ ਲੰਗੋਟੀ ਵਾਲਾ ਸਾਧ ਹੋਏਗਾ ਤੇ ਅੱਠ-ਦੱਸ ਬੰਦੇ ਨਾਲ ਫਿਰਦੇ ਹੋਣਗੇ - ਕਿਸੇ ਨੇ ਗੜਵਾ ਫੜਿਆ ਹੋਏਗਾ, ਕਿਸੇ ਨੇ ਚਿੱਪੀ ਫੜੀ ਹੋਏਗੀ ਕਿਉਂਕਿ ਉਹ ਤਾਂ ਮਸ਼ਹੂਰ ਹੁੰਦੇ ਹਨ। ਕੀ ਪਤਾ ਸੀ ਇਨ੍ਹਾਂ ਨੂੰ ਕਿ ਗੁਰੂ ਨਾਨਕ ਸਾਹਿਬ ਤਾਂ ਰੱਬੀ ਮੌਜ ਵਿਚ ਇਕੱਲੇ ਹੀ ਵਿਚਰਨ ਵਾਲੇ ਹਨ, ਕਿਸੇ ਨੂੰ ਵੀ ਨਾਲ ਨਹੀਂ ਰੱਖਦੇ, ਕੋਈ ਗੜਵਈ ਨਹੀਂ ਰੱਖਦੇ ਜੇ ਰੱਖਿਆ ਹੈ ਤਾਂ ਸਿਤਾਰ ਵਾਲਾ ਨਾਲ ਰਖਿਆ ਹੈ ਭਾਈ ਮਰਦਾਨਾ। ਆਪ ਸੁਤੰਤਰ ਰਹੇ ਹਨ

ਤੇ ਆਪ ਰੋਹੀ ਵਿਚ ਦੂਰ ਖੜ੍ਹੇ ਹਨ। ਉਥੇ ਭਾਈ ਲਹਿਣੇ ਨੇ ਕੋਲ ਆ ਕੇ ਘੋੜਾ ਰੋਕ ਲਿਆ, ਦੇਖਿਆ ਦੇਖ ਕੇ ਬਚਨ ਮਨ ਵਿਚ ਬਣਾਏ, ਤੋਲੇ ਕਿ ਮੈਂ ਕਿਸ ਤਰ੍ਹਾਂ ਨਾਲ ਗੱਲ ਕਰਾਂ।

ਕਹਿਣ ਲੱਗੇ, "ਬਜ਼ੁਰਗ ਜੀ! ਇਥੇ ਜਿਹੜੇ ਮਹਾਂਪੁਰਸ਼ ਨੇ ਗੁਰੂ ਨਾਨਕ ਜੀ, ਜਿਨ੍ਹਾਂ ਨੂੰ ਨਾਨਕ ਤਪਾ ਕਹਿੰਦੇ ਹਨ। ਮੇਰੇ ਮਨ ਵਿਚ ਬੜੀ ਰੀਝ ਉਠੀ ਹੈ ਕਿ ਮੈਂ ਉਨ੍ਹਾਂ ਦੇ ਦਰਸ਼ਨ ਕਰਾਂ। ਕੀ ਕਿਰਪਾ ਕਰਕੇ ਤੁਸੀਂ ਮੈਨੂੰ ਦੱਸ ਦੇਓਗੇ ਕਿ ਜਿਸ ਰਸਤੇ ਮੈਂ ਜਾ ਰਿਹਾ ਹਾਂ ਇਹੀ ਠੀਕ ਹੈ?"

ਏਧਰ ਗੁਰੂ ਨਾਨਕ ਸਾਹਿਬ ਅੱਗੇ ਹੋ ਕੇ ਮਿਲਦੇ ਨੇ। ਭਾਈ ਗੁਰਦਾਸ ਜੀ ਏਸ ਤਰ੍ਹਾਂ ਕਹਿੰਦੇ ਹਨ ਪੜ੍ਹੋ ਪਿਆਰ ਦੇ ਨਾਲ –

***ਧਾਰਨਾ – ਸਤਿਗੁਰੂ ਕੋਟ ਪੈਂਡਾ ਅੱਗੇ ਹੋਇ ਮਿਲਦੇ ਨੇ,***
***ਸਿੱਖਾ ਤੇਰਾ ਪਿਆਰ ਦੇਖ ਕੇ –2, 2.***

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।***
***ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,***
***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***
***ਸਤਿਗੁਰੁ ਦਯਾ ਨਿਧਿ, ਮਹਿਮਾ ਅਗਾਧਿ ਬੋਧ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥ (ਕਬਿੱਤ)***

ਇਕ ਵਾਰੀ ਪੂਰੀ ਭਾਵਨਾ ਦੇ ਨਾਲ ਕਦਮ ਵਧਾ ਕੇ ਤਾਂ ਦੇਖ, ਗੁਰੂ ਅੱਗੇ ਹੋ ਕੇ ਮਿਲਦਾ ਹੈ। ਗੁਰੂ ਨਾਨਕ ਪਾਤਸ਼ਾਹ ਚਲਦੇ ਨੇ ਘਰੋਂ, ਕਹਿੰਦੇ ਮੇਰੇ ਰਾਜ ਦਾ ਧਨੀ ਆ ਰਿਹਾ ਹੈ। ਲੈ ਆਵਾਂ ਜਾ ਕੇ। ਇਹ ਬਚਨ ਸੀ ਗੁਰੂ ਨਾਨਕ ਪਾਤਸ਼ਾਹ ਦੇ ਤੇ ਜਦੋਂ ਭਾਈ ਲਹਿਣਾ ਜੀ ਦਰਸ਼ਨ ਕਰਨ ਆਏ, ਇਨ੍ਹਾਂ ਨੇ ਗੁਰੂ ਨਾਨਕ ਜੀ ਨੂੰ ਇਕੱਲੇ ਖੜ੍ਹੇ ਵੇਖ ਕੇ ਸਮਝਿਆ ਕਿ ਇਹ ਕੋਈ ਭਲਾ ਬੰਦਾ ਹੈ। ਇਥੇ ਰਹਿਣ ਵਾਲਾ ਤੇ ਇਥੋਂ ਦੇ ਰਹਿਣ ਵਾਲੇ ਸਾਰੇ ਹੀ ਚੰਗੇ ਬੰਦੇ ਨੇ। ਉਸ ਵੇਲੇ ਭਾਈ ਲਹਿਣਾ ਜੀ ਨੇ ਪੁਛਿਆ –

***ਧਾਰਨਾ – ਦਸੀਂ ਪਿਆਰਿਆ,***
***ਰਸਤਾ ਗੁਰਾਂ ਦੇ ਦੁਆਰੇ ਦਾ –2, 2.***
***ਗੁਰਾਂ ਦੇ ਦੁਆਰੇ ਦਾ –2, 2.***
***ਦਸੀਂ ਪਿਆਰਿਆ, ਰਸਤਾ ਗੁਰਾਂ ਦੇ ਦੁਆਰੇ ਦਾ –2.***

ਕਹਿਣ ਲੱਗੇ, "ਬਜ਼ੁਰਗੋ! ਮੈਂ ਗੁਰੂ ਨਾਨਕ ਸਾਹਿਬ ਨੂੰ ਮਿਲਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਲੋਕ 'ਨਾਨਕ ਤਪਾ' ਕਹਿੰਦੇ ਨੇ। ਪਹਿਲੀ ਵਾਰ ਆਇਆ ਹਾਂ ਤੇ ਅੱਜ ਤੱਕ ਮੈਂ ਇਥੇ ਆਇਆ ਨਹੀਂ, ਮੇਰੀ ਵਾਕਫੀ ਕੋਈ ਨਹੀਂ ਹੈ, ਚੰਗਾ ਹੋਵੇ ਜੇ ਮੈਨੂੰ ਰਾਹ ਦੱਸ ਦਿਓ।"

ਖਿਆਲ ਸੀ ਭਾਈ ਲਹਿਣਾ ਜੀ ਦਾ ਕਿ ਮੈਨੂੰ ਰਸਤੇ ਪਾ ਦੇਣਗੇ।

ਮਹਾਰਾਜ ਜੀ ਕਹਿੰਦੇ, "ਪੁਰਖਾ! ਤੂੰ ਗੁਰੂ ਨੂੰ ਮਿਲਣਾ ਹੈ?"

ਕਹਿੰਦੇ, "ਹਾਂ ਜੀ!"

ਕਹਿਣ ਲੱਗੇ, "ਆ ਤੈਨੂੰ ਰਸਤਾ ਦੱਸੀਏ।"

ਉਸ ਵੇਲੇ ਆਪ ਗੁਰੂ ਨਾਨਕ ਪਾਤਿਸ਼ਾਹ ਅੱਗੇ-ਅੱਗੇ ਤੁਰਦੇ ਨੇ। ਘੋੜੇ ਦੀ ਚਾਲ ਜ਼ਿਆਦਾ ਹੁੰਦੀ ਹੈ ਮਨੁੱਖ ਨਾਲੋਂ ਤੇ ਜੇ ਬਹੁਤ ਤੇਜ਼ ਤੁਰੋ ਤਾਂ ਘੋੜੇ ਨਾਲ ਰਲ ਹੁੰਦਾ ਹੈ, ਹੌਲੀ-ਹੌਲੀ ਨਹੀਂ ਕਦੇ ਰਲ ਹੁੰਦਾ। ਗੁਰੂ ਨਾਨਕ ਪਾਤਸ਼ਾਹ ਕਦੇ ਚਾਰ ਕਦਮਾਂ ਨੱਠ ਪੈਂਦੇ ਹਨ ਅੱਗੇ ਫੇਰ ਘੋੜਾ ਨਾਲ ਰਲ ਜਾਂਦਾ ਹੈ, ਫੇਰ ਆਪ ਤੇਜ਼ੀ ਨਾਲ ਦੌੜਦੇ ਹਨ, ਬਹੁਤ ਤੇਜ਼ੀ-ਤੇਜ਼ੀ ਨਾਲ ਜਾਂਦੇ ਹਨ।

ਸੋ ਇਹ ਨਕਸ਼ਾ ਆਪਣੇ ਮਨਾ ਵਿਚ ਰਖੋ, ਅਗਲੇ ਐਤਵਾਰ ਇਸ ਤੋਂ ਅੱਗੇ ਵਿਚਾਰ ਕਰਾਂਗੇ। ਹੁਣ ਸਾਰੇ ਪ੍ਰੇਮੀ ਪਹਿਲਾਂ ਅਨੰਦ ਸਾਹਿਬ ਵਿਚ ਬੋਲੋ ਉਸ ਤੋਂ ਬਾਅਦ ਗੁਰਸਤੋਤਰ ਵਿਚ ਤੇ ਫੇਰ ਅਰਦਾਸ ਹੋਏਗੀ।

***–ਅਨੰਦ ਸਾਹਿਬ–***
***–ਗੁਰ ਸਤੋਤਰ–***
***–ਅਰਦਾਸ–***

**L L L L L L L**

# ਸੋਧ

**(ਸੰਤ ਕਲਿਆਣ ਦਾਸ ਸਿੰਘ ਜੀ ਦੇ ਲੇਖ 'ਸਮਰਪਣ ਪਰਮ ਸੁਖ' ਨਵੰਬਰ 2000 ਪੰਨਾ 52 ਦੀ ਬਾਕੀ)**

***ਅਵਰੁ ਨ ਦੂਜਾ ਕਰਣੈ ਜੋਗੁ॥***
***ਤਾ ਮਿਲੀਐ ਜਾ ਲੈਹਿ ਮਿਲਾਇ***
***ਕਹੁ ਨਾਨਕ ਹਰਿ ਹਰਿ ਗੁਣ ਗਾਇ॥ ਪੰਨਾ – 176***

ਮੌਕਾ ਹੈ ਗੁਰੂ ਦੇ ਅਰਪਣ ਹੋ ਜਾਵੇ। ਗੁਰ ਦੇ ਹੁਕਮ ਵਿਚ ਹੋ ਜਾਵੇ। ਜੇ ਹੁਕਮ ਪਛਾਣ ਲਵੇ, ਹੁਕਮ ਬੁੱਝ ਲਵੇ ਤਾਂ ਅਰਪਣ ਹੋ ਜਾਵੇ। ਫੇਰ ਹੰਗਤਾ ਸੁਭਾਵਿਕ ਹੀ ਮਿਟ ਜਾਵੇ। ਹਉਮੈ ਮਿਟ ਜਾਵੇ ਤਾਂ ਤੂੰ ਵਿਚ ਲੀਨ ਹੋ ਕੇ ਸਮਰਪਣ ਹੋ ਜਾਵੇ।

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥***
***ਪੰਨਾ – 1***

ਜਨਮਾਂ ਜਨਮਾਂਤਰਾਂ ਤੋਂ ਚੱਕੀ ਪੀਸਦਾ ਦੁਖੀ ਹੋ ਰਿਹਾ ਹੈ, ਸਮਰਪਿਤ ਹੋ ਕੇ ਪਰਮ ਸੁੱਖ ਨੂੰ ਪ੍ਰਾਪਤ ਹੋ ਜਾਵੇਗਾ। ਸਮਰਪਣ ਹੀ ਪਰਮ ਸੁੱਖ ਹੈ।

**L L L L L L L**

# ਭੈਣ ਨਾਨਕੀ

*ਸ. ਸਰਵਣ ਸਿੰਘ ਪਾਲਮਪੁਰੀ*

ਆ ਨਾਨਕ,
ਮੈਂ ਖੜ੍ਹੀ ਉਡੀਕਾਂ,
ਰਾਹ ਤੇਰੇ ਤੇ,
ਦੋ ਕਰ ਜੋੜ
ਕਰਾਂ ਬੇਨਤੀ
ਨੈਣਾਂ ਵਿਚੋਂ
ਪਿਆਰ ਦੇ ਅਥਰੂ
ਮੋਤੀਆਂ ਵਾਂਗਰ
ਕਿਰ ਕਿਰ ਜਾਂਦੇ
ਯਾਦ ਤੇਰੀ ਵਿਚ ਥਰ ਥਰ ਕੰਬਦੇ
ਬੁੱਲ੍ਹ ਮੇਰੇ
ਰਬਾਬ ਦੀਆਂ ਤਾਰਾਂ ਦੇ ਵਾਂਗੂੰ
ਤੇ ਨਾਨਕ ਨਾਨਕ ਆਂਹਦੇ।
ਛਾਣ ਛਾਣ ਮੈਂ ਬ੍ਰਿਹਾ ਪੀੜਾਂ
ਵੀਰ ਪਿਆਰ ਦਾ ਆਟਾ ਕੱਢ ਕੇ,
ਇਸ ਜੀਵਨ ਦੀ ਮੁੱਠੀ ਵਿਚੋਂ
ਯਾਦ ਤੇਰੀ ਦਾ ਅੰਮ੍ਰਿਤ ਪਾਣੀ,
ਵੱਗ ਰਹੀਆਂ ਦੋ ਨਦੀਆਂ ਵਿਚੋਂ
ਲਿਆ ਮੈਂ ਪਾ ਪਾ ਗੁੰਨ।
ਗੁੰਨ ਗੁੰਨ ਆਟਾ ਪੇੜੇ ਕਰਦੀ,
ਯਾਦ ਤੇਰੀ,
ਹਟਕੋਰੇ ਭਰਦੀ।
ਭੁੜਕੇ ਆਟਾ ਪ੍ਰਾਤ ਦੇ ਵਿਚੋਂ,
ਥਾਲੀ ਅੰਦਰ,
ਧੂੜੇ ਉਪਰ
ਰਹੀ ਔਂਸੀਆਂ ਪਾ।
ਆ ਨਾਨਕ ਮੈਂ ਖੜ੍ਹੀ ਉਡੀਕਾਂ।
ਬਨੇਰੇ ਤੇ ਕੋਈ ਕਾਂ ਪਿਆ ਬੋਲੇ,
ਹੋਲੇ ਹੋਲੇ, ਪੋਲੇ ਪੋਲੇ
ਮੈਂ ਪਈ ਕਹਿੰਦੀ,
ਉਡ ਕਾਵਾਂ ਮੇਰੇ-ਮਾਂ ਪਿਉ ਆਉਂਦਾ,
ਚਾਚੀ ਚਾਚਾ ਤਾਇਆ ਆਉਂਦਾ
ਮਾਮਾ ਮਾਮੀ ਜਾਇਆ ਆਉਂਦਾ,
ਨਾ ਉਹ ਉਡਦਾ
ਨਾ ਚੁਪ ਕਰਦਾ
ਰੋਲਾ ਰਿਹਾ ਏ ਪਾ। ਆ ਨਾਨਕ ਮੈਂ ਖੜ੍ਹੀ ਉਡੀਕਾਂ।
ਉਡੀਕਾਂ ਵਿਚ ਮੈਂ ਆਟਾ ਗੁੰਨ ਕੇ,
ਯਾਦ ਤੇਰੀ ਵਿਚ ਪੇੜਾ ਕੀਤਾ
ਘੁਮਾ ਪੇੜਾ ਹੱਥਾਂ ਦੇ ਅੰਦਰ,
ਸਿੱਕ ਤੇਰੀ ਦਾ ਸੀਨੇ ਅੰਦਰ
ਫੁਲਕਾ ਲਿਆ ਬਣਾ।
ਪਿਆ ਫੁਲਕਾ ਹੁਣ ਤਵੇ ਦੇ ਉਤੇ
ਝਾਕ ਮੇਰੀ ਦਰਵਾਜ਼ੇ ਉਤੇ
ਭਰ ਲਏ ਅੱਖਾਂ, ਪਿਆਰ ਦੇ ਅੱਥਰੂ
ਧੁੰਧਲਾ ਧੁੰਧਲਾ ਨਜ਼ਰ ਆਉਂਦਾ
ਹਰ ਆਉਂਦਾ ਜਾਂਦਾ ਰਾਹੀ
ਮੈਨੂੰ ਨਾਨਕ ਜਾਪੇ
ਤੇ ਕੋਮਲ ਪੋਟੇ
ਹੱਥ ਮੇਰੇ ਦੇ
ਸੜਦੇ ਇਧਰ ਉਧਰ,
ਤਵੇ ਦੇ ਉਪਰ
ਫੁਲਕਾ ਪਏ ਟਟੋਲਣ
ਅੱਜ ਫਿਰ ਫੁਲਕਾ ਫੁਲਿਆ।
ਅੱਗ ਚੁਲ੍ਹੇ 'ਚੋਂ ਬੁੱਝ ਬੁੱਝ ਜਾਂਦੀ।
ਡਾਢਾ ਧੂੰਆ ਹੋ ਹੋ ਜਾਂਦਾ,
ਲਗ ਲਗ ਧੂੰਆ ਅੱਖਾਂ ਵਿਚੋਂ,
ਵੈਰਾਗ ਤੇਰੇ ਵਿਚ,
ਖੁੱਲੇ ਦਿਲ ਨਾਲ,
ਅੱਥਰੂ ਲਏ ਮੈਂ ਕੇਰ।
ਬੰਦ ਹੋਈਆਂ ਇਕ ਪਲ ਲਈ ਅੱਖੀਆਂ
ਸੁਪਨਾ ਨਜ਼ਰੀਂ ਆਇਆ
ਉਠ ਕੁੜੇ ਤੂੰ, ਭੈਣ ਨਾਨਕੀ
ਵੀਰਾ ਏ ਘਰ ਆਇਆ,
ਆਖ ਰਿਹਾ ਭੁੱਖ ਡਾਢੀ ਲੱਗੀ
ਫੁਲਕਾ ਕੋਈ ਛਕਾ।
ਹੱਥ ਲਗ ਤਵੇ ਤੇ ਅੱਖੀਆਂ ਖੁਲ੍ਹੀਆਂ
ਸੁਪਨਾ ਇਹ ਸੱਚ ਹੋਇਆ
ਸੱਚਮੁੱਚ ਮੇਰਾ ਵੀਰਾ ਨਾਨਕ
ਦਰ ਤੇ ਆਣ ਖਲੋਇਆ
ਗਿੱਠ ਗਿੱਠ ਚੜ੍ਹ ਗਈ ਲਾਲੀ ਮੈਨੂੰ
ਫੁੱਟ ਫੁੱਟ ਚੜ੍ਹਿਆ ਚਾਅ,
ਅੱਜ ਘਰ ਨਾਨਕ ਆਇਆ
ਭੈਣ ਘਰ ਵੀਰਾ ਆਇਆ।

**LLLLLLL**

# ਅਮਰ ਗਾਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ - 34)*

ਹੇ ਰਾਜਨ! ਇਸੇ ਤਰ੍ਹਾਂ ਨੇਮ ਭੀ ਦਸ ਹੋਇਆ ਕਰਦੇ ਹਨ। ਨਿਯਮਾਂ ਦਾ ਸਬੰਧ ਕੇਵਲ ਆਪਣੇ ਵਿਅਕਤੀਗਤ ਸਰੀਰ, ਇੰਦ੍ਰੀਆਂ ਅਤੇ ਅੰਤਸ਼ਕਰਣ ਦੇ ਨਾਲ ਹੁੰਦਾ ਹੈ, ਇਸ ਲਈ ਇਨ੍ਹਾਂ ਦੇ ਯਥਾਰਥ ਪਾਲਣ ਨਾਲ, ਆਪਣੇ ਵਿਅਕਤੀਤ੍ਵ ਨਾਲ ਸਬੰਧ ਰੱਖਣ ਵਾਲਾ, ਸਾਰਾ ਬ੍ਰਹਮ ਵਿਵਹਾਰਿਕ ਜੀਵਨ ਰਾਜਸੀ, ਤਾਮਸੀ, ਵਿਖਸ਼ੇਪ ਅਤੇ ਆਵਰਣ ਰੂਪ ਮੈਲਾਂ ਨਾਲੋਂ ਧੁਲ ਕੇ ਸਤੋਗੁਣੀ, ਪਵਿੱਤਰ ਅਤੇ ਦਿਬਯ ਬਣ ਜਾਂਦਾ ਹੈ।

**1. ਤਪ –** ਸਭ ਤੋਂ ਪਹਿਲਾ ਨਿਯਮ ਤਪ ਹੈ, ਤਪ ਅੰਤਰਮੁਖਤਾ ਦਾ ਅਭਿਆਸ ਅਤੇ ਵਾਹਿਗੁਰੂ ਨਾਲ ਪਿਆਰ ਪੈਦਾ ਕਰਨ ਲਈ ਕ੍ਰਿਆਯੋਗ ਹੈ। ਜਿਸ ਤਰ੍ਹਾਂ ਦੇ ਨਾਲ ਅਸੀਂ ਚੰਚਲ ਘੋੜਾ ਸਾਧਦੇ ਹਾਂ, ਉਸੇ ਪ੍ਰਕਾਰ ਸਰੀਰ, ਪ੍ਰਾਣ, ਇੰਦ੍ਰੀਆਂ ਅਤੇ ਮਨ ਨੂੰ ਸਹੀ ਤਰੀਕੇ ਅਤੇ ਅਭਿਆਸ ਨਾਲ ਵਸ ਵਿਚ ਕਰਨ ਨੂੰ ਤਪ ਕਹਿੰਦੇ ਹਨ। ਇਸ ਦੀ ਪ੍ਰਾਪਤੀ ਲਈ ਦ੍ਰਿੜ ਇਰਾਦੇ ਨਾਲ ਮਿਹਨਤ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਦੇ ਨਾਲ ਤੁਸੀਂ ਚੰਚਲ ਘੋੜਾ ਲੈ ਕੇ ਉਸ ਨੂੰ ਸਿੱਖਿਆ ਦੇ ਕੇ ਉਸ ਨੂੰ ਆਪਣੇ ਇਸ਼ਾਰੇ ਦੇ ਮੁਤਾਬਿਕ ਚਲਣ ਵਾਲਾ ਬਣਾ ਲੈਂਦੇ ਹੋ, ਉਸੇ ਤਰ੍ਹਾਂ ਮਨ ਨੂੰ ਸਾਧਣਾ ਪੈਂਦਾ ਹੈ। ਚੰਚਲ ਘੋੜੇ ਨੂੰ ਸਾਧਣ ਲਈ ਕਿੰਨੀ ਸਖਤ ਮਿਹਨਤ ਦੀ ਜ਼ਰੂਰਤ ਹੈ। ਜਦੋਂ ਉਹ ਸਾਧਿਆ ਗਿਆ ਫੇਰ ਉਹ ਇਸ਼ਾਰਿਆਂ ਨਾਲ ਚੱਲਣ ਲਗ ਜਾਂਦਾ ਹੈ। ਵੱਡੇ ਵੱਡੇ ਯੁਧਾਂ ਵਿਚ ਕਿੱਡਾ ਵੱਡਾ ਸਹਿਯੋਗੀ ਬਣਦਾ ਹੈ, ਜਿੱਤ ਪ੍ਰਾਪਤ ਕਰਨ ਲਈ ਸਾਧਨ ਬਣਦਾ ਹੈ।

ਇਸੇ ਤਰ੍ਹਾਂ ਸਾਡਾ ਮਨ, ਇੰਦ੍ਰੀਆਂ ਕਿੰਨੀ ਅਸਵੱਛਤਾ ਨਾਲ ਚਲ ਰਹੇ ਹਨ, ਨਾ ਹੀ ਅਸੀਂ ਆਪਣੇ ਸਰੀਰ ਵਲ ਧਿਆਨ ਦਿੰਦੇ ਹਾਂ, ਗਲਤ ਚੀਜ਼ਾਂ ਦਾ ਪ੍ਰਯੋਗ ਕਰਕੇ ਖਰਾਬ ਕਰ ਲੈਂਦੇ ਹਾਂ। ਜੇ ਸਰੀਰ ਨੇ ਹੀ ਸਾਥ ਨਾ ਦਿਤਾ ਤਾਂ ਆਤਮ ਮਾਰਗ ਦਾ ਪਾਂਧੀ ਅਗਲਾ ਸਫਰ ਕਰਨ ਦੀ ਸਮਰੱਥਾ ਨਹੀਂ ਰੱਖਿਆ ਕਰਦਾ। ਸਰੀਰ ਦੇ ਬਚ ਬਚਾਓ ਲਈ ਬਹੁਤ ਸਮਾਂ ਨਸ਼ਟ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਾਣ ਸਰੀਰ ਵਿਚ ਬੇ-ਟੋਕ ਆਉਂਦੇ ਜਾਂਦੇ ਹਨ। ਪ੍ਰਾਣ ਵਿਗਿਆਨ ਦੀ ਸੋਝੀ ਨਾ ਹੋਣ ਕਰਕੇ ਸਾਡੇ ਪ੍ਰਾਣ ਨਿਯਮਕ ਤਰੀਕੇ ਨਾਲ ਨਹੀਂ ਚਲ ਰਹੇ, ਪਉਣ ਦਾ ਦਰਿਆ ਛੱਲਾਂ ਮਾਰਦਾ ਚਲਿਆ ਰਹਿੰਦਾ ਹੈ। ਜੇ ਇਸ ਨੂੰ ਸੀਮਤ ਕਰ ਦਿਤਾ ਜਾਵੇ ਤਾਂ ਇਹ ਪਾਣੀ ਨਹਿਰ ਦੇ ਰੂਪ ਵਿਚ ਖੇਤਾਂ ਨੂੰ ਸਿੰਜਣ, ਹੋਰ ਵੱਡੇ ਕਾਰਜ ਕਰਨ ਦੀ ਸਮਰੱਥਾ ਰਖੇਗਾ। ਹੁਣ ਸਾਡੇ ਪ੍ਰਾਣ ਇਕ ਪਉਣ ਦੇ ਵੇਗ ਵਾਂਗੂੰ ਵਹਿ ਰਹੇ ਹਨ, ਜਿਨ੍ਹਾਂ ਦਾ ਸਹੀ ਪ੍ਰਯੋਗ ਨਾ ਕਰਨ ਕਰਕੇ ਅਸੀਂ ਆਪਣੇ ਪ੍ਰਭੂ ਨਾਲੋਂ ਟੁੱਟੇ ਰਹਿੰਦੇ ਹਾਂ।

ਇਸੇ ਤਰ੍ਹਾਂ ਨਾਲ ਪੰਜ ਕਰਮ ਇੰਦ੍ਰੀਆਂ, ਪੰਜ ਗਿਆਨ ਇੰਦ੍ਰੀਆਂ ਸਾਡੇ ਵਸ ਵਿਚ ਨਹੀਂ ਹਨ, ਆਪ ਮੁਹਾਰੇ ਵੇਗ ਵਿਚ ਹਰਕਤਾਂ ਕਰਦੀਆਂ ਹਨ ਜਿਸ ਤਰ੍ਹਾਂ ਕਿ ਕੋਈ ਪ੍ਰੇਮੀ ਦੂਜੇ ਸੱਜਣ ਨਾਲ ਬਚਨ ਕਰ ਰਿਹਾ ਹੈ, ਦੂਸਰੇ ਨਾਲ ਹਾਸਾ ਮਖੌਲ ਕਰ ਰਿਹਾ ਹੈ। ਅਚਾਨਕ ਹੀ ਉਂਗਲੀ ਕੰਨ ਵਿਚ ਪਾ ਲੈਣਾ ਜਾਂ ਨੱਕ ਵਿਚ ਪਾ ਲੈਣਾ, ਜਾਂ ਐਧਰ ਉਧਰ ਦੇਖਣ ਲਗ ਜਾਣਾ ਜਾਂ ਦੂਰ ਦੀ ਅਵਾਜ਼ ਨੂੰ ਸੁਣਨ ਲਗ ਜਾਣਾ ਜਾਂ ਬੇਅਰਥ ਬੋਲਣ ਲਗ ਜਾਣਾ, ਇਹ ਕਿਸੇ ਕਾਰਜ ਉਪਰ ਨਹੀਂ ਪਹੁੰਚਣ ਦਿੰਦਾ। ਸੋ ਇੰਦ੍ਰੀਆਂ ਨੂੰ ਸੁਧਾਰਣਾ ਬਹੁਤ ਹੀ ਜ਼ਰੂਰੀ ਹੈ। ਮਨ ਸਭ ਤੋਂ ਚੰਚਲ ਪਦਾਰਥ ਹੈ ਜੋ ਇਸ ਸ਼ੁੱਧ ਸਰੀਰ ਵਿਚ ਇਕ ਸਕਿੰਟ ਵਾਸਤੇ ਵੀ ਨਹੀਂ ਟਿਕਦਾ। ਹਰ ਵਕਤ ਕਰੋੜਾਂ ਮੀਲਾਂ ਦੇ ਸਫਰ ਤੇ ਪਿਆ ਰਹਿੰਦਾ ਹੈ। ਇਸ ਨੂੰ ਇਕ ਧੇਅ ਉਤੇ ਕੇਂਦਰਤ ਕਰਨਾ ਰੂਹਾਨੀਅਤ ਵਿਚ ਬਹੁਤ ਵੱਡਾ ਕਦਮ ਹੈ ਕਿਉਂਕਿ ਸਾਡਾ ਸਾਰਾ ਵਾਹ ਮਨ ਨਾਲ ਹੈ, ਮਨ ਨਾਲ ਹੀ ਸਾਡਾ ਪਿਆਰ ਹੈ, ਮਨ ਨਾਲ ਹੀ ਝਗੜਾ ਹੈ। ਜਿੰਨੀ ਦੇਰ ਤਕ ਇਹ ਸਾਧਿਆ ਨਹੀਂ ਜਾਂਦਾ, ਓਨੀ ਦੇਰ ਤਕ ਇਹ ਜਗਿਆਸੂ ਨੂੰ ਇਕ ਕਦਮ ਵੀ ਆਤਮ ਮਾਰਗ ਵਲ ਨਹੀਂ ਵਧਣ ਦਿੰਦਾ ਕਿਉਂਕਿ ਮਨ ਦੀ ਆਪਣੀ ਹੀ ਮਤ ਹੈ, ਆਪਣੇ ਹੀ ਦ੍ਰਿਸ਼ ਹਨ, ਇਸ ਕਰਕੇ ਇਹ ਗੁਰੂ ਦੀ ਮਤ ਲੈ ਹੀ ਨਹੀਂ ਸਕਿਆ ਕਰਦਾ। ਇਸ ਕਰਕੇ ਮਨ ਨੂੰ ਪ੍ਰਾਣਾਯਾਮ ਨਾਲ ਵਸ ਕੀਤਾ ਜਾ ਸਕਦਾ ਹੈ। ਇਸ ਸਰੀਰ, ਪ੍ਰਾਣ, ਇੰਦ੍ਰੀਆਂ, ਮਨ, ਬੁੱਧੀ ਨੂੰ ਵਸ ਕਰਨ ਦੇ ਸਾਧਨਾਂ ਨੂੰ ਤਪ ਕਿਹਾ ਜਾਂਦਾ ਹੈ ਜਿਸ ਕਰਕੇ ਸਰਦੀ-ਗਰਮੀ, ਭੁੱਖ-ਪਿਆਸ, ਸੁੱਖ-ਦੁਖ, ਹਰਖ-ਸੋਗ, ਮਾਨ-ਅਪਮਾਨ, ਲਾਭ-ਹਾਨ, ਖੁਸ਼ੀ-ਗਮੀ ਦੀ ਅਵਸਥਾ ਵਿਚ ਬਿਨਾਂ ਕੋਈ ਵਿਘਨ ਪਏ ਦੇ ਅਤੇ ਸਵੱਸਥ ਸਰੀਰ ਦੇ ਅਤੇ ਨਿਰਮਲ ਅੰਤਸ਼ਕਰਣ ਦੇ ਨਾਲ ਯੋਗ ਮਾਰਗ ਵਿਚ ਦ੍ਰਿੜਤਾ ਨਾਲ ਟਿਕਿਆ ਰਹਿ ਸਕੇ।

ਤਪ ਦੇ ਕਈ ਭੇਦ ਹਨ ਸਰੀਰ ਦੇ ਵਿਚ ਬਿਆਧੀ, ਪੀੜਾ, ਇੰਦ੍ਰੀਆਂ ਦੇ ਵਿਕਾਰ ਅਤੇ ਚਿੱਤ ਵਿਚ ਉਦਾਸੀ ਉਤਪੰਨ ਕਰਨ ਵਾਲੇ ਤਾਮਸੀ ਤਪ ਦਾ ਨਿਸ਼ੇਧ ਕੀਤਾ ਗਿਆ ਹੈ। ਇਸ ਮਾਰਗ ਵਿਚ ਇਹ ਤਾਮਸੀ ਤਪ ਨਿੰਦਿਤ ਅਤੇ ਬਰਜਿਤ ਹੈ। ਜਿਹੜਾ ਤਪ ਚਿਤ ਦੀ ਪ੍ਰਸੰਨਤਾ ਵਾਸਤੇ ਹੋਵੇ ਅਤੇ ਸਰੀਰ, ਇੰਦ੍ਰਿਆਂ ਦੀ ਕ੍ਰਿਆ ਵਿਚ ਕੋਈ ਰੁਕਾਵਟ, ਕੋਈ ਪੀੜਾ ਪੈਦਾ ਨਾ ਕਰਦਾ ਹੋਵੇ, ਉਹ ਸਾਂਤਕੀ ਤਪ ਸਹਾਇਤਾ ਕਰਿਆ ਕਰਦਾ ਹੈ ਕਿਉਂਕਿ ਬਿਆਧੀ, ਉਪਾਧੀ, ਸਰੀਰ ਦੀ ਪੀੜਾ, ਚਿੱਤ ਦੀ ਉਦਾਸੀ ਇਹ ਯੋਗ ਵਿਚ ਵਿਘਨਕਾਰੀ ਹਨ। ਸੋ ਇਸ ਕਰਕੇ ਜਿਸ ਤਰ੍ਹਾਂ ਅਗਨ ਦੇ ਤਪਾਉਣ ਨਾਲ ਸੋਨੇ ਦੀ ਮੈਲ ਭਸਮ ਹੋ ਜਾਂਦੀ ਹੈ ਉਸ ਵਿਚ ਸਵੱਛਤਾ ਅਤੇ ਚਮਕ ਆ ਜਾਂਦੀ ਹੈ ਇਸੇ ਤਰ੍ਹਾਂ ਤਪ ਦੀ ਅਗਨ ਸਰੀਰ, ਇੰਦ੍ਰੀਆਂ, ਪ੍ਰਾਣਾਂ, ਬੁੱਧੀ ਅਤੇ ਚਿੱਤ ਵਿਚੋਂ ਤਮੋਗੁਣੀ ਪੜਦੇ ਦਾ ਨਾਸ਼ ਕਰਨ ਦੀ ਸਮਰਥਾ ਰਖਦੀ ਹੈ। ਤਪ ਕਰਨ ਨਾਲ ਸਤੋ ਗੁਣ ਪ੍ਰਭਾਵ ਪੈਦਾ ਹੋ ਜਾਂਦਾ ਹੈ। ਸਤੋਗੁਣੀ ਆਹਾਰ ਅਤੇ ਸ਼ੁਧ ਵਿਹਾਰ ਸਰੀਰ ਦੇ ਤਪ ਮੰਨੇ ਗਏ ਹਨ। ਸਮ ਤੇ

ਦਮ ਦੀ ਪਾਲਣਾ ਕਰਨੀ ਜ਼ਰੂਰੀ ਹੈ। ਇਸ ਕ੍ਰਿਆ ਨਾਲ ਇੰਦ੍ਰੀਆਂ ਅਤੇ ਮਨ ਦੇ ਵਿਚ ਪਏ ਹੋਏ ਤਮੋ ਗੁਣੀ ਤੇ ਰਜੋ ਗੁਣੀ ਪ੍ਰਭਾਵ ਦੂਰ ਹੋ ਜਾਂਦੇ ਹਨ। ਇਹ ਯੋਗ, ਨਾ ਪੇਟ ਭਰ ਕੇ ਖਾਣ ਵਾਲੇ ਨੂੰ, ਨਾ ਹੀ ਭੁੱਖੇ ਰਹਿਣ ਵਾਲੇ ਨੂੰ, ਨਾ ਹੀ ਬਹੁਤ ਘੱਟ ਸੌਣ ਵਾਲੇ ਨੂੰ, ਨਾ ਬਹੁਤਾ ਜਾਗਣ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਜਿਹੜਾ ਜਗਿਆਸੂ ਆਹਾਰ, ਵਿਹਾਰ, ਹੋਰ ਕਰਮਾਂ ਵਿਚ, ਸੌਂ ਜਾਣ ਵਿਚ, ਇਸ਼ਨਾਨ ਕਰਨ ਵਿਚ, ਸਮੇਂ ਸਿਰ ਖਾਣ ਪੀਣ ਵਿਚ, ਨਿਯਮਤ ਰੂਪ ਨਾਲ ਚਲਦਾ ਹੈ, ਉਸਦਾ ਯੋਗ ਦੁਖ-ਨਾਸ਼ਕ ਹੁੰਦਾ ਹੈ। ਇਸ ਕਰਕੇ ਖਾਣ ਪੀਣ ਵਿਚ ਪੂਰਾ ਧਿਆਨ ਰੱਖਣ ਲਈ ਸਾਵਧਾਨ ਰਹਿਣਾ ਜ਼ਰੂਰੀ ਹੈ। ਸੁਨਿਹਰੀ, ਮਿੱਠੇ, ਪਿਆਰੀ ਲਗਣ ਵਾਲੀ ਖੁਰਾਕ ਭੁੱਖ ਤੋਂ ਚੌਥਾ ਹਿੱਸਾ ਘਟ ਖਾਣ ਦਾ ਵਿਧਾਨ ਹੈ। ਤਾਮਸੀ ਤੇ ਰਾਜਸੀ ਹਿੰਸਾ ਨਾਲ ਪ੍ਰਾਪਤ ਕੀਤੇ ਹੋਏ ਅਤੇ ਵਾਏ, ਕਫ ਦੇਣ ਵਾਲੇ ਅਤਿ ਉਸ਼ਣ, ਖੱਟੇ, ਚਟਪਟੇ, ਸੁੱਕੇ ਹੋਏ, ਸੜੇ ਹੋਏ, ਜੂਠੇ, ਨਸ਼ਾ ਕਰਨ ਵਾਲੇ, ਉਤੇਜਕ ਪਦਾਰਥ ਖਾਣ ਨਾਲ ਸਰੀਰ ਵਿਚ ਵਿਘਨ ਪੈਦਾ ਹੋ ਜਾਂਦੇ ਹਨ। ਇਸ ਕਰਕੇ ਅਜਿਹੇ ਵਿਹਾਰ ਦਾ ਤਿਆਗ ਕਰਕੇ ਸ਼ੁਧ, ਸਤੋਗੁਣੀ, ਹਲਕੇ, ਮਿੱਠੇ, ਰਸਦਾਰ, ਤਾਜੇ, ਸਿਹਤ-ਵਰਧਕ, ਚਿੱਤ ਨੂੰ ਪ੍ਰਸੰਨ ਕਰਨ ਵਾਲੇ ਪਦਾਰਥ ਜਿਵੇਂ ਦੁੱਧ, ਘਿਓ, ਤਾਜੇ ਰਸਦਾਰ, ਮਿੱਠੇ, ਸਤੋਗੁਣੀ ਫਲ - ਜਿਵੇਂ ਮਿੱਠਾ ਸੰਤਰਾ, ਮਿੱਠਾ ਅਨਾਰ, ਮੁਸੰਮੀ, ਅੰਗੂਰ, ਸੇਬ, ਕੇਲਾ, ਆੜੂ, ਖੁਰਮਾਣੀ ਆਦਿ ਅਤੇ ਖੁਸ਼ਕ ਫਲ ਜਿਵੇਂ ਬਦਾਮ, ਅੰਜੀਰ, ਮੁਨੱਕਾਂ ਆਦਿ, ਸਤੋਗੁਣੀ ਸਬਜ਼ੀ - ਜਿਵੇਂ ਲੌਕੀ, ਪਰਵਲ, ਤੋਰੀ ਆਦਿ, ਸਾਂਤਵਿਕ ਅਨਾਜ - ਜਿਵੇਂ ਕਣਕ, ਚਾਵਲ, ਮੂੰਗੀ ਆਦਿ ਦਾ ਨਿਯਮਤ ਰੂਪ ਨਾਲ ਭੁੱਖ ਤੋਂ ਚੌਥਾ ਹਿੱਸਾ ਘੱਟ ਰੱਖ ਕੇ ਖਾਣ ਦਾ ਵਿਧਾਨ ਹੈ। ਪੇਟ ਦੇ ਦੋ ਭਾਗ ਅੰਨ ਨਾਲ ਭਰੇ, ਇਕ ਭਾਗ ਜਲ ਨਾਲ ਅਤੇ ਇਕ ਭਾਗ ਹਵਾ ਵਾਸਤੇ ਖਾਲੀ ਰਖਣਾ ਜ਼ਰੂਰੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ, ਫਲ ਆਦਿ ਥੋੜ੍ਹਾ ਬਹੁਤ ਲੈ ਲੈਣਾ ਚਾਹੀਦਾ ਹੈ। ਜਿਸ ਨੇ ਇਸ ਯੋਗ ਵਿਚ ਪੈਣਾ ਹੈ, ਉਸ ਪ੍ਰਾਣੀ ਨੂੰ ਸਵਾਦ ਦੇ ਵਸੀਕਾਰ ਹੋ ਕੇ ਆਪਣੀ ਸਿਹਤ ਨੂੰ ਖਰਾਬ ਨਹੀਂ ਕਰਨਾ ਚਾਹੀਦਾ। ਖੁਰਾਕ ਅਸੀਂ ਇਸ ਕਰਕੇ ਖਾਂਦੇ ਹਾਂ ਕਿ ਅਸੀਂ ਜਿਉਂਦੇ ਰਹੀਏ ਅਤੇ ਆਪਣੇ ਪਰਮ ਉਤਮ ਪਦਾਰਥ ਨੂੰ ਇਸ ਜ਼ਿੰਦਗੀ ਵਿਚ ਹੀ ਪੂਰਾ ਕਰ ਸਕੀਏ। ਇਸ ਦੇ ਵਿਪਰੀਤ ਸਾਧਾਰਣ ਮਨੁੱਖ ਸਵਾਦ ਦੇ ਵਸੀਭੂਤ ਹੋ ਕੇ, ਦੇਹ ਅਧਿਆਸ ਵਿਚ, ਮਮਤਾ ਰਖਦਾ ਹੋਇਆ ਖਾਣ ਪੀਣ ਵਿਚ ਲਿਪਤ ਰਹਿੰਦਾ ਹੈ। ਯੋਗੀ ਤੇ ਭੋਗੀ ਵਿਚ ਇਹੀ ਭੇਦ ਹੈ। ਯੋਗ ਅਭਿਆਸੀ ਪ੍ਰਾਣੀ ਨੂੰ ਕਦੇ ਵੀ ਮਾਸ, ਅੰਡੇ, ਮੱਛੀ ਅਤੇ ਲਾਲ ਮਿਰਚ ਆਦਿ ਨਹੀਂ ਖਾਣੇ ਚਾਹੀਦੇ। ਉਸ ਨੂੰ ਇਨ੍ਹਾਂ ਚੀਜ਼ਾਂ ਦੇ ਪ੍ਰਯੋਗ ਕਰਨ ਦੀ ਥਾਂ ਭੁੱਖੇ ਰਹਿਣਾ ਜ਼ਿਆਦਾ ਅੱਛਾ ਹੁੰਦਾ ਹੈ। ਉਨ੍ਹਾਂ ਦੇ ਖਾਣ ਪੀਣ ਵਿਚ ਆਪੱਤੀ ਅਤੇ ਧਰਮ ਦੀ ਆੜ ਕਿਸੀ ਅਵਸਥਾ ਵਿਚ ਨਹੀਂ ਲਈ ਜਾ ਸਕਦੀ।

ਅਭਿਆਸੀਆਂ ਨੂੰ ਅੰਨ ਖਾਣ ਬਾਰੇ ਪੂਰੀ ਤਰ੍ਹਾਂ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਅੰਨ ਦਾ ਅਸਰ ਮਨ ਤੇ ਸਰੀਰ ਤੇ ਪ੍ਰਬਲ ਪ੍ਰਭਾਵ ਰਖਦਾ ਹੈ। ਅੰਨ ਪਵਿੱਤਰ ਅਤੇ ਸਤੋਗੁਣੀ ਕਮਾਈ ਦਾ ਹੋਣਾ ਚਾਹੀਦਾ ਹੈ। ਇਸ ਬਾਰੇ ਪੰਡਤ ਬਾਬੂਰਾਮ ਬ੍ਰਹਮ ਕਵੀ ਨੇ ਇਕ ਕਵਿਤਾ ਲਿਖੀ ਹੈ -

***ਅੰਨ ਹੀ ਬਨਾਵੇ ਮਨ, ਮਨ ਜੈਸੀ ਇੰਦ੍ਰੀਆਂ ਹੋਂ,***<br>
***ਇੰਦ੍ਰੀਓਂ ਸੇ ਕਰਮ, ਕਰਮ ਭੋਗ ਭੁਗਵਾਤੇ ਹੈਂ।***<br>
***ਅੰਨ ਹੀ ਸੇ ਵੀਰ ਕਲੀਬ, ਕਲੀਬ ਵੀਰ ਹੋਤੇ ਦੇਖੇ,***<br>
***ਅੰਨ ਕੇ ਪ੍ਰਤਾਪ ਯੋਗੀ ਭੋਗੀ ਬਨ ਜਾਤੇ ਹੈਂ।***<br>
***ਅੰਨ ਹੀ ਕੇ ਦੂਸ਼ਣ ਸੇ ਤਾਮਸੀ ਲੇ ਜਨਮ ਜੀਵ,***<br>
***ਅੰਨ ਕੀ ਪਵਿਤਰਤਾ ਸੇ ਦੇਵ ਖਿੰਚ ਆਤੇ ਹੈਂ।***<br>
***ਮ੍ਰਿਤੂ ਲੋਕ ਸੇ ਹੇ 'ਬ੍ਰਹਮ' ਮੋਖਸ਼ ਔਰ ਬੰਧਨ ਕਾ***<br>
***ਵੇਦ ਆਦਿ ਮੂਲ ਤਤ੍ਵ ਅੰਨ ਹੀ ਬਤਾਤੇ ਹੈਂ।***

ਇਸ ਦੇ ਵਿਚ ਹੋਰ ਸਾਵਧਾਨੀਆਂ ਵੀ ਵਰਤਣੀਆਂ ਜ਼ਰੂਰੀ ਹਨ। ਐਨੀ ਲੰਬੀ ਯਾਤਰਾ ਨਾ ਕਰਨੀ ਜਿਸ ਨਾਲ ਭਜਨ ਕਰਨ ਵਿਚ ਵਿਘਨ ਪਵੇ। ਇਹ ਵੀ ਨਾ ਹੋਵੇ ਕਿ ਚਲਣਾ ਫਿਰਨਾ ਬੰਦ ਕਰਕੇ ਬੈਠਾ ਹੀ ਰਹੇ, ਜਿਸ ਨਾਲ ਤਮੋਗੁਣ ਰੂਪੀ ਆਲਸ ਉਤਪੰਨ ਹੋ ਕੇ ਭਜਨ ਵਿਚ ਬਾਧਾ ਬਣੇ। ਇਸ ਦੇ ਵਿਪਰੀਤ ਨਿਯਮਤ ਰੂਪ ਵਿਚ ਚਲਦਾ ਫਿਰਦਾ, ਸੈਰ ਕਰਦਾ ਰਹੇ ਜਿਸ ਨਾਲ ਸਰੀਰ ਸਵੱਸਥ ਅਤੇ ਚਿੱਤ ਪ੍ਰਸੰਨ ਰਹੇ ਅਤੇ ਭਜਨ ਕਰਨ ਦੇ ਸਾਰੇ ਕਾਰਜ ਸਫਲਤਾਪੂਰਵਕ ਹੁੰਦੇ ਰਹਿਣ।

ਨਿਯਮਿਤ ਰੂਪ ਨਾਲ, ਜਿਹੜੇ ਇਸ ਦੇ ਨਿਤ ਕਰਮ ਹਨ, ਉਨ੍ਹਾਂ ਨੂੰ ਨਿਭਾਉਂਦਾ ਰਹੇ, ਉਨ੍ਹਾਂ ਵਾਸਤੇ ਨਾ ਐਨੀ ਮਿਹਨਤ ਕਰੇ ਜਿਸ ਨਾਲ ਥਕਾਵਟ ਹੋ ਕੇ ਭਜਨ ਵਿਚ ਵਿਘਨ ਪਵੇ ਅਤੇ ਐਸਾ ਵੀ ਨਾ ਕਰੇ ਕਿ ਹਮੇਸ਼ਾ ਵਾਸਤੇ ਆਲਸੀ ਹੋ ਕੇ ਭਜਨ ਵਲ ਰੁਚੀ ਹੀ ਨਾ ਰੱਖੇ। ਐਸਾ ਮਹਾਂਪੁਰਸ਼ਾਂ ਦਾ ਵਿਧਾਨ ਹੈ ਕਿ ਰਾਤ ਨੂੰ ਸੱਤ ਘੰਟੇ ਤੋਂ ਵੱਧ ਨਾ ਸੌਣਾ। ਜ਼ਿਆਦਾ ਸੌਣ ਨਾਲ ਤਮੋ ਗੁਣ ਵਧਦਾ ਚਲਾ ਜਾਂਦਾ ਹੈ। ਚਾਰ ਘੰਟੇ ਤੋਂ ਘੱਟ ਵੀ ਨਹੀਂ ਸੌਣਾ ਚਾਹੀਦਾ ਜਿਸ ਨਾਲ ਭਜਨ ਕਰਨ ਸਮੇਂ ਨੀਂਦ ਆਵੇ। ਲੰਮੇ ਵਰਤ ਨਹੀਂ ਰੱਖਣੇ ਚਾਹੀਦੇ। ਜੇ ਭਲਾ ਰਖਣੇ ਹੋਣ ਤਾਂ ਹਫਤੇ ਵਿਚ ਇਕ ਦਿਨ ਦਾ ਰੱਖ ਕੇ ਖੁਰਾਕ ਵਿਚ ਫਰਕ ਪਾ ਲਵੇ ਜਿਸ ਨਾਲ ਹਫਤੇ ਵਿਚ ਪੈਦਾ ਹੋਏ ਸਰੀਰਕ ਅਤੇ ਮਾਨਸਿਕ ਵਿਕਾਰ ਨਵਿਰਤ ਹੁੰਦੇ ਰਹਿਣ। ਵਰਤ ਵਾਲੇ ਦਿਨ ਅਨਾਜ ਵਗੈਰਾ ਤਿਆਗ ਦੇਵੇ, ਦੁੱਧ ਫਲ ਆਦਿ ਹਲਕਾ ਆਹਾਰ ਲੈਣਾ ਚਾਹੀਦਾ ਹੈ। ਬਿਲਕੁਲ ਭੁੱਖੇ ਰਹਿਣ ਨਾਲ ਜੇ ਮਸਤਕ ਵਿਚ ਖੁਸ਼ਕੀ ਪਹੁੰਚ ਜਾਵੇ ਤਾਂ ਭਜਨ ਵਿਚ ਸੁਰਤੀ ਨਹੀਂ ਲਗਦੀ, ਵਿਘਨ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਸਰੀਰ ਵਿਕਾਰੀ ਹੋ ਜਾਂਦਾ ਹੈ। ਜੇ ਰਜੋਗੁਣੀ ਮਨ ਬਣ ਜਾਵੇ ਤਾਂ ਉਸ ਦੀ ਚੰਚਲਤਾ ਦੇ ਕਾਰਣ ਬਿਰਤੀ ਇਕਾਗਰ ਨਹੀਂ ਹੋਇਆ ਕਰਦੀ। ਅਲਪ ਅਹਾਰ ਹੀ ਇਸ ਦਾ ਸਭ ਤੋਂ ਅੱਛਾ ਰਸਤਾ ਹੈ।

ਲੰਮੇ ਵਰਤ ਰੱਖਣ ਨਾਲ ਪਿਤ ਜ਼ਿਆਦਾ ਵਧ ਜਾਂਦੀ ਹੈ, ਆਂਤੜੀ ਵਿਚ ਮਲ ਸੁੱਕ ਜਾਂਦਾ ਹੈ ਅਤੇ ਅੰਦਰ ਹੀ ਗੈਸ ਵਗੈਰਾ ਬਣਨ ਲਗ ਜਾਂਦੀ ਹੈ। ਇਸ ਕਰਕੇ ਵਰਤ ਰੱਖਣ ਦੀ ਥਾਂ ਅਲਪ ਅਹਾਰ ਹੀ ਸਭ ਤੋਂ ਚੰਗਾ ਸਾਧਨ ਹੈ। ਖੱਟੇ ਫਲ ਦੁੱਧ ਨਾਲ ਨਹੀਂ ਖਾਣੇ ਚਾਹੀਦੇ। ਜੇ ਭਲਾ ਕਿਸੇ ਨੇ ਲੰਮਾ ਵਰਤ ਰਖ ਹੀ ਲਿਆ ਤਾਂ ਉਸ ਨੂੰ ਮੂੰਗੀ ਆਦਿ ਦੇ ਪਾਣੀ

ਨਾਲ ਹੌਲੀ ਹੌਲੀ ਤੋੜੇ। ਲੰਮੇ ਵਰਤਾਂ ਪਿਛੋਂ ਪਾਚਨ ਸ਼ਕਤੀ ਖਰਾਬ ਹੋ ਜਾਂਦੀ ਹੈ, ਇਸ ਕਰਕੇ ਗੁਰਮਤਿ ਮਾਰਗ ਵਿਚ ਅਲਪ ਅਹਾਰ ਹੀ ਪ੍ਰਧਾਨ ਹੈ। ਸੋ ਪਹਿਲਾ ਨਿਯਮ ਤਪ ਹੈ। ਇਹ ਤਿੰਨ ਪ੍ਰਕਾਰ ਦਾ ਹੁੰਦਾ ਹੈ - ਤਮੋ ਗੁਣੀ, ਰਜੋ ਗੁਣੀ ਅਤੇ ਸਤੋ ਗੁਣੀ।

**(ੳ) ਤਮੋ ਗੁਣੀ ਤਪ** – ਭੁੱਖੇ ਰਹਿਣਾ, ਅੱਗਾਂ ਜਲਾ ਕੇ ਉਨ੍ਹਾਂ ਅਗਨੀਆਂ ਦੇ ਵਿਚਾਲੇ ਬੈਠਣਾ, ਧੁੱਪ ਵਿਚ ਬੈਠਣਾ, ਪਾਣੀ ਵਿਚ ਖੜ੍ਹੇ ਹੋਣਾ, ਇਸ ਨੂੰ ਤਾਮਸੀ ਤਪ ਕਹਿੰਦੇ ਹਨ। ਇਸ ਦੇ ਕਰਨ ਨਾਲ ਬਹੁਤ ਸਾਰੇ ਵਿਕਾਰ ਪੈਦਾ ਹੋ ਜਾਂਦੇ ਹਨ। ਇਸ ਕਰਕੇ ਇਨ੍ਹਾਂ ਤਪਾਂ ਤੋਂ ਸਾਵਧਾਨ ਰਹਿ ਕੇ ਸਤੋ ਗੁਣ ਤਪ ਹੀ ਲਾਭਦਾਇਕ ਹੈ।

ਤਾਮਸੀ ਤਪ ਇਸੇ ਤਰ੍ਹਾਂ ਨਾਲ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਵਪਾਰੀ ਲੱਕੜਾਂ ਜਾਂ ਤੂੜੀ ਦਾ ਵਪਾਰ ਕਰਦਾ ਹੈ। ਉਸ ਨੂੰ ਖੇਚਲ ਬਹੁਤ ਸਹਿਣੀ ਪੈਂਦੀ ਹੈ ਪਰ ਲਾਭ ਬਹੁਤ ਘੱਟ ਮਿਲਦਾ ਹੈ। ਕਈ ਵਾਰੀ ਤਾਂ ਦੇਖਿਆ ਗਿਆ ਹੈ ਕਿ ਤਮੋ ਗੁਣੀ ਤਪ ਕਰਨ ਵਾਲਿਆਂ ਦੇ ਸਰੀਰ ਬਿਮਾਰੀਆਂ ਨਾਲ ਘਿਰ ਜਾਂਦੇ ਹਨ ਅਤੇ ਗਲਤ ਕਰਮ ਦੀ ਸਜ਼ਾ ਸਰੀਰ ਨੂੰ ਮਿਲਦੀ ਰਹਿੰਦੀ ਹੈ। ਇਸ ਤਪ ਵਿਚ ਹੋਰ ਵੀ ਪੱਖ ਹਨ ਕਿ ਕਿਸੇ ਨਾਲ ਵੈਰ ਭਾਵ ਰੱਖ ਕੇ ਕਿਸੇ ਮੰਤਰ ਦਾ ਪਾਠ ਕਰਨਾ, ਕਿਸੇ ਵਿਧੀ ਨਾਲ ਦੂਸਰੇ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਆਪਣੀ ਅੰਦਰਲੀ ਲਹਿਰ ਪ੍ਰਜ੍ਵਲਤ ਕਰਨਾ, ਇਹ ਵੀ ਤਾਮਸੀ ਤਪ ਹੋਇਆ ਕਰਦਾ ਹੈ। ਇਸ ਤਪ ਨਾਲ ਕਦੇ ਭੁੱਲ ਕੇ ਵੀ ਗਿਆਨ ਨਹੀਂ ਹੋਇਆ ਕਰਦਾ। ਮਨ ਵੀ ਸ਼ਾਂਤ ਨਹੀਂ ਰਹਿੰਦਾ, ਕ੍ਰੋਧ ਦਾ ਨਿਵਾਸ ਸਰੀਰ ਵਿਚ ਹੋ ਜਾਂਦਾ ਹੈ, ਤਮੋਗੁਣੀ ਤਪੀਏ ਕਿਸੇ ਨੂੰ ਪ੍ਰਸੰਨਤਾ ਨਾਲ ਵਰ ਨਹੀਂ ਦੇ ਸਕਦੇ, ਇਸ ਦੇ ਵਿਪਰੀਤ ਉਹ ਸਰਾਪ ਹੀ ਦੇਣਗੇ।

**(ਅ) ਰਾਜਸੀ ਤਪ** – ਇਸ ਤਪ ਵਿਚ ਸਾਵਧਾਨ ਹੋਣਾ ਪੈਂਦਾ ਹੈ ਅਤੇ ਆਪਣੇ ਆਪ ਦੀ ਪੜਚੋਲ ਕਰਕੇ ਬੇਕਾਬੂ ਹੋਈਆਂ ਇੰਦ੍ਰੀਆਂ ਅਤੇ ਬੇਕਾਬੂ ਹੋਇਆ ਮਨ ਜੋ ਵਿਕਾਰਾਂ ਵਲ ਦੌੜਦਾ ਹੈ, ਉਸਨੂੰ ਰੋਕਣ ਵਾਸਤੇ ਸ਼ੁਭ ਕਰਮ ਕਰਨੇ, ਮਹਾਂਪੁਰਸ਼ਾਂ ਦੀ ਬਾਣੀ ਦੀ ਵਿਚਾਰ ਕਰਨੀ, ਸੇਵਾ ਕਰਨੀ, ਸਤਿਸੰਗ ਕਰਨਾ ਅਤੇ ਸਾਧਨ ਕਰਕੇ ਇੰਦ੍ਰੀਆਂ ਅਤੇ ਮਨ ਨੂੰ ਵਿਕਾਰਾਂ ਤੋਂ ਰੋਕਣਾ; ਇਸ ਨਾਲ ਅੰਦਰੋਂ ਮੈਲ ਦੂਰ ਹੋਣ ਲਗ ਜਾਂਦੀ ਹੈ ਅਤੇ ਕੁਝ ਲਾਭ ਪ੍ਰਾਪਤ ਹੁੰਦਾ ਹੈ।

**(ੲ) ਸਾਂਤਕੀ ਤਪ** – ਤੀਸਰਾ ਜੋ ਸ੍ਰੇਸ਼ਟ ਤਪ ਹੈ ਉਹ ਸ੍ਰੇਸ਼ਟ ਸਾਧਨਾ ਨਾਲ ਬਿਰਤੀਆਂ ਨੂੰ ਕੇਂਦਰਤ ਕਰਨ ਲਈ ਅੰਦਰ ਲੈ ਜਾਣਾ ਅਤੇ ਬਿਰਤੀ ਨੂੰ ਇਕ ਧੇਅ ਉਪਰ ਟਿਕਾ ਕੇ ਰੱਖਣਾ ਇਹ **'ਸਾਂਤਕੀ ਤਪ'** ਹੋਇਆ ਕਰਦਾ ਹੈ। ਇਸਨੂੰ ਹੋਰ ਸਮਝਾਉਣ ਲਈ ਦੱਸਿਆ ਜਾਂਦਾ ਹੈ ਕਿ ਬਾਣੀ ਦਾ ਤਪ ਬਹੁਤ ਜ਼ਰੂਰੀ ਹੋਇਆ ਕਰਦਾ ਹੈ ਬਹੁਤ ਸਾਰੇ ਪ੍ਰੇਮੀ ਜਦੋਂ ਪਾਠ ਕਰਦੇ ਹਨ ਤਾਂ ਨਾਲ ਹੀ ਗੱਲਾਂ ਦਾ ਹੁੰਗਾਰਾ ਵੀ ਭਰੀ ਜਾਂਦੇ ਹਨ, ਬੰਦਗੀ ਕਰਦੇ ਹੋਏ ਬੋਲੀ ਜਾਂਦੇ ਹਨ। ਇਸ ਤਰ੍ਹਾਂ ਬਾਣੀ ਉਪਰ ਸੰਜਮ ਰੱਖਣਾ। ਜੇ ਬਹੁਤ ਹੀ ਲੋੜ ਹੋਵੇ ਤਾਂ ਕੇਵਲ ਸੱਚੇ, ਪਿਆਰੇ ਅਤੇ ਲੋੜ ਮੁਤਾਬਿਕ ਸਨਮਾਨ ਕਰਨ ਵਾਸਤੇ ਬਾਣੀ ਵਿਚੋਂ ਬਚਨ ਕੱਢਣੇ। ਆਮ ਅਵਸਥਾ ਵਿਚ ਬਾਣੀ ਦੇ ਉਤੇ ਸੰਜਮ ਰਖਣਾ। ਬਹੁਤ ਸਾਰੇ ਤਪੀਏ ਕਿਸੇ ਖਾਸ ਦਿਨ ਕੁਝ ਸਮੇਂ ਲਈ ਮੋਨ ਵਰਤ ਵੀ ਰਖ ਲੈਂਦੇ ਹਨ। ਬਾਣੀ ਨੂੰ ਸੰਜਮ ਵਿਚ ਰਖਣਾ, ਕੇਵਲ ਦੇਖਾ-ਦੇਖੀ ਮੋਨ ਰਖਣਾ ਹਾਨੀਕਾਰਕ ਹੁੰਦਾ ਹੈ ਕਿਉਂਕਿ ਉਸ ਨੇ ਬੋਲਣਾ ਤਾਂ ਬੰਦ ਕਰ ਦਿਤਾ ਪਰ ਉਸ ਦੇ ਅੰਦਰ ਵਿਚਾਰਾਂ ਦਾ ਘਸਮਾਨ ਪਿਆ ਰਹਿੰਦਾ ਹੈ। ਇਸ ਕਰਕੇ ਦੇਖਾ ਦੇਖੀ ਮੋਨ ਰਖਣਾ ਹਾਨੀਕਾਰਕ ਹੁੰਦਾ ਹੈ। ਕੇਵਲ ਥੋੜ੍ਹੇ ਚਿਰ ਲਈ ਮਨ ਵਿਚ ਆਪਣੀ ਬਾਣੀ ਨੂੰ ਮੋਨ ਰਖਣਾ ਸਹਾਇਕ ਹੋਇਆ ਕਰਦਾ ਹੈ। ਇਸੇ ਤਰ੍ਹਾਂ ਮਨ ਦਾ ਤਪ ਬਹੁਤ ਲਾਭਕਾਰੀ ਹੋਇਆ ਕਰਦਾ ਹੈ। ਮਨ ਨੂੰ ਸੰਜਮ ਵਿਚ ਰੱਖਣ ਵਾਸਤੇ ਹਿੰਸਕ, ਬੁਰੀਆਂ ਭਾਵਨਾਵਾਂ, ਅਪਵਿੱਤਰ ਵਿਚਾਰਾਂ ਨੂੰ ਮਨ ਵਿਚੋਂ ਹਟਾ ਕੇ ਸ਼ੁਭ ਵਿਚਾਰ ਭਰਨੇ। ਦੂਸਰੇ ਦੇ ਭਲੇ ਵਾਸਤੇ ਸੋਚਣਾ, ਦੂਸਰਿਆਂ ਨੂੰ ਸਹਿਯੋਗ ਦੇਣਾ; ਐਸੇ ਵਿਚਾਰ ਕਰਨ ਨਾਲ ਮਾੜੇ ਵਿਚਾਰ ਖਤਮ ਹੋ ਜਾਇਆ ਕਰਦੇ ਹਨ। ਭਵਿੱਖ ਦੀਆਂ ਗੱਲਾਂ ਸੋਚੀ ਜਾਂਦੇ ਹਨ ਜਿਸ ਨੂੰ ਹਵਾਈ ਕਿਲੇ ਕਹਿੰਦੇ ਹਨ, ਹਵਾਈ ਕਿਲੇ ਬਣਾਈ ਜਾਣਾ। ਇਨ੍ਹਾਂ ਤੋਂ ਮਨ ਨੂੰ ਸ਼ਾਂਤ ਰਖਣਾ ਚਾਹੀਦਾ ਹੈ। ਫਲ ਨਾ ਚਾਹੁਣ ਵਾਲੇ ਨਿਸ਼ਕਾਮ ਯੋਗੀ ਪੁਰਸ਼ਾਂ ਦੁਆਰਾ ਪਰਮ ਸ਼ਰਧਾ ਨਾਲ ਕੀਤੇ ਹੋਏ ਇਸ ਤਿੰਨ

ਪ੍ਰਕਾਰ ਦੇ ਤਪ ਨੂੰ ਸਾਂਤਕੀ ਤਪ ਕਹਿੰਦੇ ਹਨ। ਜਿਹੜਾ ਤਪ ਆਪਣੀ ਮਾਣ, ਵਡਿਆਈ ਅਤੇ ਪੂਜਾ ਵਾਸਤੇ ਕੇਵਲ ਪਾਖੰਡ ਧਾਰਨ ਕਰਕੇ ਕੀਤਾ ਜਾਂਦਾ ਹੈ, ਉਸਦਾ ਫਲ ਥੋੜ੍ਹੀ ਦੇਰ ਰਹਿਣ ਵਾਲਾ ਹੁੰਦਾ ਹੈ। ਜਿਹੜਾ ਤਪ ਮੂੜ੍ਹਤਾਪੂਰਵਕ ਹਠ ਨਾਲ, ਮਨ ਅਤੇ ਸਰੀਰ ਨੂੰ ਪੀੜਾ ਦੇ ਕੇ ਅਤੇ ਦੂਸਰੇ ਦਾ ਬੁਰਾ ਕਰਨ ਦੇ ਲਈ ਕੀਤਾ ਜਾਂਦਾ ਹੈ, ਉਹ ਤਾਮਸੀ ਤਪ ਹੋਇਆ ਕਰਦਾ ਹੈ। ਸਭ ਤੋਂ ਚੰਗਾ ਤਪ ਸਵੈਅਧਿਆਇ ਹੈ। ਇਸ ਵਿਚ ਆਪਣੇ ਮਨ ਨੂੰ ਫੁਰਨਿਆਂ ਤੋਂ ਇਕਾਗਰ ਕਰਕੇ ਗੁਰੂ ਦੇ ਸ਼ਬਦ ਨਾਲ ਮਨ ਨੂੰ ਲਾ ਕੇ ਉਸ ਦਾ ਅਭਿਆਸ ਕਰਨਾ, ਅਸਲੀ ਤਪ ਹੋਇਆ ਕਰਦਾ ਹੈ। ਸਵੈਅਧਿਆਇ ਤਪ ਕਿਸੇ ਪੂਰਨ ਮਹਾਂਪੁਰਸ਼ ਅਤੇ ਗੁਰੂ ਦੀ ਸੰਗਤ ਕਰਕੇ ਛੇਤੀਂ ਸਿੱਧ ਹੁੰਦਾ ਹੈ।

**2. ਸੰਤੋਖ** – ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ ਰਾਜਨ! ਪਹਿਲਾ ਨੇਮ ਤਪ ਹੋਇਆ ਕਰਦਾ ਹੈ। ਦੂਸਰਾ ਨੇਮ 'ਸੰਤੋਖ' ਹੈ। ਸੰਤੋਖ ਵੀ ਕਈ ਤਰ੍ਹਾਂ ਦਾ ਹੁੰਦਾ ਹੈ। ਹੱਥ ਵਿਚ ਕੋਈ ਵੀ ਪਦਾਰਥ ਪ੍ਰਾਪਤ ਨਹੀਂ ਹੁੰਦਾ, ਪਰ ਫੇਰ ਜੇ ਕਹੇ ਕਿ ਮੈਂ ਸੰਤੋਖੀ ਹਾਂ ਤਾਂ ਮਿਥਿਆ ਵਾਕ ਹੈ। ਇਹ ਗੱਲ ਕਹਿਣ ਨਾਲ ਚਿੱਤ ਵਿਚ ਕੋਈ ਖੁਸ਼ੀ ਨਹੀਂ ਆਉਂਦੀ। ਮਨ ਤਾਂ ਪਦਾਰਥ ਦੇ ਵਿਚ ਪਿਆ ਹੈ, ਇਹ ਤਾਂ ਆਪਣੀ ਵਡਿਆਈ ਕਰਨ ਲਈ ਕਿਹਾ ਜਾਂਦਾ ਹੈ।

ਦੂਸਰਾ ਸੰਤੋਖ ਹੈ ਜੀਅ ਭਰ ਕੇ ਮਿਹਨਤ ਕਰੇ, ਚਾਹੇ ਨੌਕਰੀ ਕਰਦਾ ਹੈ, ਚਾਹੇ ਵਿਹਾਰ ਕਰਦਾ ਹੈ, ਚਾਹੇ ਖੇਤੀ ਕਰਦਾ ਹੈ; ਜਿਥੇ ਵੀ ਮਿਹਨਤ ਕਰਦਾ ਹੈ, ਪੂਰੀ ਇਮਾਨਦਾਰੀ ਨਾਲ ਮਿਹਨਤ ਕਰੇ। ਉਥੋਂ ਜੋ ਲਾਭ ਪ੍ਰਾਪਤ ਹੋਇਆ, ਉਸ ਉਪਰ ਸੰਤੋਖ ਧਾਰਨ ਕਰੇ। ਕਈ ਵਾਰੀ ਐਸਾ ਹੁੰਦਾ ਹੈ ਕਿ ਮਨ ਇੱਛਤ ਲਾਭ ਪ੍ਰਾਪਤ ਨਹੀਂ ਹੁੰਦਾ। ਇਸ ਕਰਕੇ 'ਯਥਾਲਾਭ ਸੰਤੁਸ਼ਟੇ' ਯਾਨੀ ਜੋ ਮਿਲ ਜਾਏ ਉਸ ਉਪਰ ਹੀ ਸੰਤੋਖ ਰੱਖੇ। ਭਜਨ ਕਰਨ ਵਾਲੇ ਇਹ ਸੰਤੋਖ, ਬਗੈਰ ਕਿਸੇ ਦੋਖ ਤੋਂ ਧਾਰਨ ਕਰਦੇ ਹਨ।

ਤੀਸਰੀ ਕਿਸਮ ਦਾ ਸੰਤੋਖ ਹੈ ਕਿ ਜੇ ਮਿਹਨਤ ਕਰਨ ਤੇ ਵੀ ਫਲ ਪ੍ਰਾਪਤ ਨਹੀਂ ਹੋਇਆ ਤਾਂ ਵੀ ਆਪਣੀ ਖੁਸ਼ੀ ਭੰਗ ਨਾ ਕਰੇ ਅਤੇ ਜੇ ਪ੍ਰਾਪਤ ਹੋ ਗਿਆ ਤਾਂ ਵਾਹਿਗੁਰੂ ਦਾ ਸ਼ੁਕਰ ਕਰੇ, ਆਪਣੀ ਬਿਰਤੀ ਨੂੰ ਸਮਾਨ ਰੱਖੇ।

ਇਸ ਤੋਂ ਇਲਾਵਾ ਮਾਨਸਕ ਸੰਤੋਖ ਹੈ ਜੋ ਆਪਣੇ ਸਰੀਰ ਨਾਲ, ਇੰਦ੍ਰੀਆਂ ਨਾਲ ਸਬੰਧ ਰਖਦਾ ਹੈ। ਨੇਤਰਾਂ ਦੇ ਨਾਲ ਮਹਾਂਪੁਰਸ਼ਾਂ ਦੇ ਦਰਸ਼ਨ ਕਰੇ, ਕੰਨਾਂ ਨਾਲ ਉਨ੍ਹਾਂ ਦੇ ਬਚਨ ਸਰਵਣ ਕਰੇ। ਆਪਣੀਆਂ ਗਿਆਨ ਇੰਦ੍ਰੀਆਂ, ਪੰਜੇ ਕਰਮ ਇੰਦ੍ਰੀਆਂ ਨੂੰ ਨਿਯਮ ਵਿਚ ਰੱਖੇ। ਇਹ ਇੰਦ੍ਰੀਆਂ ਦਾ ਸੰਤੋਖ ਕਹਾਉਂਦਾ ਹੈ, ਇਸੇ ਤਰ੍ਹਾਂ ਨਾਲ ਮਨ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਰੱਖੇ, ਗੁਰੂ ਸ਼ਬਦ ਨਾਲ ਜੋੜ ਕੇ ਰੱਖੇ, ਇਹ ਮਾਨਸਕ ਸੰਤੋਖ ਹੋਇਆ ਕਰਦਾ ਹੈ।

***ਤੀਸਰ ਆਸਤਕ ਬੁਧਿ ਹੈ ਗੁਰੁ ਬਚ ਦ੍ਰਿੜ ਨਿਸ਼ਚਾਇ॥***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 532***

3. ਤੀਸਰਾ ਜੋ ਨਿਯਮ ਹੈ ਉਹ ਹੈ **'ਆਸਤਕ ਬੁੱਧੀ'**। ਸ਼ਰਧਾ ਵਾਲੀ ਬੁੱਧੀ ਧਾਰਨ ਕਰੇ। ਗੁਰੂ ਦੇ ਬਚਨਾਂ ਉਤੇ ਪੂਰਾ ਨਿਸ਼ਚਾ ਰੱਖੇ, ਕਦੇ ਭੁੱਲ ਕੇ ਵੀ ਗੁਰੂ ਦੇ ਬਚਨਾਂ ਨੂੰ ਸ਼ੰਕੇ ਦੇ ਖੇਤਰ ਵਿਚ ਨਾ ਲਿਆਵੇ। ਗੁਰੂ ਉਤੇ ਆਸਤਕ ਬੁੱਧੀ ਧਾਰਨ ਕਰੇ ਅਤੇ ਉਸ ਨੂੰ ਪ੍ਰਮੇਸ਼ਰ ਦਾ ਸਾਖਸ਼ਾਤਕਾਰ ਰੂਪ ਜਾਣੇ ਜਿਸ ਦੀ ਪ੍ਰੋੜ੍ਹਤਾ ਬਾਣੀ ਵਿਚ ਵੀ ਦੱਸੀ ਗਈ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ – 442***

ਜਿਹੜਾ ਵੀ ਪ੍ਰੇਮੀ ਗੁਰੂ ਨੂੰ ਮਨੁੱਖ ਰੂਪ ਕਰਕੇ ਜਾਣਦਾ ਹੈ ਉਹ ਆਸਤਕ ਬੁੱਧੀ ਵਾਲਾ ਨਹੀਂ ਹੈ। ਜਿਹੜੇ 'ਗੁਰ ਪਰਮੇਸਰ ਏਕੋ ਹੈ' ਦੇ ਨਿਸ਼ਚੇ ਨਾਲ ਗੁਰ ਉਪਦੇਸ਼ ਧਾਰਨ ਕਰਦੇ ਹਨ ਉਨ੍ਹਾਂ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਗੁਰੂ ਉਪਰ ਕਈ ਕਿਸਮ ਦੇ ਨਿਸ਼ਚੇ ਹੋਇਆ ਕਰਦੇ ਹਨ। ਪਹਿਲਾ ਨਿਸ਼ਚਾ ਹੈ ਕਿ ਮੇਰਾ ਗੁਰੂ ਚੰਗਾ ਸੰਤ ਹੈ, ਦੂਸਰਾ ਨਿਸ਼ਚਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ, ਤੀਸਰਾ ਨਿਸ਼ਚਾ ਹੋਇਆ ਕਰਦਾ ਹੈ ਮੇਰਾ ਗੁਰੂ ਵਾਹਿਗੁਰੂ ਵਰਗਾ ਹੈ, ਚੌਥਾ ਜੋ ਨਿਸ਼ਚਾ ਹੈ ਉਹ ਇਹ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪਾਰਬ੍ਰਹਮ ਪ੍ਰਮੇਸ਼ਵਰ ਹੈ। ਇਹ ਆਸਤਕ ਬੁੱਧੀ ਦਾ ਨਿਸ਼ਚਾ ਹੈ ਕਿਉਂਕਿ ਗੁਰੂ ਦੇ ਬਚਨ ਉਪਰ ਓਨੀਂ ਦੇਰ ਤਕ ਵਿਸ਼ਵਾਸ਼ ਨਹੀਂ ਆਉਂਦਾ ਜਿੰਨੀ ਦੇਰ ਤਕ ਆਸਤਕ ਬੁੱਧੀ ਧਾਰਨ ਨਹੀਂ ਕੀਤੀ ਜਾਂਦੀ।

ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਵਿਚ ਇਕ ਮਿਸਾਲ ਆਉਂਦੀ ਹੈ ਕਿ ਆਪ ਨੇ ਪਾਸ ਬੈਠੇ ਗੁਰਸਿੱਖਾਂ ਨੂੰ ਪੁਛਿਆ ਕਿ ਭਾਈ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਭਾਈ ਬਾਲਾ ਜੀ ਨੇ ਉਤਰ ਵਿਚ ਕਿਹਾ ਕਿ ਜੀ ਉਹ ਪੂਰਨ ਸੰਤ ਸਨ; ਆਪ ਨੇ ਫੁਰਮਾਨ ਕੀਤਾ ਕਿ ਚੰਗਾ ਭਾਈ! ਤੂੰ ਪੂਰਨ ਸੰਤ ਹੋਇਆ। ਬਾਬਾ ਬੁੱਢਾ ਜੀ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਮਹਾਰਾਜ ਪੂਰਨ ਬ੍ਰਹਮਗਿਆਨੀ ਸਨ; ਆਪ ਨੇ ਕਿਹਾ ਚੰਗਾ ਭਾਈ ਤੁਸੀਂ ਬ੍ਰਹਮਗਿਆਨੀ ਹੋਏ। ਜਦੋਂ ਸਾਰਿਆਂ ਨੇ ਗੁਰੂ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ ਤਾਂ ਆਪ ਨੇ ਪੂਰਨ ਭਾਵ ਵਿਚ ਆ ਕੇ ਫੁਰਮਾਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ***'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ'*** ਉਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਵਰ, ਗੁਰੂ ਰੂਪ ਵਿਚ ਸੰਸਾਰ ਤੇ ਪ੍ਰਗਟ ਹੋਏ ਸਨ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਤੇ ਕਿਹਾ ਕਿ ਇਸੇ ਕਰਕੇ ਮਹਾਰਾਜ ਆਪ ਉਨ੍ਹਾਂ ਦਾ ਹੀ ਰੂਪ ਬਣ ਗਏ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਉਪਰ ਜਿੰਨੀ ਸ਼ਰਧਾ ਹੋਵੇਗੀ ਓਨਾਂ ਹੀ ਰੂਹਾਨੀ ਸਫਰ ਛੇਤੀਂ ਤਹਿ ਹੋਵੇਗਾ।

4. ਚੌਥਾ ਨੇਮ **'ਦਾਨ'** ਹੋਇਆ ਕਰਦਾ ਹੈ। ਇਸ ਦੇ ਵੀ

ਭੇਦ ਹਨ। ਇਸ ਦੇ ਬਾਰੇ ਐਸਾ ਲਿਖਿਆ ਹੈ –

***ਚੌਥੇ ਦਾਨ ਦੇਨਿ ਕੋ ਦਾਤਾ।***
***ਤਮ, ਰਜ, ਸਤ ਗੁਨ ਤਿੰਹ ਤ੍ਰੈ ਭਾਂਤਾ।***
***ਕਲਹਿ ਕ੍ਰੋਧ ਸੋਂ ਬਿਨ ਸ਼ੁਭ ਕਾਲਾ।***
***ਦੇਤਿ ਤਾਮਸੀ ਰੀਤਿ ਬਿਸਾਲਾ॥ ੪੭॥***
***ਨਿਜ ਜਸ ਹੇਤ ਦੇਤਿ ਜੋ ਦਾਨਾ।***
***ਅਹੈ ਰਾਜਸੀ, ਫਲ ਲਘੁ ਜਾਨਾ॥***
***ਕਰਿ ਕੈ ਬਿਨੈ ਦੇਯਨਰ ਦੇਖੀ।***
***ਏਹੁ ਸ਼ਾਂਤਕੀ ਫਲਤਿ ਵਿਸ਼ੇਖੀ॥ ੪੮॥***
***ਦੋਹਰਾ॥ ਵਾਹਿਗੁਰੂ ਕੋ ਜਾਨਿਕੈ ਸਭੈ ਪਦਾਰਥ ਦੇਇ॥***
***ਤਨਕ ਨ ਅਪਨਾ ਮਾਨਈ ਤਾਂਹਿ ਅਖੈ ਫਲ ਲੇਇ॥ ੪੯॥***
***ਚੌਪਈ॥ ਦਰਬ ਕਿਧੌਂ ਬਿੱਦਯਾ ਕੌ ਦਾਨਾ।***
***ਦੇਤਿ ਸ਼ਾਂਤਕੀ ਹ੍ਵੈ ਨਿਰਮਾਨਾ।***
***ਤਿਹੰ ਕੋ ਫਲ ਹ੍ਵੈ ਅਮਿਤ ਬਿਸਾਲਾ।***
***ਬੇਦ ਸੰਤ ਭਾਖਤਿ ਇਸ ਢਾਲਾ॥ ੫੦॥***

ਦਾਨ ਦੇਣ ਦੇ ਬਹੁਤ ਸਾਰੇ ਭੇਦ ਹਨ। ਦਾਨ ਦੇਣ ਨਾਲ ਆਦਮੀ ਦੇ ਅੰਦਰੋਂ ਮਾਇਆ ਦਾ ਮੋਹ ਕਟਦਾ ਹੈ ਅਤੇ ਦਾਨ ਸਫਲ ਹੁੰਦਾ ਹੈ ਜਿਸ ਬਾਰੇ ਫੁਰਮਾਨ ਹੈ –

***ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***

***ਨਸੀਹਤਨਾਮਾ***

ਦਾਨ ਦੇਣ ਨਾਲ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਕਮਾਈ ਸ਼ੁਧ ਹੋ ਜਾਂਦੀ ਹੈ ਅਤੇ ਸਤੋ ਗੁਣੀ ਖਿਆਲ ਪੈਦਾ ਹੋ ਜਾਂਦੇ ਹਨ ਜੋ ਭਜਨ ਕਰਨ ਵਿਚ ਸਹਾਈ ਹੁੰਦੇ ਹਨ। ਇਸ ਲਈ ਕਮਾਈ ਕਰਕੇ, ਸਾਰੀ ਕਮਾਈ ਵਿਚੋਂ ਵਾਹਿਗੁਰੂ ਜੀ ਦੇ ਨਮਿਤ ਧਰਮ ਕਾਰਜਾਂ ਵਾਸਤੇ ਨਿਯਮਪੂਰਵਕ ਸ਼ਾਂਤੀ ਨਾਲ ਦਾਨ ਦੇ ਰੂਪ ਵਿਚ, ਮਾਇਆ, ਵਸਤਰ, ਦੁੱਧ, ਫਲ ਆਦਿ ਭੇਟ ਕਰੇ। ਇਸ ਦਾ ਆਮ ਅਸੂਲ ਇਹ ਹੈ ਕਿ ਦਸਵਾਂ ਹਿੱਸਾ ਗੁਰੂ ਨਮਿਤ ਕੱਢੇ। ਇਕ ਅਨੁਮਾਨ ਦੇ ਮੁਤਾਬਿਕ ਆਦਮੀ ਨੂੰ ਆਪਣੇ ਵਪਾਰ, ਖੇਤੀ ਆਦਿ ਕਾਰਜ ਵਿਚੋਂ 10% ਬਚਤ ਹੋਇਆ ਕਰਦੀ ਹੈ। ਇਸ ਕਰਕੇ ਜੇ ਸੌ ਬੋਰੀ ਅਨਾਜ ਹੋ ਜਾਵੇ ਤਾਂ ਇਕ ਬੋਰੀ ਗੁਰੂ ਨਮਿਤ ਕੱਢ ਦੇਵੇ। ਜੇ 10, 000 ਬਚਤ ਹੋਵੇ ਤਾਂ 1000 ਰੁਪਿਆ ਦੇਵੇ। 100 ਰੁਪਏ ਪਿਛੇ ਇਕ ਰੁਪਿਆ ਗੁਰੂ ਨਮਿਤ ਕੱਢੇ। ਇਸ ਨਾਲ ਮਨ ਵਿਚ ਸ਼ਾਂਤੀ ਰਹਿੰਦੀ ਹੈ, ਵਿਘਨਾਂ ਦਾ ਨਾਸ਼ ਹੋਇਆ ਕਰਦਾ ਹੈ। ਕਮਾਈ ਕਰਨ ਵੇਲੇ ਜੋ ਦੋਸ਼ ਹੁੰਦੇ ਹਨ ਉਨ੍ਹਾਂ ਦਾ ਨਾਸ਼ ਹੁੰਦਾ ਹੈ। ਜਿਵੇਂ ਜ਼ਿਮੀਦਾਰ ਖੇਤਾਂ ਵਿਚ ਕੀਟ ਨਾਸ਼ਕ ਦਵਾਈਆਂ ਨਾਲ ਕੀੜਿਆਂ ਨੂੰ ਫਸਲ ਖਰਾਬ ਹੋਣ ਤੋਂ ਮਾਰਦਾ ਹੈ, ਉਸ ਦੇ ਅਜਿਹੇ ਦੋਸ਼ ਨਿਯਮਿਤ ਦਾਨ ਦੇਣ ਨਾਲ ਨਾਸ਼ ਹੋ ਜਾਂਦੇ ਹਨ ਕਿਉਂਕਿ ਉਹ ਅਨਾਜ ਪੈਦਾ ਕਰਨ ਦਾ ਕੰਮ ਕਰਦਾ ਹੈ। ਵੈਸੇ ਦਾਨ ਦੇਣ ਦੇ ਤਿੰਨ ਭੇਦ ਹਨ –

**(i) ਤਾਮਸੀ ਦਾਨ** – ਕਲ੍ਹਾ ਤੇ ਕ੍ਰੋਧ ਵਸ ਹੋ ਕੇ ਅਤੇ ਸ਼ੁਭ ਸਮਾਂ ਵਿਚਾਰੇ ਤੋਂ ਬਿਨਾਂ ਜੋ ਦਾਨ ਦੇਣਾ ਹੈ ਉਹ ਤਾਮਸੀ ਦਾਨ ਕਹਾਇਆ ਕਰਦਾ ਹੈ – ਆਮ ਤੌਰ ਤੇ ਤਾਮਸੀ ਦਾਨ ਦੇਣਾ ਹੁੰਦਾ ਹੈ, ਉਸ ਦੀ ਚਿਤਵਨੀ ਮਨ ਵਿਚ ਕਰਦੇ ਰਹਿਣਾ, ਕ੍ਰੋਧ ਆਉਣਾ। ਤਾਮਸੀ ਦਾਨ, ਦੇਣ ਵਾਲੇ ਨੂੰ ਤੇ ਦਾਨ ਲੈਣ ਵਾਲੇ ਦੋਹਾਂ ਨੂੰ ਦੋਸ਼ ਦਿੰਦਾ ਹੈ ਕਿਉਂਕਿ ਦਾਨ ਲੈਣ ਵਾਲੇ ਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਜੋ ਇਹ ਦਾਨ ਦੇ ਰਿਹਾ ਹੈ ਕੀ ਇਸਦੀ ਵਿਤ ਤੋਂ ਵੱਧ ਤਾਂ ਨਹੀਂ? ਤਾਮਸੀ ਦਾਨ ਅੰਦਰ ਸ਼ਾਂਤੀ ਪੈਦਾ ਨਹੀਂ ਕਰਿਆ ਕਰਦਾ। ਚਿਤਵਨੀਆਂ ਤੇ ਘਾੜਤਾਂ ਬਣੀਆਂ ਰਹਿੰਦੀਆਂ ਹਨ।

**(ii) ਰਾਜਸੀ ਦਾਨ** – ਆਪਣੀ ਸ਼ੋਭਾ ਵਧਾਉਣ ਵਾਸਤੇ ਦਾਨ ਦੇ ਕੇ ਅਖਬਾਰਾਂ ਵਿਚ ਇਸ਼ਤਿਹਾਰ ਕੱਢਣੇ, ਧਰਮ ਅਸਥਾਨਾਂ ਤੇ ਪੱਥਰ ਲਵਾਉਣੇ ਰਾਜਸੀ ਦਾਨ ਹੋਇਆ ਕਰਦਾ ਹੈ। ਇਸ ਦਾ ਫਲ ਛੋਟਾ ਹੋਇਆ ਕਰਦਾ ਹੈ।

**(iii) ਸਤੋਗੁਣੀ ਦਾਨ** – ਲੋੜਵੰਦ ਨੂੰ ਦੇਖ ਕੇ ਜੋ ਦਾਨ ਸ਼ਰਧਾਪੂਰਵਕ ਨਿਮਰਤਾ ਨਾਲ ਅੰਗੀਕਾਰ ਕਰਾਇਆ ਜਾਵੇ ਉਹ ਸਤੋਗੁਣੀ ਦਾਨ ਹੁੰਦਾ ਹੈ। ਇਹ ਦਾਨ ਇਥੇ ਵੀ ਫਲਦਾ ਹੈ ਅਤੇ ਦਰਗਾਹ ਵਿਚ ਵੀ ਫਲਦਾ ਹੈ, ਅਜਿਹੇ ਦਾਨ ਦਾ ਫਲ ਦੂਜੇ ਜਨਮ ਵਿਚ ਅਮੀਰ ਹੋ ਕੇ ਭੋਗਿਆ ਜਾਂਦਾ ਹੈ। ਦਾਨ ਦੇਣ ਸਮੇਂ ਪਾਤਰ ਅਤੇ ਕੁਪਾਤਰ ਦਾ ਧਿਆਨ ਰੱਖਣਾ ਚਾਹੀਦਾ ਹੈ। ਕੁਪਾਤਰ ਨੂੰ ਦਿਤਾ ਦਾਨ ਦੁਖ ਦਿੰਦਾ ਹੈ। ਜਿਸ ਤਰ੍ਹਾਂ ਸਹੀ ਖੇਤ ਵਿਚ ਸਹੀ ਬੀਜ ਪਾਉਣ ਨਾਲ ਉਹ ਫਲਦਾ ਹੈ ਇਸੇ ਤਰ੍ਹਾਂ ਅਧਿਕਾਰੀ ਨੂੰ ਦਿਤਾ ਦਾਨ ਸੈਂਕੜੇ ਗੁਣਾਂ ਫਲਦਾ ਹੈ। ਇਸ ਵਿਚ ਹੋਰ ਧਿਆਨ ਰਖਣਾ ਚਾਹੀਦਾ ਹੈ ਕਿ ਸਾਰੇ ਪਦਾਰਥ ਸਾਨੂੰ ਵਾਹਿਗੁਰੂ ਜੀ ਨੇ ਦਿਤੇ ਹਨ; ਉਸ ਵਿਚੋਂ ਅਸੀਂ ਉਸ ਦੇ ਕੀ ਅਰਪਣ ਕਰੀਏ, ਇਹ ਇਕ ਬੜੀ ਵਿਚਾਰ ਕਰਨ ਵਾਲੀ ਗੱਲ ਹੈ। ਨਿਮਰਤਾ ਧਾਰਨ ਕਰਕੇ ਸਭ ਪਦਾਰਥ ਵਾਹਿਗੁਰੂ ਜੀ ਦੇ ਜਾਣ ਕੇ ਦਾਨ ਕਰੇ। ਐਸਾ ਕੀਤਾ ਹੋਇਆ ਦਾਨ ਬਹੁਤ ਦੇਰ ਤਕ ਫਲ ਦਿੰਦਾ ਹੈ ਅਤੇ ਇਸ ਦਾ ਨਾਸ਼ ਨਹੀਂ ਹੁੰਦਾ।

ਇਸ ਵਿਚ ਇਕ ਕਥਾ ਹੈ ਕਿ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਜਦੋਂ 1934 ਵਿਚ ਪ੍ਰਭੂ ਧਿਆਨ ਵਿਚ ਲੀਨ ਹੋਏ, ਰਾੜੇ ਸਾਹਿਬ ਬੈਠਿਆ ਕਰਦੇ ਸਨ, ਉਨ੍ਹਾਂ ਦਿਨਾਂ ਵਿਚ ਅਮੀਰ ਆਦਮੀਆਂ ਪਾਸ ਪਾਣੀ ਵਗੈਰਾ ਕੱਢਣ ਲਈ ਇੰਜਣ ਵਗੈਰਾ ਆ ਚੁੱਕੇ ਸਨ। ਰਾੜੇ ਸਾਹਿਬ ਦੇ ਇਲਾਕੇ ਨਾਲ ਨਹਿਰ ਨਹੀਂ ਸੀ ਲਗਦੀ, ਇਸ ਕਰਕੇ ਧਰਤੀ ਵਿਚੋਂ ਪਾਣੀ ਕੱਢਣਾ ਪੈਂਦਾ ਸੀ। ਇੰਜਣਾਂ ਦੀ ਆਵਾਜ਼ ਭਜਨ ਵਿਚ ਵਿਘਨ ਪੈਦਾ ਕਰਦੀ ਸੀ। ਇਕ ਦਿਨ ਸਰਦਾਰ ਮੋਹਨ ਸਿੰਘ ਜੀ ਕੋਕਾ ਕੋਲਾ ਵਾਲੇ ਮਹਾਰਾਜ ਜੀ ਅੱਗੇ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਆਪ ਦੀ ਆਗਿਆ ਹੋਵੇ ਤਾਂ ਆਪ ਦੇ ਭਜਨ ਕਰਨ ਵਾਸਤੇ ਇਕ ਸੋਹਣੀ ਇਮਾਰਤ ਬਣਾ ਦਿੰਦਾ ਹਾਂ। ਆਗਿਆ ਪ੍ਰਾਪਤ ਕਰਕੇ ਉਸ ਨੇ ਇਕ ਮੰਜ਼ਲ ਜ਼ਮੀਨ ਵਿਚ ਬਣਾਈ ਅਤੇ ਤਿੰਨ ਉਪਰ

ਬਣਾਈਆਂ। ਜ਼ਮੀਨ ਵਾਲੀ ਬਿਲਡਿੰਗ ਵਿਚ ਬਾਹਰਲੀ ਆਵਾਜ਼ ਕੋਈ ਨਹੀਂ ਸੀ ਆਉਂਦੀ। ਜਦੋਂ ਇਮਾਰਤ ਪੂਰੀ ਹੋ ਗਈ, ਮੋਹਨ ਸਿੰਘ ਜੀ ਮਹਾਰਾਜ ਜੀ ਕੋਲ ਆਏ। ਉਥੇ ਭੋਰੇ ਵਿਚ ਮੋਮਬੱਤੀ ਜਲਾਈ ਹੋਈ ਸੀ ਜੋ ਹਵਾ ਦੇ ਵੇਗ ਨਾਲ ਹਿਲ ਕੇ ਕੁਝ ਪ੍ਰਕਾਸ਼ ਦੇ ਰਹੀ ਸੀ। ਸੰਤ ਮਹਾਰਾਜ ਜੀ ਨੇ ਬਚਨ ਕੀਤਾ ਕਿ ਮੋਹਨ ਸਿੰਘ! ਤੂੰ ਅਸਾਨੂੰ ਪ੍ਰਮੇਸ਼ਰ ਨਾਲ ਨਿਰਵਿਘਨ ਜੁੜਨ ਦੇ ਸਾਧਨ ਪੈਦਾ ਕਰਕੇ ਇਹ ਮਕਾਨ ਬਣਾਇਆ ਹੈ। ਸਾਨੂੰ ਬੜੀ ਖੁਸ਼ੀ ਹੈ, ਦੱਸ ਤੈਨੂੰ ਵਾਹਿਗੁਰੂ ਤੋਂ ਕੀ ਦਿਵਾਈਏ? ਭਾਈ ਮੋਹਨ ਸਿੰਘ ਜੀ ਚੁੱਪ ਰਹੇ। ਦੂਸਰਾ ਬਚਨ ਫੇਰ ਹੋਇਆ ਤਾਂ ਵੀ ਆਪ ਚੁੱਪ ਰਹੇ। ਜਦੋਂ ਮਹਾਰਾਜ ਜੀ ਨੇ ਤੀਸਰਾ ਬਚਨ ਕੀਤਾ ਤਾਂ ਸਰਦਾਰ ਮੋਹਨ ਸਿੰਘ ਜੀ ਨੇ ਝੁਕ ਕੇ ਆਪਣਾ ਮਸਤਕ ਧਰਤੀ ਨਾਲ ਲਾ ਦਿਤਾ। ਮਹਾਰਾਜ ਜੀ ਨੇ ਕਿਹਾ ਕਿ ਤੇਰਾ ਦਾਨ ਪ੍ਰਮ ਸਤੋਗੁਣੀ ਹੈ ਅਤੇ ਸਾਡੀ ਅਰਦਾਸ ਹੈ ਕਿ ਤੈਨੂੰ ਗੁਰੂ ਮਹਾਰਾਜ ਦੀਨ ਵੀ ਦੇਣ ਤੇ ਦੁਨੀਆਂ ਵੀ ਦੇਣ। ਕਿਉਂਕਿ ਇਕੱਲੀ ਦੁਨੀਆਂ ਪ੍ਰਮੇਸ਼ਰ ਨੂੰ ਭੁਲਾਉਂਦੀ ਹੈ, ਦੀਨ ਦੀ ਮਦਦ ਨਾਲ ਦਰਗਾਹ ਵਿਚ ਸਥਾਨ ਮਿਲਦਾ ਹੈ। ਇਥੇ ਵੀ ਸੁੱਖ ਤੇ ਦਰਗਾਹ ਵਿਚ ਵੀ ਸੁੱਖ ਪ੍ਰਾਪਤ ਹੁੰਦਾ ਹੈ। ਅੱਜ ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਭਾਰਤ ਵਰਸ਼ ਵਿਚ ਅਮੀਰ ਵਿਅਕਤੀ ਜਾਣੇ ਜਾਂਦੇ ਹਨ। ਸੋ –

***ਖੇਤੁ ਪਛਾਣੈ ਬੀਜੈ ਦਾਨੁ॥*** ***ਪੰਨਾ – 1411***

ਗ੍ਰਹਿਸਤੀ ਦਾ ਇਹ ਪਰਮ ਧਰਮ ਹੈ ਕਿ ਉਹ ਹਰ ਤਰ੍ਹਾਂ ਦਾ ਦਾਨੀ ਹੋਣਾ ਚਾਹੀਦਾ ਹੈ। ਜੇ ਉਹ ਵਿਦਿਆ ਜਾਣਦਾ ਹੈ ਤਾਂ ਵਿਦਿਆ ਦਾ ਦਾਨ ਆਪਣੇ ਜਗਿਆਸੂਆਂ ਵਿਚ ਪੂਰੀ ਤਨ ਦੇਹੀ ਨਾਲ ਦੇਵੇ। ਇਸੇ ਤਰ੍ਹਾਂ ਨਾਲ ਜੇ ਉਹ ਡਾਕਟਰ ਹੈ ਤਾਂ ਆਪਣੀ ਵਿਦਿਆ ਦਾ ਦਾਨ ਮਰੀਜ਼ਾਂ ਨੂੰ ਸਵੱਸਥ ਪ੍ਰਾਪਤੀ ਦੇ ਸਾਧਨਾ ਵਿਚ ਦੇਵੇ। ਨਿਰਮਾਣ ਹੋ ਕੇ, ਸਤੋ ਗੁਣੀ ਬਿਰਤੀ ਧਾਰਨ ਕਰਕੇ ਜਦੋਂ ਕੋਈ ਆਪਣੇ ਗੁਣ ਦਾਨ ਕਰਦਾ ਹੈ ਉਸ ਨੂੰ ਬਹੁਤ ਵੱਡਾ ਫਲ ਮਿਲਦਾ ਹੈ। ਵੈਸੇ ਗ੍ਰਹਿਸਤੀ ਦਾ ਕਰਮ ਦਾਨ ਦੇਣਾ ਹੈ –

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥*** ***ਪੰਨਾ – 952***

ਇਸ ਉਪਰ ਇਕ ਕਥਾ ਹੈ ਕਿ ਮਹਾਂਭਾਰਤ ਦੇ ਯੁੱਧ ਵਿਚ ਅਰਜਨ ਤੇ ਕਰਣ ਦੋ ਸੈਨਾਪਤੀਆਂ ਵਿਚ ਯੁੱਧ ਹੋ ਰਿਹਾ ਸੀ। ਕਰਣ ਮਾਰਿਆ ਗਿਆ। ਉਸ ਤੋਂ ਪਹਿਲਾਂ ਜਦੋਂ ਉਹ ਜ਼ਖਮੀ ਹੋ ਕੇ ਗਿਰਿਆ ਸੀ ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਉਚੀ ਅਵਾਜ਼ ਵਿਚ ਕਿਹਾ ਕਿ ਐ ਸੰਸਾਰ ਦੇ ਲੋਕੋ! ਅੱਜ ਦਾਨ ਦਾ ਸੂਰਜ ਛੁਪ ਗਿਆ। ਉਸ ਵੇਲੇ ਅਰਜਨ ਨੇ ਕਿੰਤੂ ਕੀਤਾ ਕਿ ਮਹਾਰਾਜ! ਦਾਨੀ ਤਾਂ ਸੰਸਾਰ ਤੇ ਵੱਡੇ-ਵੱਡੇ ਹੋਣਗੇ। ਕਰਣ ਤਾਂ ਸਿਰਫ ਮਾਇਆ ਦਾ ਦਾਨ ਕਰਦਾ ਹੈ ਪਰ ਉਹ ਦਾਨੀ ਸਰਬੰਸਦਾਨ ਕਰਨਗੇ; ਕੀ ਇਹ ਉਨ੍ਹਾਂ ਤੋਂ ਵੀ ਵੱਡਾ ਹੈ? ਆਪ ਨੇ ਕਿਹਾ ਕਿ ਨਹੀਂ ਅਰਜਨ! ਇਹ ਮਾਇਆ ਦਾ ਵੀ ਦਾਨੀ ਹੈ ਅਤੇ ਸਰਬੰਸਦਾਨੀ ਵੀ ਹੈ।

ਇਸਨੂੰ ਦੱਸਣ ਵਾਸਤੇ ਆਪ ਨੇ ਬਿਰਧ ਦਾ ਰੂਪ ਧਾਰਨ ਕਰ ਲਿਆ। ਜਿਥੇ ਕਰਣ ਯੁੱਧ ਭੂਮੀ ਵਿਚ ਪਿਆ ਸੀ, ਉਥੇ ਜਾ ਕੇ ਬੇਨਤੀ ਕੀਤੀ ਕਿ ਦਾਨ ਦੇ ਦਾਤੇ! ਮੈਂ ਗਰੀਬ ਹਾਂ, ਤੇਰੇ ਕੋਲ ਆਇਆ ਹਾਂ, ਸੁਣਿਆ ਹੈ ਕਿ ਤੇਰੇ ਕੋਲ ਆ ਕੇ ਮਹਾਂ ਦਲਿੱਦਰੀਆਂ ਦਾ ਵੀ ਦਲਿੱਦਰ ਦੂਰ ਹੋ ਜਾਂਦਾ ਹੈ। ਪਰ ਮੇਰੀ ਮਾੜੀ ਕਿਸਮਤ ਕਿ ਤੂੰ ਇਸ ਹਾਲਤ ਵਿਚ ਪਿਆ ਹੈਂ। ਪਰ ਮੈਂ ਬਹੁਤ ਦੁਖੀ ਹਾਂ, ਮੇਰੀ ਲੜਕੀ ਦੀ ਸ਼ਾਦੀ ਹੈ, ਮੈਨੂੰ ਜ਼ਰੂਰ ਕੁਛ ਦੇਹ।

ਉਸ ਵੇਲੇ ਕਰਣ ਨੇ ਕਿਹਾ ਕਿ ਹੇ ਬ੍ਰਾਹਮਣ! ਐਸ ਵੇਲੇ ਮੇਰੇ ਪਾਸ ਕੁਝ ਵੀ ਨਹੀਂ ਹੈ, ਮੈਂ ਮੈਦਾਨੇ ਜੰਗ ਵਿਚ ਪੂਰੀ ਤਰ੍ਹਾਂ ਘਾਇਲ ਹੋ ਕੇ ਪਿਆ ਹਾਂ, ਮੇਰੇ ਤੋਂ ਹਿੱਲ ਵੀ ਨਹੀਂ ਹੁੰਦਾ। ਜੇ ਤੈਨੂੰ ਮੇਰੀ ਅੱਖ, ਨੱਕ, ਕੰਨ ਕੋਈ ਚੀਜ਼ ਚਾਹੀਦੀ ਹੈ ਤਾਂ ਮੈਂ ਆਪਣੇ ਹੱਥਾਂ ਨਾਲ ਤੈਨੂੰ ਦਾਨ ਕਰਾਂਗਾ ਪਰ ਇਸ ਕਾਰਜ ਵਾਸਤੇ ਕੋਈ ਸ਼ਸ਼ਤਰ ਲਿਆ ਦੇ। ਬ੍ਰਾਹਮਣ ਨੇ ਕਿਹਾ ਕਿ ਮੈਂ ਸੋਨਾ ਲੈਣ ਆਇਆ ਹਾਂ; ਜਦੋਂ ਤੁਸੀਂ ਗੱਲ ਕਰਦੇ ਹੋਂ, ਤੁਹਾਡੇ ਦੰਦਾਂ ਦੇ ਉਤੇ ਚਮਕ ਰਿਹਾ ਹੈ। ਕਰਣ ਨੇ ਕਿਹਾ ਕਿ ਚੰਗਾ ਹੋਇਆ ਤੂੰ ਮੈਨੂੰ ਯਾਦ ਕਰਾ ਦਿਤਾ। ਉਸ ਨੇ ਕਿਹਾ ਮੈਨੂੰ ਪੱਥਰ ਲਿਆ ਦੇ। ਬ੍ਰਾਹਮਣ ਕਹਿਣ ਲੱਗਿਆ ਕਿ ਮੈਂ ਐਸਾ ਨਿੰਦਨੀ ਕਰਮ ਨਹੀਂ ਕਰਦਾ। ਤੁਸੀਂ ਆਪ ਹੀ ਮੈਨੂੰ ਆਪਣੇ ਦੰਦ ਭੰਨ ਕੇ ਸੋਨਾ ਲਾਹ ਕੇ ਦੇਵੋ। ਕਰਣ ਦੀ ਇਕ ਪੱਥਰ ਤੇ ਨਜ਼ਰ ਪੈ ਗਈ, ਉਸ ਨੇ ਰੁੜ੍ਹ-ਰੁੜ੍ਹ ਕੇ ਉਹ ਚੁਕਿਆ ਤੇ ਜਦੋਂ ਦੰਦਾਂ ਤੇ ਮਾਰਨ ਲਈ ਹੱਥ ਚੁਕਿਆ ਤਾਂ ਕ੍ਰਿਸ਼ਨ ਮਹਾਰਾਜ ਨੇ ਬਾਂਹ ਫੜ ਲਈ ਅਤੇ ਕਿਹਾ ਕਿ ਕਰਣ! ਤੂੰ ਸਚਮੁੱਚ ਹੀ ਮਹਾਨ ਦਾਨੀ ਹੈਂ, ਉਸ ਦਾ ਫਲ ਉਸ ਨੂੰ ਬੈਕੁੰਠ ਧਾਮ ਦਾ ਵਾਸਾ ਦੇ ਦਿਤਾ।

ਇਸ ਕਰਕੇ ਆਪਣੀ ਮਾਇਆ ਦਾ ਦਾਨ, ਆਪਣੀ ਵਿਦਿਆ ਦਾ ਦਾਨ, ਆਪਣੀ ਸ਼ਕਤੀ ਦਾ ਦਾਨ ਆਦਮੀ ਨੂੰ ਅਧਿਕਾਰੀ ਦੇਖ ਕੇ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ। ਜੋ ਪ੍ਰੇਮੀ ਨਿਸ਼ਕਾਮ ਸੇਵਾ ਕਰਦੇ ਹਨ ਅਤੇ ਖੇਚਲ ਸਹਿ ਕੇ ਧਰਮ ਕਾਰਜਾਂ ਵਿਚ ਪੂਰਾ ਹਿੱਸਾ ਲੈਂਦੇ ਹਨ, ਕਥਾ ਕੀਰਤਨ ਕਰਦੇ ਹਨ ਅਤੇ ਉਸ ਦੇ ਬਦਲੇ ਕੁਝ ਵੀ ਅੰਗੀਕਾਰ ਨਹੀਂ ਕਰਦੇ, ਉਨ੍ਹਾਂ ਦੇ ਬਚਨ ਸੁਣ ਕੇ ਜਗਿਆਸੂਆਂ ਦੇ ਹਿਰਦੇ ਪ੍ਰਮੇਸ਼ਰ ਨਾਲ ਜੁੜ ਜਾਂਦੇ ਹਨ। ਉਸ ਦਾ ਬਹੁਤ ਫਲ ਹੈ। ਇਸ ਕਰਕੇ ਇਸ ਮਾਰਗ ਤੇ ਚੱਲਣ ਲਈ ਜਗਿਆਸੂ ਦਾ ਦਾਨੀ ਸੁਭਾਅ ਹੋਣਾ ਚਾਹੀਦਾ ਹੈ।

5. ਪੰਜਵਾਂ ਨਿਯਮ ਹੈ **'ਪੂਜਾ'।** ਜੋ ਪੂਜਾ ਦਿਖਾਵੇ ਦੀ ਥਾਂ ਮਨ ਨਾਲ ਕੀਤੀ ਜਾਂਦੀ ਹੈ, ਉਹ ਪੂਜਾ ਜ਼ਿਆਦਾ ਸਫਲ ਹੋਇਆ ਕਰਦੀ ਹੈ। ਬਾਹਰਲੀ ਪੂਜਾ ਭੀ ਫਲ ਦਿੰਦੀ ਹੈ ਪਰ ਉਸ ਦਾ ਐਨਾ ਵਿਸ਼ੇਸ਼ ਫਲ ਨਹੀਂ ਹੁੰਦਾ ਜਿੰਨਾ ਅੰਤਰੀਵੀ ਪੂਜਾ ਦਾ ਹੁੰਦਾ ਹੈ। ਅੰਤਰੀਵੀ ਪੂਜਾ ਲਈ ਆਪਣੇ ਧੇਅ ਨੂੰ ਸ਼ੁਭ ਆਸਣ ਉਪਰ ਬਿਠਾਵੇ, ਧੂਪ ਦੀਪ ਦੀ ਸੁਗੰਧੀ ਦੇਵੇ ਅਤੇ ਉਸ ਦੀ ਹਾਜ਼ਰੀ ਵਿਚ ਭਜਨ ਕਰੇ, ਇਹ ਅੰਤਰੀਵੀ ਉਪਾਸ਼ਨਾ ਦਾ ਹੀ ਹਿੱਸਾ ਹੈ। ਸ਼ਰਧਾ ਧਾਰਨ ਕਰਕੇ ਪੂਜਾ ਕੀਤੀ ਸਫਲ ਹੋਇਆ ਕਰਦੀ ਹੈ।

ਇਸ ਤੇ ਇਕ ਕਥਾ ਹੈ ਕਿ ਕਬੀਰ ਸਾਹਿਬ ਆਪਣੇ ਗੁਰੂ ਰਾਮਾਨੰਦ ਜੀ ਦੇ ਦਰਸ਼ਨ ਕਰਨ ਆਏ। ਉਨ੍ਹਾਂ ਨੇ ਦੇਖਿਆ ਕਿ ਉਹ ਕਮਰੇ ਅੰਦਰ ਪੂਜਾ ਕਰ ਰਹੇ ਹਨ ਤਾਂ ਆਪ ਬਾਹਰ ਹੀ ਗੁਰੂ ਦੇ ਧਿਆਨ ਵਿਚ ਬੈਠ ਗਏ। ਕੀ ਦੇਖਿਆ ਕਿ ਰਾਮਾਨੰਦ ਜੀ ਨੇ ਇਸ਼ਟ ਦੇ ਮੁਕਟ ਤਾਂ ਲਾ ਦਿਤਾ ਪਰ ਮਾਲਾ ਪਾਉਣੀ ਭੁੱਲ ਗਏ। ਹੁਣ ਜੇ ਮਾਲਾ ਪਾਉਣ ਲਈ ਮੁਕਟ ਲਾਹੁੰਦੇ ਹਨ ਤਾਂ ਪੂਜਾ ਭੰਗ ਹੁੰਦੀ ਹੈ। ਜੇ ਮਾਲਾ ਨਹੀਂ ਪਾਉਂਦੇ ਤਾਂ ਪੂਜਾ ਅਧੂਰੀ ਰਹਿੰਦੀ ਹੈ। ਸੋ ਆਪ ਨੇ ਬਾਹਰੋਂ ਹੀ ਕਿਹਾ ਕਿ ਗੁਰੂਦੇਵ! ਆਪ ਪਰੇਸ਼ਾਨ ਨਾ ਹੋਵੋ, ਮਾਲਾ ਦੀ ਗੰਢ ਖੋਲ੍ਹ ਲਓ, ਗਲ ਵਿਚ ਪਾ ਕੇ ਫੇਰ ਗੰਢ ਦੇ ਦੇਵੋ, ਇਸ ਤਰ੍ਹਾਂ ਮੁਕਟ ਲਾਹੁਣ ਦੀ ਵੀ ਲੋੜ ਨਹੀਂ ਹੈ। ਸੋ ਪੂਜਾ ਅੰਤਰ ਆਤਮੇ ਗੁਰੂ ਦਾ ਧਿਆਨ ਕਰਕੇ ਕੀਤੀ ਜਾਂਦੀ ਹੈ। ਕਿਸੇ ਵਸਤੂ ਦੀ ਲੋੜ ਨਹੀਂ ਹੁੰਦੀ। ਮਾਨਸਿਕ ਤੌਰ ਤੇ ਕਲਪਤ ਕੀਤੀ ਜਾਂਦੀ ਹੈ। ਮਹਾਂਪੁਰਸ਼ ਲੋੜ ਅਨੁਸਾਰ ਇਸ ਦੀ ਜੁਗਤੀ ਦਸ ਦਿਆ ਕਰਦੇ ਹਨ।

6. ਛੇਵਾਂ ਨੇਮ ਹੈ **'ਨਿਤਨੇਮ'।** ਗੁਰੂ ਉਪਰ ਪੂਰੀ ਸ਼ਰਧਾ ਰੱਖ ਕੇ ਉਨ੍ਹਾਂ ਦੀ ਦਿਤੀ ਹੋਈ ਬਾਣੀ ਦੀ ਵਿਚਾਰ ਕਰਨੀ ਅਤੇ ਹਰ ਰੋਜ਼ ਬਾਣੀ ਪੜ੍ਹਨੀ ਫਲੀਭੂਤ ਹੋਇਆ ਕਰਦੀ ਹੈ। ਇਸ ਵਿਚ ਬੜੀ ਸਾਵਧਾਨੀ ਦੀ ਲੋੜ ਹੈ। ਸਭ ਤੋਂ ਪਹਿਲਾਂ ਦੇਖਣਾ ਪੈਂਦਾ ਹੈ ਕਿ ਮੇਰਾ ਗੁਰੂ ਪੂਰਨ ਪੁਰਸ਼ ਹੈ ਜਾਂ ਪਾਖੰਡੀ ਹੈ, ਅੰਨ੍ਹਾ ਹੈ ਜਾਂ ਕੇਵਲ ਵਿਦਵਾਨ ਹੀ ਹੈ? ਜੇ ਪੂਰਾ ਸਤਿਗੁਰੂ ਪ੍ਰਾਪਤ ਹੋ ਜਾਵੇ ਤਾਂ ਉਸ ਉਪਰ ਪੂਰੀ ਸ਼ਰਧਾ ਧਾਰ ਕੇ ਗੁਰਮਤਿ ਅਨੁਸਾਰ ਸ਼ਬਦ ਦੇ ਪੁਜਾਰੀ ਹੋਈਏ। ਸ਼ਬਦ ਪੂਰੀ ਸ੍ਰਿਸ਼ਟੀ ਵਿਚ ਇਸ ਤਰ੍ਹਾਂ ਰੂਪਮਾਨ ਹੋਇਆ ਹੋਇਆ ਹੈ ਜਿਵੇਂ ਗੁਰੂ ਮਹਾਰਾਜ ਨੇ ਸਮਸਤ ਰੂਪ ਧਾਰਨ ਕਰਕੇ ਆਪਣਾ ਪ੍ਰਗਟਾਵਾ ਖੰਡਾਂ ਬ੍ਰਹਿਮੰਡਾਂ ਵਿਚ ਕੀਤਾ ਹੋਇਆ ਹੈ। ਸੋ ਗੁਰੂ ਸ਼ਬਦ ਨੂੰ ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਜਾਨਣਾ, ਉਸ ਦੇ ਸਿਧਾਂਤ ਉਪਰ ਪੂਰੀ ਤਰ੍ਹਾਂ ਨਿਸ਼ਚਾ ਲਿਆਉਣਾ ਜਗਿਆਸੂ ਲਈ ਜ਼ਰੂਰੀ ਹੋਇਆ ਕਰਦਾ ਹੈ। ਗੁਰੂ ਉਪਰ ਪੂਰਨ ਸ਼ਰਧਾ ਹੀ ਇਸ ਨੂੰ ਉਚੇ ਧੇਅ ਤੇ ਪਹੁੰਚਾਉਂਦੀ ਹੈ। ਗੁਰੂ ਸ਼ਬਦ ਨੂੰ ਪੜ੍ਹੇ ਅਤੇ ਵਿਚਾਰ ਕੇ ਉਸ ਉਪਰ ਆਪਣਾ ਧਿਆਨ ਕੇਂਦਰਤ ਕਰੇ। ਇਸ ਵਿਚ ਵੀ ਕਈ ਭੇਦ ਹਨ।

ਕਈ ਪ੍ਰੇਮੀ ਸ਼ਿਕਾਇਤ ਕਰਦੇ ਹਨ ਕਿ ਪਾਠ ਕਰਨ ਵੇਲੇ ਸਾਡਾ ਮਨ ਨਹੀਂ ਟਿਕਦਾ। ਇਸ ਸਬੰਧ ਵਿਚ ਇਕ ਕਥਾ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਦਾ ਦਰਬਾਰ ਲੱਗਿਆ ਹੋਇਆ ਸੀ। ਬਹੁਤ ਸਾਰੇ ਪ੍ਰੇਮੀ ਦੂਰ ਦੇਸ਼ਾਂ ਤੋਂ ਆਏ ਹੋਏ ਸਨ। ਸਮਾਂ ਮਿਲਣ ਤੇ ਉਨ੍ਹਾਂ ਨੇ ਕਿਹਾ ਕਿ ਮਹਾਰਾਜ ਜੀ ਅਸੀਂ ਬਹੁਤ ਬਹੁਤ ਬਾਣੀਆਂ ਦਾ ਪਾਠ ਕਰਦੇ ਹਾਂ, ਕਈਆਂ ਨੇ ਅਜਿਹਾ ਵੀ ਕਿਹਾ ਕਿ ਅਸੀਂ 21-21 ਬਾਣੀਆਂ ਦਾ ਪਾਠ ਕਰਦੇ ਹਾਂ ਪਰ ਫੇਰ ਸਾਡਾ ਮਨ ਸ਼ਾਂਤ ਨਹੀਂ ਰਹਿੰਦਾ। ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਬਾਣੀ ਦਾ ਪਾਠ ਅਜਿਹੀ ਚੀਜ਼ ਹੈ ਕਿ ਜੇ ਸਾਵਧਾਨ ਹੋ ਕੇ ਇਕ ਵਾਰੀ ਪੜ੍ਹ ਲਓ ਇਸ ਦਾ ਨਸ਼ਾ ਨਹੀਂ ਉਤਰਦਾ ਜਿਵੇਂ ਕਿ ਫੁਰਮਾਨ ਹੈ -

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ॥*** ***ਪੰਨਾ - 797***

ਸੋ ਪਿਆਰਿਓ! ਤੁਸੀਂ ਪੂਰੇ ਤਰੀਕੇ ਨਾਲ ਬਾਣੀ ਨਹੀਂ ਪੜ੍ਹਦੇ। ਇਸ ਕਰਕੇ -

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।***
***ਨਾਮ ਖੁਮਾਰੀ ਨਾਨਕ ਚੜ੍ਹੀ ਰਹੇ ਦਿਨ ਰਾਤ।***

***ਜਨਮਸਾਖੀ***

ਉਹ ਅਵਸਥਾ ਤੁਹਾਨੂੰ ਪ੍ਰਾਪਤ ਨਹੀਂ ਹੁੰਦੀ। ਗੁਰਸਿੱਖਾਂ ਨੇ ਕਿਹਾ ਕਿ ਇਸੇ ਕਰਕੇ ਅਸੀਂ ਆਪ ਦੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਭਾਵੇਂ ਹਿਤ ਜਾਂ ਅਹਿਤ, ਮਾਨ ਅਪਮਾਨ ਦੀਆਂ ਗੱਲਾਂ ਹੋਣ, ਬਾਣੀ ਦਾ ਜੋ ਨਸ਼ਾ ਹੈ ਉਹ ਉਤਰਿਆ ਨਹੀਂ ਕਰਦਾ, ਪਰ ਸਾਡੇ ਨਾਲ ਇਸ ਤਰ੍ਹਾਂ ਨਹੀਂ ਹੁੰਦਾ। ਗੁਰੂ ਮਹਾਰਾਜ ਨੇ ਕਿਹਾ ਕਿ ਪ੍ਰੇਮੀਓਂ! ਤੁਸੀਂ ਵਿਧੀਪੂਰਵਕ ਬਾਣੀ ਨਹੀਂ ਪੜ੍ਹਦੇ। ਉਨ੍ਹਾਂ ਨੂੰ ਵਿਸਥਾਰਪੂਰਵਕ ਸਮਝਾਉਣ ਲਈ ਗੁਰੂ ਮਹਾਰਾਜ ਜੀ ਨੇ ਇਕ ਬਾਲਟੀ ਸੁਖਨਿਧਾਨ ਦੀ ਤੇ ਬਾਟੇ ਮੰਗਵਾ ਲਏ। ਛੋਟੇ ਬਾਟਿਆਂ ਵਿਚ ਦੋ ਦੋ ਘੁੱਟ ਪਾ ਦਿਤੇ ਅਤੇ ਵੱਡੇ ਬਾਟੇ ਭਰ ਦਿਤੇ। ਛੋਟੇ ਬਾਟਿਆਂ ਵਾਲਿਆਂ ਨੂੰ ਕਿਹਾ ਕਿ ਇਹ ਦੋ ਦੋ ਘੁਟਾਂ ਪੀ ਲੈਣ ਅਤੇ ਵੱਡੇ ਬਾਟੇ ਵਾਲਿਆਂ ਨੂੰ ਕਿਹਾ ਕਿ ਤੁਸੀਂ ਦੂਰ ਜਾ ਕੇ ਇਸ ਦੀਆਂ ਕੁਰਲੀਆਂ ਕਰ ਆਓ ਪਰ ਇਹ ਧਿਆਨ ਰੱਖਿਓ ਕਿ ਇਕ ਬੂੰਦ ਵੀ ਅੰਦਰ ਨਾ ਜਾਵੇ। ਜਿਸ ਵਕਤ ਉਹ ਆਪਣਾ ਕੰਮ ਮੁਕਾ ਕੇ ਆਏ ਤਾਂ ਜਿਨ੍ਹਾਂ ਨੇ ਘੁੱਟਾਂ ਪੀਤੀਆਂ ਸਨ ਉਨ੍ਹਾਂ ਨੂੰ ਮਹਾਰਾਜ ਜੀ ਨੇ ਪੁਛਿਆ ਕਿ ਕੀ ਮਹਿਸੂਸ ਕੀਤਾ? ਉਨ੍ਹਾਂ ਨੇ ਕਿਹਾ ਕਿ ਮਹਾਰਾਜ ਸਾਡਾ ਤਾਂ ਸਿਰ ਘੁੰਮ ਰਿਹਾ ਹੈ। (ਇਸ ਕਰਕੇ ਗੁਰੂ ਘਰ ਵਿਚ ਨਸ਼ੇ ਵਰਜਿਤ ਹਨ।)

ਦੂਸਰਿਆਂ ਨੂੰ ਪੁਛਿਆ ਕਿ ਤੁਹਾਨੂੰ ਕੁਛ ਨਸ਼ਾ ਹੋਇਆ? ਉਹ ਸਾਰੇ ਕਹਿਣ ਲੱਗੇ ਕਿ ਮਹਾਰਾਜ ਜੀ, ਜਦ ਕੁਛ ਅੰਦਰ ਹੀ ਨਹੀਂ ਗਿਆ ਤਾਂ ਨਸ਼ਾ ਕੀ ਹੁੰਦਾ, ਨਸ਼ਾ ਹੋਇਆ ਹੀ ਨਹੀਂ। ਮਹਾਰਾਜ ਜੀ ਨੇ ਫੇਰ ਪੁਛਿਆ ਕਿ ਤੁਹਾਨੂੰ ਨਸ਼ਾ ਨਹੀਂ ਹੋਇਆ? ਸਾਰੇ ਹੈਰਾਨ ਹੋ ਰਹੇ ਹਨ। ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਇਸੇ ਤਰ੍ਹਾਂ ਬਾਣੀ ਦਾ ਅਸਰ ਜ਼ਰੂਰ ਹੋਇਆ ਕਰਦਾ ਹੈ। ਇਕ ਇਸ ਨੂੰ ਪਿਆਰ ਨਾਲ ਪੀਂਦੇ ਹਨ -

***ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥***
***ਜਿਨਿ ਪੀਤੀ ਤਿਸੁ ਮੋਖ ਦੁਆਰ॥ ਪੰਨਾ - 1275***

ਇਕ ਉਹ ਹਨ ਜੋ ਇਸ ਵਿਧੀ ਤੋਂ ਅਗਿਆਤ ਹਨ, ਉਹ ਮਨ ਦੇ ਕਿਰਦਾਰ ਨੂੰ ਨਹੀਂ ਪਛਾਣਦੇ, ਉਹ ਸ਼ਬਦ ਨਾਲੋਂ ਟੁੱਟੇ ਰਹਿੰਦੇ ਹਨ। ਉਨ੍ਹਾਂ ਨੂੰ ਨਾ ਤਾਂ ਇਹ ਧਿਆਨ ਰਹਿੰਦਾ ਹੈ ਕਿ ਮੈਂ ਹੁਣ ਆਪਣੇ ਸਤਿਗੁਰੂ ਦੀ ਬਾਣੀ ਪੜ੍ਹ ਰਿਹਾ ਹਾਂ ਅਤੇ ਨਾ ਹੀ ਉਨ੍ਹਾਂ ਨੂੰ ਬਾਣੀ ਦਾ ਕੋਈ ਸਤਿਕਾਰ ਹੁੰਦਾ ਹੈ। ਇਕ ਰਸਮ ਪੂਰੀ ਕਰਦੇ ਹਨ ਕਿਉਂਕਿ -

***ਜਪ ਜਾਪ ਪੜ੍ਹੇ ਬਿਨਾ ਜੋ ਲੇਵੇ ਪਰਸਾਦਿ।***
***ਸੋ ਵਿਸ਼ਟਾ ਕਾ ਜੰਤ ਹੋਇ ਜਨਮ ਗਵਾਵੈ ਬਾਦਿ।***
***(ਰਹਿਤਨਾਮਾ)***

ਉਹ ਇਨ੍ਹਾਂ ਕਾਰਨਾਂ ਵਸ ਬਾਣੀ ਪੜ੍ਹਦੇ ਹਨ, ਬਾਣੀ ਵਿਚਾਰਦੇ ਨਹੀਂ ਹਨ। ਇਸ ਕਰਕੇ ਜਦੋਂ ਵੀ ਨਿਤਨੇਮ ਕਰਨਾ ਹੈ ਚਾਹੇ ਲੰਮੇ ਸਮੇਂ ਲਈ ਕਰੋ, ਚਾਹੇ ਥੋੜ੍ਹੇ ਸਮੇਂ ਲਈ ਕਰੋ, ਜਿੰਨਾਂ ਵੀ ਕਰੋ ਪਿਆਰ, ਨਿਮਰਤਾ ਅਤੇ ਇਕਾਗਰਤਾ ਨਾਲ ਕਰੋ। ਬਾਣੀ ਦਾ ਨਸ਼ਾ ਕੁਦਰਤੀ ਤੌਰ ਤੇ ਅੰਦਰ vibration (ਝਰਨ੍ਹਾਟ) ਪੈਦਾ ਕਰ ਦਿੰਦਾ ਹੈ ਅਤੇ ਰੂਹਾਨੀ ਰਾਹ ਦੀਆਂ ਘੁੰਡੀਆਂ ਖੁਲ੍ਹਦੀਆਂ ਨਜ਼ਰ ਆਉਂਦੀਆਂ ਹਨ।

ਬਾਣੀ ਪੜ੍ਹਨ ਦੇ ਵੀ ਭੇਦ ਹਨ। ਪਹਿਲਾ ਭੇਦ ਹੈ ਕਿ ਜੇ ਬਾਣੀ ਨਹੀਂ ਆਉਂਦੀ ਤਾਂ ਗੁਟਕੇ ਤੋਂ ਬਾਣੀ ਪੜ੍ਹਨੀ ਚਾਹੀਦੀ ਹੈ, ਲਗਾਂ ਮਾਤਰਾਂ ਦੇਖ ਕੇ ਪੜ੍ਹੋ।

ਦੂਸਰਾ ਦਰਜਾ ਉਸ ਦਾ ਹੁੰਦਾ ਹੈ ਜੋ ਲਗਾਂ ਮਾਤਰਾਂ ਨਾਲ ਅਰਥ ਵੀ ਜਾਨਣਾ ਚਾਹੁੰਦੇ ਹਨ।

ਤੀਸਰੇ ਉਹ ਹਨ ਜੋ ਬਾਣੀ ਵਿਚ ਲੀਨ ਹੋ ਜਾਂਦੇ ਹਨ, ਬਾਣੀ ਦਾ ਅਸਰ ਉਨ੍ਹਾਂ ਦੇ ਮਨ ਤੇ, ਸਰੀਰ ਤੇ ਹੋ ਜਾਂਦਾ ਹੈ। ਜਿਸ ਤਰ੍ਹਾਂ ਤੁਹਾਨੂੰ ਕਿਸੇ ਪਿਆਰੇ ਦੀ ਚਿੱਠੀ ਆਈ ਹੋਵੇ, ਉਸ ਵਿਚ ਉਸ ਨੂੰ ਕੋਈ ਸੰਕਟ ਹੈ, ਉਲਝਿਆ ਹੋਇਆ ਹੈ; ਹਾਲੇ ਤੁਸੀਂ ਪੜ੍ਹਿਆ ਹੀ ਹੈ ਤੁਹਾਡੇ ਅੰਦਰ ਪਰੇਸ਼ਾਨੀ ਦਾ ਗੁਬਾਰ ਉਠ ਖੜ੍ਹੇਗਾ। ਜੇ ਕਿਸੇ ਮਾਤਾ ਦਾ ਪੁੱਤਰ ਪ੍ਰਦੇਸ ਗਿਆ ਹੋਇਆ ਹੈ, ਉਸ ਨੇ ਲਿਖਿਆ ਕਿ ਮੈਂ ਭੁੱਖਾ ਹਾਂ, ਬਹੁਤ ਦੁਖੀ ਹਾਂ। ਉਸ ਨੇ ਹਾਲੇ ਪੜ੍ਹਿਆ ਨਹੀਂ, ਸੁਣਿਆ ਹੀ ਹੋਵੇਗਾ ਪਰ ਸੁਣ ਕੇ ਹੀ ਉਸ ਦਾ ਬੁਰਾ ਹਾਲ ਹੋ ਜਾਵੇਗਾ ਕਿਉਂਕਿ ਉਹ ਭਾਵਲੀਨ ਹੋ ਗਈ। ਸੋ ਪਿਆਰਿਓ! **ਬਾਣੀ ਭਾਵਲੀਨ ਹੋ ਕੇ ਪੜ੍ਹਨ ਨਾਲ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਉਹ ਸ਼ਕਤੀ ਹੈ ਜਿਹੜੀ ਦੁਖਦਾਈ ਜੰਤੂਆਂ ਨੂੰ ਮਾਰ ਕੇ ਅੰਦਰ ਸ਼ਾਂਤੀ ਪੈਦਾ ਕਰ ਦਿੰਦੀ ਹੈ। ਇਸ ਨੂੰ ਪੜ੍ਹਨ ਨਾਲ ਪੰਜੇ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜੇ ਠੱਗ - ਰਾਜ, ਮਾਲ, ਰੂਪ, ਜਾਤ, ਜ਼ੋਬਨ ਸਭ ਦਾ ਨਾਸ਼ ਹੋ ਜਾਂਦਾ ਹੈ।** ਇਹ ਜੋ ਨੇਮ ਹੈ ਇਸ ਵਿਚ ਗੁਰੂ ਸ਼ਬਦ ਦਾ ਪਾਠ ਕੀਤਾ ਜਾਂਦਾ ਹੈ ਜਾਂ ਸਾਧਾਰਣ ਤੌਰ ਤੇ ਨਿਤਨੇਮ ਕਰਦੇ ਹਾਂ, ਪਾਠ ਕਰਦੇ ਹਾਂ, ਇਹ ਰੂਹਾਨੀ ਤਰੱਕੀ ਕਰਨ ਲਈ ਜ਼ਰੂਰੀ ਹੈ।

ਅਨੇਕਾਂ ਪੁਸਤਕਾਂ, ਅਨੇਕਾਂ ਪ੍ਰਚਾਰ ਸੰਸਾਰ ਵਿਚ ਪ੍ਰਚਲਤ ਹਨ - ਕੋਈ ਵਰਤ ਰਖਦਾ ਹੈ, ਕੋਈ ਮੂਰਤੀਆਂ ਦੀ ਪੂਜਾ ਕਰਦਾ ਹੈ, ਕੋਈ ਕਰਮਕਾਂਡ ਵਿਚ ਫਸਿਆ ਹੋਇਆ ਹੈ। ਉਨ੍ਹਾਂ ਦੇ ਆਪਣੇ ਆਪਣੇ ਵਿਚਾਰ ਹਨ, ਆਪਣੇ ਆਪਣੇ ਮਤ ਹਨ ਪਰ ਗੁਰਮਤਿ ਵਿਚ ਜੋ ਗੁਰੂ ਸਿਧਾਂਤ ਨਿਰੂਪਣ ਕੀਤਾ ਗਿਆ ਹੈ ਅਸੀਂ ਉਸ ਤੋਂ ਤਨਕ ਮਾਤਰ ਏਧਰ ਉਧਰ ਆਪਣੇ ਮਨ ਨੂੰ ਨਹੀਂ ਕਰ ਸਕਦੇ। ਅਸੀਂ ਸਿਧਾਂਤ ਨੂੰ ਹਿਰਦੇ ਵਿਚ ਪੂਰੀ ਤਰ੍ਹਾਂ ਧਾਰਨ ਕਰਨਾ ਹੈ। ਦੂਸਰਿਆਂ ਦੇ ਬਚਨ ਇਸ ਸਿਧਾਂਤ ਨਾਲੋਂ ਵਿਪਰੀਤ ਹੋਣ, ਉਨ੍ਹਾਂ ਤੋਂ ਦੂਰ ਰਹਿ ਕੇ ਦ੍ਰਿੜ੍ਹ ਹੋ ਕੇ ਅਸੀਂ ਆਪਣੇ ਗੁਰ ਸਿਧਾਂਤ ਦੀ ਪਾਲਣਾ ਕਰਨੀ ਹੈ। ਗੁਰ ਸਿਧਾਂਤ ਤੋਂ ਉਲਟ ਬਚਨ ਅਸੀਂ ਕੰਨ ਨਾਲ ਵੀ ਨਹੀਂ ਸੁਣਨੇ।

7. ਸੱਤਵਾਂ ਨੇਮ **'ਦੰਭ'** ਹੋਇਆ ਕਰਦਾ ਹੈ। ਦਿਖਾਵੇ ਵਾਸਤੇ ਕੋਈ ਬਸਤਰ ਵਗੈਰਾ ਪਹਿਨ ਕੇ, ਲੋਕਾਂ ਨੂੰ ਭੇਖ ਰਾਹੀਂ ਖਿੱਚਣਾ ਇਹ ਵਰਜਿਤ ਹੈ। ਇਸ ਬਾਰੇ ਫੁਰਮਾਨ ਹੈ -

***ਭੇਖ ਦਿਖਾਇਓ ਜਗਤ ਕੋ ਲੋਗਨ ਕੋ ਵਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

***ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥***
***ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥***
***ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ॥***
***ਜੋ ਤਿਸੁ ਭਾਵੈ ਸੋ ਥੀਐ ਇਨ ਬਿਧ ਕੰਤ ਮਿਲੀ॥***
***ਪੰਨਾ - 785***

ਗੁਰੂ ਮਹਾਰਾਜ ਜੀ ਨੇ ਤਾਂ ਸਾਫ ਤੌਰ ਤੇ ਫੁਰਮਾਨ ਹੀ ਕਰ ਦਿਤਾ ਕਿ ਤੇਰਾ ਚੋਲਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਬਖੀਲੀ, ਨਿੰਦਿਆ, ਚੁਗਲੀ ਆਦਿ ਕੁਕਰਮਾਂ ਨਾਲ ਲਿਬੜਿਆ ਹੋਇਆ ਹੈ। ਭੇਖ ਕਰਕੇ ਤੂੰ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ, ਦੋਸ਼ ਦਾ ਭਾਗੀ ਹੋਵੇਂਗਾ। ਮਹਾਰਾਜ ਕਹਿੰਦੇ ਹਨ ਕਿ ਪਹਿਲਾਂ ਸਰੀਰ ਰੂਪੀ ਚੋਲੇ ਨੂੰ ਪਵਿੱਤਰ ਕਰ, ਫੇਰ ਇਸ ਚੋਲੇ ਦਾ ਸ਼ਿੰਗਾਰ ਭੇਖ ਧਾਰ ਕੇ ਨਾ ਕਰੇ। ਨੈਣਾਂ ਵਿਚ ਭੈ ਦੀਆਂ ਸਲਾਈਆਂ ਅਤੇ ਅਦਬ ਦਾ ਸੁਰਮਾ ਪਾ ਅਤੇ ਫੇਰ ਦੇਖ ਸਾਰੇ ਪਾਸੇ ਵਾਹਿਗੁਰੂ ਜੀ ਹੀ ਨਜ਼ਰੀ ਆਉਂਦੇ ਹਨ। ਤੇਰੇ ਅੰਦਰ ਜੋ ਮੈਂ ਭਾਵ ਬਣਿਆ ਹੋਇਆ ਹੈ, ਆਪਾ ਭਾਵ ਬਣਿਆ ਹੋਇਆ ਹੈ, ਉਸ ਨੂੰ ਗਵਾਉਣ ਲਈ ਗੁਰੂ ਸਾਹਿਬ

ਦਾ ਆਸਰਾ ਲੈ। ਸੋ ਦੰਭ ਕੋਈ ਕੰਮ ਨਹੀਂ ਸਾਰਦਾ ਅਤੇ ਆਦਮੀ ਭੇਖ ਦੀ ਆੜ ਲੈ ਕੇ ਖੁਸ਼ਕ ਹੋਇਆ ਆਪਣਾ ਜੀਵਨ ਸੰਸਾਰ ਤੋਂ ਗਵਾ ਕੇ ਚਲਿਆ ਜਾਂਦਾ ਹੈ। ਇਸ ਦੇ ਬਾਰੇ ਕਿਹਾ ਹੈ –

***ਬਿਨਾ ਦੰਭ ਗੁਰੁ ਸਬਦ ਕਮਾਵਨ।***
***ਕਰਹਿ ਸਦਾ ਹ੍ਵੈ ਤਨ ਮਨ ਪਾਵਨ।***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 532***

ਸੋ ਦੰਭ ਰਹਿਤ ਹੋ ਕੇ ਇਸ ਮਾਰਗ ਤੇ ਚੱਲ ਕੇ ਛੇਤੀਂ ਸਫਲਤਾ ਮਿਲਦੀ ਹੈ।

ਜਿਹੜੇ ਪ੍ਰੇਮੀ ਦੰਭ ਕਰਦੇ ਹਨ, ਆਪਣੀ ਆਸਾ ਪੂਰਤੀ ਵਾਸਤੇ ਖੜਯੰਤਰ ਰਚਦੇ ਹਨ, ਲੋਕ ਪ੍ਰਿਯਤਾ ਵਾਸਤੇ ਵੱਡੇ ਵੱਡੇ ਸਾਧਨ ਕਰਦੇ ਹਨ, ਹੋਰ ਸਾਧਨ ਕਰਦੇ ਹਨ ਉਹ ਦੰਭ ਹੋਣ ਕਰਕੇ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਨਹੀਂ ਹੁੰਦੇ।

ਬਿਨਾਂ ਦੰਭ ਤੋਂ ਜਦੋਂ ਸ਼ਬਦ ਦੀ ਕਮਾਈ ਕੀਤੀ ਜਾਂਦੀ ਹੈ ਤਾਂ ਅੰਤਸ਼ਕਰਣ ਵਿਚ ਜਨਮਾਂ ਜਨਮਾਂਤਰਾਂ ਦੀ ਲੱਗੀ ਹੋਈ ਮੈਲ ਦੂਰ ਹੋ ਜਾਂਦੀ ਹੈ।

8. ਅੱਠਵਾਂ ਅੰਗ ਹੈ – **'ਬਿਰਤੀ ਸ਼ਾਂਤਮਈ ਰੱਖਣੀ'** ਜਿਸ ਵਿਚ ਇਹ ਧਾਰਨਾ ਗੁਰ ਸਿਧਾਂਤ ਮੁਤਾਬਿਕ ਰੱਖਣੀ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ – 1364***

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥ ਪੰਨਾ – 728***

ਅਭਿਮਾਨ ਨੂੰ ਕੋਈ ਥਾਂ ਨਹੀਂ। ਕੋਈ ਦੁਖ-ਸੁਖ, ਘਾਟਾ-ਵਾਧਾ ਹੋ ਜਾਵੇ ਤਾਂ ਵੀ ਬਿਰਤੀ ਨੂੰ ਸ਼ਾਂਤ ਰੱਖਣਾ। ਮੂੰਹ ਵਿਚੋਂ ਮਿੱਠੇ ਵਾਕ ਬੋਲਣੇ ਸਹਾਈ ਹੋਇਆ ਕਰਦੇ ਹਨ।

9. ਅਗਲਾ ਨੇਮ **'ਅਬੋਲ'** ਹੋਇਆ ਕਰਦਾ ਹੈ। ਆਪਣੇ ਨਿਤ ਦੇ ਸਮੇਂ ਅਨੁਸਾਰ ਜਦੋਂ ਤੁਸੀਂ ਭਜਨ ਬੰਦਗੀ ਕਰਨ ਲੱਗੋਂ ਅਤੇ ਬਾਣੀ ਦਾ ਪਾਠ ਕਰਨ ਲੱਗੋਂ ਉਸ ਵੇਲੇ ਵਾਤਾਵਰਣ ਦੇ ਅਨੁਕੂਲ ਦੇਖ ਕੇ ਇਹ ਧਾਰਨ ਕਰੋ ਕਿ ਬਾਣੀ ਦਾ ਸਿਧਾਂਤ ਸਮਝਦਾ ਹੋਇਆ ਮੈਂ ਮੋਨ ਰਹਾਂ, ਵਿਚੇ ਸੰਸਾਰੀ ਗੱਲਾਂ ਜਾਂ ਹੋਰ ਗੱਲਾਂ ਨਾ ਕਰਾਂ। ਇਸ ਵਲ ਬਹੁਤ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਦੇਖਿਆ ਗਿਆ ਹੈ ਕਿ ਇਕ ਵਾਰੀ ਮੈਂ ਕਿਸੇ ਪ੍ਰੇਮੀ ਦੇ ਘਰ ਗਿਆ, ਉਹ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਬਹੁਤ ਦੇਰ ਮੈਂ ਬੈਠਾ ਰਿਹਾ, ਮੈਂ ਸੋਚ ਰਿਹਾ ਸੀ ਕਿ ਮੈਂ ਗਲਤ ਸਮੇਂ ਆ ਗਿਆ – ਉਸ ਦੀ ਬਾਣੀ ਨਾਲ ਲਗੀ ਹੋਈ ਬਿਰਤੀ ਨੂੰ ਭੰਗ ਕਰਨ ਲਈ।

ਪਰ ਥੋੜ੍ਹੀ ਦੇਰ ਬਾਅਦ ਕੀ ਦੇਖਿਆ ਕਿ ਉਸ ਦੇ ਲੜਕੇ ਨੇ ਉਸ ਨੂੰ ਕਿਤੇ ਬਾਹਰ ਜਾਣ ਲਈ ਕਿਹਾ, ਤਾਂ ਉਸ ਨੇ ਪਹਿਲਾਂ ਤਾਂ ਬਹੁਤ ਗੰਦੀ ਗਾਲ ਕੱਢੀ ਅਤੇ ਫੇਰ ਚਾਹ ਪੀ ਕੇ ਜੋ ਗਿਲਾਸ ਰੱਖਿਆ ਹੋਇਆ ਸੀ ਉਹ ਉਸ ਦੇ ਵਗਾਹ ਕੇ ਮਾਰਿਆ। ਸੋ ਐਸਾ ਜੋ ਪਾਠ ਹੈ ਇਹ ਫਲੀਭੂਤ ਨਹੀਂ ਹੋਇਆ ਕਰਦਾ। ਇਸ ਕਰਕੇ ਜਦੋਂ ਵੀ ਤੁਸੀਂ ਗੁਰਮਤਿ ਸਿਧਾਂਤ ਦੀ ਵਿਚਾਰ ਕਰੋ ਤਾਂ ਇਹ ਵਰਤ ਨਿਭਾਉਣਾ ਚਾਹੀਦਾ ਹੈ ਕਿ ਪਾਠ ਕਰਨ ਵੇਲੇ ਮੈਂ ਵਿਚਾਲੇ ਗੱਲਾਂ ਬਾਤਾਂ ਨਹੀਂ ਕਰਨੀਆਂ।

***ਨਵਮੋ ਨੇਮ ਪਾਠ ਜੋ ਕਰਨਾ।***
***ਤਿਹ ਮਹਿਂ ਅਪਰ ਨ ਬਚਨ ਉਚਰਨਾ।***
***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 533***

10. ਦਸਵਾਂ ਨੇਮ ਹੈ **'ਹੋਮ'** – ਇਕ ਤਾਂ ਹੋਮ ਉਹ ਹੋਇਆ ਕਰਦਾ ਹੈ ਜਿਸ ਵਿਚ ਅਸੀਂ ਅੱਗ ਵਗੈਰਾ ਵਿਚ, ਘਿਓ, ਸੁਗੰਧੀਆਂ ਪਾ ਕੇ ਜਲਾਂਦੇ ਹਾਂ, ਇਹ ਰੂਹਾਨੀਅਤ ਵਿਚ ਕੋਈ ਕੰਮ ਨਹੀਂ ਕਰਦੀਆਂ।

ਅਸੀਂ ਘਰ ਵਿਚ ਪ੍ਰਸ਼ਾਦ ਬਣਾਉਂਦੇ ਹਾਂ, ਗੁਰੂ ਘਰ ਵਿਚ ਇਹ ਮਰਿਆਦਾ ਕਿ ਜਦੋਂ ਪ੍ਰਸ਼ਾਦਾ ਤਿਆਰ ਕੀਤਾ ਜਾਂਦਾ ਹੈ ਤਾਂ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਭੋਗ ਲਾਓ। ਇਸ ਨਾਲ ਸਾਰੀਆਂ ਗੁਪਤ ਸ਼ਕਤੀਆਂ ਅਤੇ ਆਪਣੇ ਇਸ਼ਟ ਦੇਵ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਜਾਂਦੀ ਹੈ।

ਦੂਸਰਾ ਬ੍ਰਹਮ ਹੋਮ ਹੋਇਆ ਕਰਦਾ ਹੈ। ਇਹ ਇਸ ਤਰ੍ਹਾਂ ਕੀਤਾ ਜਾਂਦਾ ਹੈ ਬੰਦਗੀ ਕਰਨ ਵਾਲੇ ਦੀ ਭੁੱਖ ਦੀ ਨਵਿਰਤੀ ਵਾਸਤੇ ਜੋ ਕੁਝ ਭੇਟਾ ਕੀਤਾ ਜਾਂਦਾ ਹੈ ਉਹ ਵਾਹਿਗੁਰੂ ਆਖ ਕੇ ਜਦੋਂ ਪਹਿਲੀ ਗ੍ਰਾਹੀ ਆਪਣੇ ਮੁਖ ਵਿਚ ਪਾਉਂਦਾ ਹੈ, ਉਸ ਵੇਲੇ ਬ੍ਰਹਮ ਹੋਮ ਸੁਹਾਵਣਾ ਹੋ ਜਾਂਦਾ ਹੈ। ਵਾਹਿਗੁਰੂ ਜੀ ਸੰਤ ਦੀ ਰਸਨਾ ਤੇ ਨਿਵਾਸ ਰਖਦੇ ਹਨ। ਇਹ ਰਸਨਾ ਤੇ ਨਿਵਾਸ ਕਰਦਾ ਹੈ। ਸਾਰੇ ਦੇਵਤੇ ਬ੍ਰਹਮ ਸਮੇਤ 'ਹਰਿਨਾਮ' ਦਾ ਉਚਾਰਣ ਸੁਣ ਕੇ ਪ੍ਰਸੰਨ ਹੁੰਦੇ ਹਨ। ਨਾਮ ਜਪਣ ਵਾਲੇ ਛੁਧਾਤੁਰ ਦੇ ਮੂੰਹ ਵਿਚ ਅੰਨ ਪਾਉਣਾ ਇਹ ਬ੍ਰਹਮ ਹੋਮ ਹੈ। ਜਿਸ ਜਿਸ ਵਿਚ ਅੰਨ ਦੀ ਅਹੂਤੀ ਪੈਂਦੀ ਹੈ ਤੇ ਜੀਭ ਨਾਮ ਉਚਾਰਨ ਵਾਲੀ ਹੋਣ ਕਰਕੇ ਉਹ ਅਹੂਤੀ ਬ੍ਰਹਮ ਨੂੰ ਪਹੁੰਚਦੀ ਹੈ, ਬ੍ਰਹਮ ਦੇ ਪ੍ਰਸੰਨ ਹੋਣ ਨਾਲ ਸਾਰਾ ਬ੍ਰਹਿਮੰਡ ਪ੍ਰਸੰਨ ਹੁੰਦਾ ਹੈ।

ਤੀਸਰਾ ਹੋਮ ਜੋ ਸਭ ਤੋਂ ਸ੍ਰੇਸ਼ਟ ਹੈ, ਉਹ ਇਹ ਹੈ ਕਿ **ਇੰਦ੍ਰੀਆਂ ਦੇ ਜੋ ਵਿਸ਼ੇ ਹਨ ਉਨ੍ਹਾਂ ਨੂੰ ਸਵੈ ਚਿੰਤਨ, ਆਤਮ ਚਿੰਤਨ ਨਾਲ ਦਗਧ ਕਰੇ, ਇਹ ਸਭ ਤੋਂ ਸ੍ਰੇਸ਼ਟ ਹੋਮ ਹੈ। ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਇਨ੍ਹਾਂ ਨੂੰ ਵਾਹਿਗੁਰੂ ਨਾਮ ਉਚਾਰ ਕੇ ਦਗਧ ਕਰੇ।** ਇਹ ਹੋਮ ਸਭ ਤੋਂ ਸ੍ਰੇਸ਼ਟ ਹੋਮ ਹੈ ਇਸ ਕਰਕੇ ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ, ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਖੁਦ ਭੋਗ ਲਵਾਉਣਾ ਇਸ ਦਾ ਵਿਧਾਨ ਹੈ।

ਇਸ ਉਪਰ ਇਕ ਕਥਾ ਆਉਂਦੀ ਹੈ ਕਿ ਦੁਆਪਰ ਯੁੱਗ ਦੇ ਅੰਤ ਵਿਚ ਜਦੋਂ ਮਹਾਂਭਾਰਤ ਦਾ ਯੁੱਧ ਹੋ ਚੁਕਿਆ, ਉਸ ਵੇਲੇ ਪਾਂਡਵਾਂ ਨੇ ਕ੍ਰਿਸ਼ਨ ਮਹਾਰਾਜ ਜੀ ਪਾਸ ਸ਼ਿਕਾਇਤ

ਕੀਤੀ ਕਿ ਭਾਵੇਂ ਯੁੱਧ ਵਿਚ ਸਾਡੀ ਜਿੱਤ ਹੋਈ ਪਰ ਜੋ ਸਬੰਧੀ ਵਿਛੜ ਗਏ, ਉਹ ਮਨ ਵਿਚੋਂ ਨਹੀਂ ਨਿਕਲਦੇ, ਕ੍ਰਿਪਾ ਕਰੋ ਕੋਈ ਸਾਧਨ ਦੱਸੋ ਜਿਸ ਨਾਲ ਮਨ ਵਿਚ ਸ਼ਾਂਤੀ ਹੋ ਜਾਵੇ।

ਕ੍ਰਿਸ਼ਨ ਮਹਾਰਾਜ ਜੀ ਨੇ ਸਾਧਨ ਦੱਸਿਆ ਕਿ ਤੁਸੀਂ ਰਾਜਸੀ ਯੱਗ ਕਰੋ। ਸਾਰਿਆਂ ਰਾਜਿਆਂ ਨੇ ਵੱਖਰੀਆਂ-ਵੱਖਰੀਆਂ ਸੇਵਾਵਾਂ ਮੰਗੀਆਂ, ਵਿਧੀ ਅਨੁਸਾਰ ਯੱਗ ਸ਼ੁਰੂ ਹੋ ਗਿਆ। ਇਹ ਦੇਖਣ ਵਾਸਤੇ ਕਿ ਇਹ ਯੱਗ ਨਿਰਵਿਘਨ ਸਮਾਪਤ ਹੋਇਆ ਹੈ ਕਿ ਨਹੀਂ, ਇਸ ਵਾਸਤੇ ਵੱਡਾ ਸੰਖ ਉਚੇ ਬਾਂਸ ਨਾਲ ਬੰਨ੍ਹ ਦਿਤਾ ਗਿਆ ਅਤੇ ਧਾਰਨਾ ਇਹ ਕੀਤੀ ਕਿ ਜੇ ਇਹ ਸੰਖ ਵੱਜਿਆ ਤਾਂ ਸਮਝੋ ਕਿ ਯੱਗ ਸੰਪੂਰਨ ਹੋ ਗਿਆ।

ਸਾਰੇ ਭਾਰਤ ਵਰਸ਼ ਦੇ ਰਿਸ਼ੀ, ਮੁਨੀ ਸਸ਼ੋਭਤ ਹੋਏ। ਕ੍ਰਿਸ਼ਨ ਮਹਾਰਾਜ ਜੀ ਨੇ ਚਰਨ ਧੋਣ, ਅਤਿਥੀਆਂ ਦੀਆਂ ਜੂਠੀਆਂ ਪਤਲਾਂ ਸਾਫ ਕਰਕੇ ਦੂਰ ਸੁੱਟਣ ਦੀ ਸੇਵਾ ਕੀਤੀ। ਯੱਗ ਦੀ ਸਮਾਪਤੀ ਤੋਂ ਪਿਛੋਂ ਸੰਖ ਦੀ ਆਵਾਜ਼ ਨਹੀਂ ਆਈ। ਉਸ ਵੇਲੇ ਪੰਜੇ ਭਰਾ ਦਰੋਪਤੀ ਸਮੇਤ ਕ੍ਰਿਸ਼ਨ ਮਹਾਰਾਜ ਜੀ ਦੇ ਕੋਲ ਆ ਕੇ ਬੈਠ ਗਏ ਕਿ ਸੰਖ ਤਾਂ ਵੱਜਿਆ ਨਹੀਂ। ਆਪ ਮੁਸਕਰਾਏ ਅਤੇ ਕਿਹਾ ਕਿ ਤੁਹਾਡੇ ਦਿਲ ਅੰਦਰ ਰਾਗ ਦ੍ਵੈਸ਼ ਹੈ। ਰਾਗ ਦ੍ਵੈਸ਼ ਹੋਣ ਕਰਕੇ ਤੁਸੀਂ ਕਿਸੇ ਮਹਾਂਪੁਰਸ਼ ਨੂੰ ਨਿਮੰਤਰਣ ਨਹੀਂ ਦਿਤਾ ਅਤੇ ਉਸ ਨੂੰ ਕਿਸੇ ਕਾਰਨ ਵਸ ਛਡ ਦਿਤਾ ਹੈ। ਕ੍ਰਿਸ਼ਨ ਮਹਾਰਾਜ ਨੇ ਦੱਸਿਆ ਕਿ ਦਿੱਲੀ ਦੇ ਦੱਖਣ ਵਿਚ ਬ੍ਰਹਮਗਿਆਨੀ ਮਹਾਂਪੁਰਸ਼ ਨਿਵਾਸ ਰਖਦਾ ਹੈ। ਉਸ ਦੀ ਜਾਤੀ ਚੰਡਾਲ ਹੈ, ਉਸ ਦਾ ਨਾਮ ਬਾਲਮੀਕ ਹੈ, ਉਹ ਤੁਹਾਡੇ ਯੱਗ ਵਿਚ ਸ਼ਾਮਲ ਨਹੀਂ ਹੋਇਆ; ਜਾਓ ਉਸ ਨੂੰ ਲੈ ਕੇ ਆਓ। ਜਦੋਂ ਉਹ ਪ੍ਰਸ਼ਾਦਾ ਛਕ ਲਵੇਗਾ, ਉਸ ਵੇਲੇ ਤੁਹਾਡਾ ਯੱਗ ਸੰਪੂਰਨ ਹੋ ਜਾਵੇਗਾ।

ਜਦੋਂ ਪੰਜੇ ਪਾਂਡਵ ਬਾਲਮੀਕ ਨੂੰ ਲੈਣ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਛੋਟੀ ਜਾਤੀ ਦਾ ਹਾਂ, ਤੁਹਾਡੇ ਯੱਗ ਦੇ ਵਿਚ ਆਉਣ ਲਈ ਤੁਹਾਨੂੰ ਇਕ ਯੱਗ ਦਾ ਫਲ ਮੈਨੂੰ ਦੇਣਾ ਪਵੇਗਾ ਤਾਂ ਮੈਂ ਤੁਹਾਡੇ ਯੱਗ ਵਿਚ ਆਵਾਂਗਾ। ਉਹ ਸਾਰੇ ਫੇਰ ਕ੍ਰਿਸ਼ਨ ਮਹਾਰਾਜ ਕੋਲ ਆ ਗਏ। ਕ੍ਰਿਸ਼ਨ ਮਹਾਰਾਜ ਨੇ ਦਰੋਪਤੀ ਨੂੰ ਕਿਹਾ ਕਿ ਜੇ ਕਿਸੇ ਮਹਾਂਪੁਰਸ਼ ਕੋਲ ਪੂਰਨ ਸ਼ਰਧਾ ਲੈ ਕੇ ਜਾਈਏ, ਉਸ ਨੂੰ ਪ੍ਰਮੇਸ਼ਵਰ ਰੂਪ ਮੰਨ ਕੇ ਜਾਈਏ ਤਾਂ ਹਰ ਕਦਮ ਦਾ ਫਲ ਇਕ ਅਸ਼੍ਵਮੇਧ ਯੱਗ ਦੇ ਫਲ ਦੇ ਬਰਾਬਰ ਹੁੰਦਾ ਹੈ। ਤੂੰ ਜਿੰਨੇ ਕਦਮ ਚਲ ਕੇ ਜਾਏਂਗੀ ਉਸ ਵਿਚੋਂ ਇਕ ਯੱਗ ਦਾ ਫਲ ਦੇ ਆਈਂ। ਦਰੋਪਤੀ ਨੇ ਇਸੇ ਤਰ੍ਹਾਂ ਕੀਤਾ। ਪੂਰੀ ਸ਼ਰਧਾ ਨਾਲ ਮਹਾਂਪੁਰਸ਼ਾਂ ਪਾਸ ਪਹੁੰਚੀ ਅਤੇ ਯੱਗ ਵਿਚ ਆਉਣ ਲਈ ਬੇਨਤੀ ਕੀਤੀ। ਜਦੋਂ ਉਨ੍ਹਾਂ ਨੇ ਓਹੀ ਸਵਾਲ ਕੀਤਾ ਤਾਂ ਇਸ ਨੇ ਕਿਹਾ ਕਿ ਮੈਂ ਇਕ ਯੱਗ ਦਾ ਫਲ ਤੁਹਾਨੂੰ ਦਿੰਦੀ ਹਾਂ, ਸਾਸ਼ਤਰ ਦੇ ਵਿਧਾਨ ਅਨੁਸਾਰ ਮੈਂ ਆਪ ਦੇ ਪਾਸ ਪੂਰਨ ਸ਼ਰਧਾ ਤੇ ਆਪ ਨੂੰ ਪ੍ਰਮੇਸ਼ਰ ਰੂਪ ਨਿਸ਼ਚੇ ਕਰਕੇ ਆਈ ਹਾਂ। ਇਸ ਕਰਕੇ ਜਿੰਨੇ ਕਦਮ ਮੈਂ ਆਪ ਪਾਸ ਆਈ ਹਾਂ ਉਸ ਵਿਚੋਂ ਇਕ ਯੱਗ ਦਾ ਫਲ ਕੱਟ ਕੇ ਕੇ ਬਾਕੀ ਯੱਗਾਂ ਦਾ ਫਲ ਮੇਰੀ ਝੋਲੀ ਵਿਚ ਪਾ ਦਿਓ।

ਸੋ ਬਾਲਮੀਕ ਜੀ ਯੱਗ ਵਿਚ ਆ ਗਏ। ਪ੍ਰਸ਼ਾਦਾ ਵਰਤਾ ਦਿਤਾ। ਜਦੋਂ ਬਾਲਮੀਕ ਜੀ ਨੇ ਸਾਰੇ ਭੋਜਨ ਇਕੱਠੇ ਕਰ ਲਏ, ਦਰੋਪਤੀ ਹੈਰਾਨ ਹੋ ਗਈ ਅਤੇ ਮਨ ਵਿਚ ਤਰਕ ਆ ਗਈ ਕਿ ਛੋਟੀ ਜਾਤੀ ਦਾ ਹੈ ਨਾ, ਇਸ ਕਰਕੇ ਇਸ ਨੇ ਸਾਰੇ ਸਲੂਣੇ, ਚਟਪਟੇ ਪਦਾਰਥ ਇਕੱਠੇ ਕਰ ਲਏ। ਸੰਖ ਫੇਰ ਨਾ ਵੱਜਿਆ।

ਕ੍ਰਿਸ਼ਨ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ! ਬਾਲਮੀਕ ਜੀ ਨੇ ਭੀ ਪ੍ਰਸ਼ਾਦਾ ਛਕ ਲਿਆ, ਪਰ ਸੰਖ ਜ਼ੋਰ ਨਾਲ ਨਹੀਂ ਵੱਜਿਆ ਤਾਂ ਕ੍ਰਿਸ਼ਨ ਜੀ ਨੇ ਕਿਹਾ ਕਿ ਕਿਸੇ ਪ੍ਰੇਮੀ ਨੇ ਬਾਲਮੀਕ ਜੀ ਦੇ ਖਾਣ ਵਿਧੀ ਉਪਰ ਤਰਕ ਕੀਤੀ ਹੈ। ਦਰੋਪਤੀ ਨੇ ਕਿਹਾ ਕਿ ਮੇਰੇ ਤੋਂ ਗਲਤੀ ਹੋ ਗਈ। ਜਦੋਂ ਤਰਕ ਰਹਿਤ ਹੋ ਕੇ ਫੇਰ ਬਾਲਮੀਕ ਜੀ ਦੀ ਸੇਵਾ ਕੀਤੀ ਤਾਂ ਉਸ ਵੇਲੇ ਸੰਖ ਬਹੁਤ ਜ਼ੋਰ ਨਾਲ ਵੱਜਿਆ ਅਤੇ ਦੂਰ-ਦੂਰ ਤਕ ਵਜਦਾ ਸੁਣਿਆ।

ਦਰੋਪਤੀ ਦੇ ਮਨ ਵਿਚ ਸ਼ੰਕਾ ਸੀ ਕਿ ਸੰਖ ਪਹਿਲਾਂ ਕਿਉਂ ਨਾ ਵੱਜਿਆ ਅਤੇ ਇਨ੍ਹਾਂ ਨੇ ਸਾਰੇ ਖਾਣੇ ਇਕੱਠੇ ਕਿਉਂ ਕੀਤੇ? ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਦਰੋਪਤੀ! ਭਲਾ ਤਾਂ ਹੀ ਹੈ ਜੇ ਇਸ ਪ੍ਰਸ਼ਨ ਦਾ ਜਵਾਬ ਤੂੰ ਉਨ੍ਹਾਂ ਤੋਂ ਹੀ ਪੁੱਛੇਂ।

ਬਾਲਮੀਕ ਜੀ ਨੇ ਦੱਸਿਆ ਕਿ ਬੇਟਾ! ਰੂਹਾਨੀ ਮਾਰਗ ਵਿਚ ਹੋਮ ਦਾ ਵਿਧਾਨ ਹੈ ਜਿਸ ਦੀ ਪਾਲਨਾ ਸਭ ਨੂੰ ਕਰਨੀ ਪੈਂਦੀ ਹੈ। ਇਸ ਤਰ੍ਹਾਂ ਆਹਾਰ ਦੀ ਮਰਿਆਦਾ ਵੱਖੋ ਵਖਰੀ ਰੱਖੀ ਹੋਈ ਹੈ। ਜਿਸ ਨੇ ਬ੍ਰਹਮਚਰੀਆ ਧਾਰਨ ਕੀਤਾ ਹੋਇਆ ਹੈ, ਉਹ 32 ਗ੍ਰਾਹੀਆਂ ਖਾਂਦਾ ਹੈ, ਜੋ ਕਾਰੋਬਾਰੀ ਹੈ ਉਹ 24 ਗ੍ਰਾਹੀਆਂ, ਜੋ ਸੰਸਾਰ ਛੱਡ ਕੇ ਜੰਗਲਾਂ ਵਿਚ ਤਪ ਕਰਦੇ ਹਨ ਉਨ੍ਹਾਂ ਨੂੰ 16 ਗ੍ਰਾਹੀਆਂ, ਜੋ ਬੀਤਰਾਗ ਅਵਸਥਾ ਵਿਚ ਵਿਚਰ ਰਹੇ ਹਨ ਉਨ੍ਹਾਂ ਵਾਸਤੇ ਅੱਠ ਗਰਾਹੀਆਂ ਦਾ ਵਿਧਾਨ ਹੈ। ਸੋ ਅੱਠ ਗਰਾਹੀਆਂ ਵਾਸਤੇ ਮੈਂ ਬ੍ਰਹਮ ਹੋਮ ਦੀ ਪਾਲਣਾ ਕਰਨ ਲਈ ਭੋਗ ਲਵਾਉਣਾ ਸੀ। ਉਸ ਵਿਚੋਂ ਕੀ ਪਤਾ ਕਿਹੜਾ ਰਸ ਪ੍ਰਭੂ ਨੂੰ ਭਾਵੇ। ਇਸ ਕਰਕੇ ਮੈਂ ਛੱਤੀ ਪ੍ਰਕਾਰ ਦੇ ਭੋਜਨ ਇਕੱਠੇ ਕਰਕੇ ਆਪਣੀ ਰਸਨਾ ਤੇ ਭੋਗ ਲਵਾਇਆ। ਸੋ ਸਰਬਤ੍ਰ ਰਮੇ ਹੋਏ ਬ੍ਰਹਮ ਦਾ ਧਿਆਨ ਧਰ ਕੇ ਮੈਂ ਜਦੋਂ ਗਰਾਹੀ ਮੁੱਖ ਵਿਚ ਪਾਈ, ਉਸ ਵੇਲੇ ਯੱਗ ਸੰਪੂਰਨ ਹੋ ਗਿਆ ਕਿਉਂਕਿ ਇਸ ਦਾ ਭੋਗ ਸਭ ਦੇਵਤਿਆਂ, ਬ੍ਰਹਮ ਨੂੰ ਲਗ ਚੁਕਿਆ ਸੀ। ਇਸ ਕਰਕੇ ਹੋਮ ਜੋ ਹੈ ਇਹ ਨੇਮ ਵਿਚ ਆਉਂਦਾ ਹੈ। ਜਿਸ ਤਰ੍ਹਾਂ ਦੋ ਚਪੂਆਂ ਦੇ ਨਾਲ ਕਿਸ਼ਤੀ ਚਲਦੀ ਹੈ ਇਸੇ ਤਰ੍ਹਾਂ ਰੂਹਾਨੀ ਮਾਰਗ ਲਈ ਯਮ ਤੇ ਨੇਮ ਜ਼ਰੂਰੀ ਸਾਧਨ ਹਨ।

***'ਚਲਦਾ'***

**L L L L L L**

# ਇਕ ਅਭੁੱਲ ਘੜੀ

***ਡਾ. ਡੀ. ਕੇ. ਪਾਂਡੇ***

ਮਹਾਂਭਾਰਤ ਦੇ ਵਿਨਾਸ਼ਕਾਰੀ ਯੁੱਧ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਲੜਾਈ ਦੇ ਮੈਦਾਨ ਵਿਚ ਕੌਰਵਾਂ ਅਤੇ ਪਾਂਡਵਾਂ ਦੀਆਂ ਫੌਜਾਂ ਆਮ੍ਹਣੇ-ਸਾਮ੍ਹਣੇ ਕੁਰਕੂਸ਼ੇਤਰ ਦੇ ਮੈਦਾਨ ਵਿਚ ਆ ਖਲੋਤੀਆਂ ਹਨ। ਉਸ ਵੇਲੇ ਅਰਜੁਨ, ਸ੍ਰੀ ਕ੍ਰਿਸ਼ਨ ਜੀ ਨੂੰ ਬੇਨਤੀ ਕਰਕੇ ਕੌਰਵਾਂ ਦੀ ਫੌਜ ਵਿਚ ਖੜ੍ਹੇ ਸੈਨਿਕਾਂ ਤੇ ਇਕ ਨਿਗ੍ਹਾ ਮਾਰ ਕੇ ਵੇਖਣਾ ਚਾਹੁੰਦਾ ਹੈ ਅਤੇ ਕ੍ਰਿਸ਼ਨ ਜੀ ਇਕ ਪਲ ਵਿਚ ਹੀ ਉਸ ਦੇ ਰੱਥ ਨੂੰ ਕੌਰਵਾਂ ਦੀ ਸੈਨਾ ਦੇ ਵਿਚਕਾਰ ਲਿਆ ਕੇ ਖੜ੍ਹਾ ਕਰ ਦਿੰਦੇ ਹਨ। ਅਰਜੁਨ ਆਪਣੇ ਸਾਮ੍ਹਣੇ ਗੁਰੂ ਦ੍ਰੋਣਾਚਾਰੀਆ, ਕ੍ਰਿਪਾਚਾਰੀਆ, ਦਾਦਾ ਭੀਸ਼ਮ ਨੂੰ ਵੇਖ ਕੇ ਹੈਰਾਨ ਰਹਿ ਜਾਂਦਾ ਹੈ ਅਤੇ ਗੁਰੂ-ਹੱਤਿਆ ਆਦਿ ਦਾ ਵਿਚਾਰ ਮਨ ਵਿਚ ਆਉਂਦਿਆਂ ਹੀ ਸ਼ੋਕ ਸਾਗਰ ਵਿਚ ਡੁੱਬ ਜਾਂਦਾ ਹੈ। ਲੜਾਈ ਦੇ ਮੈਦਾਨ ਵਿਚ ਉਸ ਵੇਲੇ ਇਕ ਘੜੀ ਅਜਿਹੀ ਆਈ ਕਿ ਸ੍ਰੀ ਕ੍ਰਿਸ਼ਨ ਨੇ ਆਪਣਾ ਵਿਰਾਟ ਰੂਪ, ਅਰਜੁਨ ਨੂੰ ਦਿਬ੍ਯ ਨੇਤਰ ਦੇ ਕੇ ਵਿਖਾਇਆ ਜਿਸ ਨੂੰ ਵੇਖ ਕੇ ਅਰਜਨ ਨੂੰ ਗਿਆਨ ਪ੍ਰਾਪਤ ਹੋਇਆ, ਬੋਧ ਹੋਇਆ ਜਿਸਨੂੰ ਗੀਤਾ ਗਿਆਨ ਕਿਹਾ ਜਾਂਦਾ ਹੈ। ਕੋਈ ਲੱਖਾਂ ਕਰੋੜਾਂ ਵਿਚੋਂ ਇਕ ਵਿਰਲਾ ਅਰਜਨ (ਜਗਿਆਸੂ) ਹੁੰਦਾ ਹੈ ਜਿਹੜਾ ਉਸ ਦੇ ਵਿਰਾਟ ਰੂਪ ਨੂੰ ਵੇਖ ਸਕਦਾ ਹੈ ਵਰਨਾਂ ਬਾਕੀਆਂ ਦੇ ਤਾਂ ਉਸ ਦੇ ਇਕ ਲਿਸ਼ਕਾਰੇ ਵਿਚ ਹੀ ਅੱਖਾਂ ਚੁੰਧਿਆਂ ਜਾਂਦੀਆਂ ਹਨ। ਜੀਵਨ ਵਿਚ ਪ੍ਰਭੂ ਪਿਆਰੇ ਦੇ ਦੀਦਾਰੇ ਤਾਂ ਇਕ ਪਲ ਵਿਚ ਹੀ ਕੀਤੇ ਜਾ ਸਕਦੇ ਹਨ ਕਿਉਂਕਿ ਉਸ ਦੇ ਵਿਰਾਟ ਰੂਪ ਨੂੰ ਵੇਖਣਾ ਬਹੁਤ ਔਖਾ ਹੈ ਅਤੇ ਕਠਿਨ ਕੰਮ ਹੈ।

ਹਰ ਇਕ ਮਨੁੱਖ ਦੇ ਜੀਵਨ ਵਿਚ ਕਦੇ-ਕਦੇ ਕੋਈ ਇਕ ਘੜੀ ਅਜਿਹੀ ਆਉਂਦੀ ਹੈ ਜਿਹੜੀ ਉਸ ਦੇ ਜੀਵਨ ਨੂੰ ਇਕ ਨਵਾਂ ਮਾਰਗ ਦ੍ਰਿਸ਼ਟਾ ਕੇ, ਇਕ ਨਵੇਂ ਮੋੜ ਤੇ ਲਿਆ ਕੇ ਖੜ੍ਹਾ ਕਰ ਦਿੰਦੀ ਹੈ, ਜਿਸ ਕਰਕੇ ਉਹ ਘੜੀ ਉਸ ਦੇ ਲਈ ਇਕ ਅਭੁੱਲ ਯਾਦ ਬਣ ਜਾਂਦੀ ਹੈ। ਜਦ ਤਕ ਉਹ ਇਸ ਸਰੀਰ ਵਿਚ ਰਹਿੰਦਾ ਹੈ, ਤਦ ਤਕ ਉਹ ਉਸ ਨੂੰ ਭੁੱਲ ਨਹੀਂ ਸਕਦਾ। ਮਹਾਂਪੁਰਖਾਂ, ਪੀਰਾਂ, ਸੰਤਾਂ, ਸਾਧੂਆਂ ਦੀ ਸੰਗਤ ਵਿਚ ਰਹਿਣ ਵਾਲੇ ਅਰਜਨ ਦੀ ਤਰ੍ਹਾਂ ਜਗਿਆਸੂ, ਜਿਨ੍ਹਾਂ ਨੂੰ ਦਿਨ ਰਾਤ ਆਪਣੇ ਮੰਤਵ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਨੂੰ ਪ੍ਰਾਪਤ ਕਰਨਾ ਹੁੰਦਾ ਹੈ, ਉਨ੍ਹਾਂ ਲਈ ਉਹ ਘੜੀ ਇਕ ਪਲ ਜਿਸ ਵਿਚ ਉਹ ਰੱਬ ਦਾ ਵਿਰਾਟ ਰੂਪ ਦਾ ਦਰਸ਼ਨ ਤਾਂ ਦੂਰ ਦੀ ਗੱਲ ਹੁੰਦੀ ਹੈ, ਇਕ ਲਿਸ਼ਕਾਰਾ ਵੀ ਉਨ੍ਹਾਂ ਨੂੰ ਵੇਖਣ ਲਈ ਮਿਲ ਜਾਵੇ ਤਾਂ ਇਕ ਅਜਿਹੀ ਯਾਦ ਉਨ੍ਹਾਂ ਦੇ ਮਨ, ਬੁੱਧੀ, ਚਿਤ ਵਿਚੋਂ ਪਾਰ ਹੋ ਕੇ ਅੰਤਸ਼ਕਰਣ ਵਿਚ ਜਾ ਕੇ ਸਥਿਰ ਹੋ ਜਾਂਦੀ ਹੈ, ਜਿਸ ਨੂੰ ਉਹ ਭੁਲਾਉਣ ਤੇ ਵੀ ਨਹੀਂ ਭੁਲਦੇ। ਉਸ ਵੇਲੇ ਜਿਹੜੀ ਅਵਸਥਾ ਜਗਿਆਸੂ ਦੀ ਹੋ ਜਾਇਆ ਕਰਦੀ ਹੈ ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ।

ਰੋਮ ਰੋਮ ਰੋਮਾਂਚਿਤ ਹੋ ਜਾਂਦਾ ਹੈ। ਸੁੱਧ-ਬੁੱਧ ਭੁਲ ਜਾਂਦੀ ਹੈ, ਦੇਹ ਦਾ ਅਧਿਆਸ ਮੁਕ ਜਾਂਦਾ ਹੈ, ਉਸ ਸਰੂਪ ਨੂੰ ਵੇਖ ਕੇ ਪ੍ਰੇਮ ਵਿਚ ਲੀਨ ਹੋਇਆ ਪ੍ਰੇਮ ਦੇ ਹੰਝੂ ਛਲਕਾਂਦਾ ਰਹਿੰਦਾ ਹੈ। ਦਿਲ ਫੜਕ ਕੇ ਰੋਂਦਾ ਹੈ, ਕੁਝ ਭੀ ਉਸ ਨੂੰ ਯਾਦ ਨਹੀਂ ਰਹਿੰਦਾ। ਉਸ ਘੜੀ ਦਾ ਅਨੰਦ ਜਿਨ੍ਹਾਂ ਨੇ ਮਾਣਿਆ ਹੁੰਦਾ ਹੈ, ਜਦ ਕਦੇ, ਨਵੇਕਲੇ ਥਾਂ ਤੇ ਬੈਠ ਕੇ ਆਪਣੇ ਪਿਆਰੇ ਨੂੰ ਯਾਦ ਕਰਦੇ ਹਨ ਤਾਂ ਫਿਰ ਪ੍ਰੇਮ ਹੰਝੂਆਂ ਦੀ ਝੜੀ ਲਗ ਜਾਂਦੀ ਹੈ ਜਿਵੇਂ ਵਰਖਾ ਰੁੱਤ ਵਿਚ ਛਮ ਛਮ ਵਰਖਾ ਹੁੰਦੀ ਹੈ। ਰੂਹਾਨੀ ਜਗਤ ਵਿਚ ਅਜਿਹੀਆਂ ਕਿੰਨੀਆਂ ਮਿਸਾਲਾਂ ਹਨ ਜਿਸ ਵਿਚ ਪ੍ਰੇਮੀਆਂ ਦੀ ਪ੍ਰੇਮ ਦਸ਼ਾ ਦਾ ਵਰਣਨ ਪੜ੍ਹਨ ਨੂੰ ਮਿਲ ਜਾਂਦਾ ਹੈ। ਦੇਵੋਂ, ਉਹ ਇਕ ਪਲ ਕਿਹੋ ਜਿਹਾ ਹੋਵੇਗਾ ਜਿਸ ਵਿਚ ਬਿਦੁਰ ਦੀ ਪਤਨੀ ਆਪਣੀ ਸੁਧ ਬੁਧ ਗਵਾ ਕੇ ਪਿਆਰ ਵਿਚ ਰਤੀ ਹੋਈ ਆਪਣੇ ਪਿਆਰੇ ਕ੍ਰਿਸ਼ਨ ਜੀ ਨੂੰ ਕੇਲੇ ਦੇ ਛਿਲਕੇ ਹੀ ਖੁਆਈ ਜਾ ਰਹੀ ਹੈ ਅਤੇ ਕ੍ਰਿਸ਼ਨ ਜੀ ਵੀ ਪਿਆਰ ਵਿਚ ਭਿਜਿਆ ਹੋਇਆ ਛਿਲਕੇ ਖਾਈ ਜਾ ਰਿਹਾ ਹੈ ਤੇ ਨਾਲੇ ਕਹੀ ਜਾਂਦਾ ਹੈ, 'ਮਾਤਾ! ਅਜਿਹਾ, ਮਿੱਠਾ ਸੁਆਦੀ ਭੋਜਨ ਮੈਂ ਪਹਿਲਾਂ ਕਦੇ ਨਹੀਂ ਖਾਧਾ।" ਇਹ ਤਾਂ ਬਿਦੁਰ ਪਤਨੀ ਦੀ ਗੱਲ ਸੀ ਅਤੇ ਬਿਦੁਰ ਜੀ ਇਸ ਤੋਂ ਵੀ ਅੱਗੇ ਚਲੇ ਗਏ, ਆਪਣੀ ਹੱਥੀ ਅਲੂਣਾ ਸਾਗ ਹੀ ਕ੍ਰਿਸ਼ਨ ਜੀ ਨੂੰ ਖਿਲਾ ਦਿਤਾ। ਉਹ ਪਿਆਰਾ ਵੀ, ਪਿਆਰ ਵਿਚ ਇਸ ਤਰ੍ਹਾਂ ਘੁਲ ਮਿਲ ਜਾਂਦਾ ਹੈ ਕਿ ਪਿਆਰ ਤੋਂ ਇਲਾਵਾ ਉਸ ਨੂੰ ਵੀ ਹੋਰ ਕੁਝ ਨਜ਼ਰ ਨਹੀਂ ਆਉਂਦਾ।

ਜਿਸ ਅਭੁੱਲ ਘੜੀ ਦੀ ਅਸੀਂ ਆਪ ਜੀ ਨੂੰ ਯਾਦ ਦਿਲਾਉਂਦੇ ਹਾਂ, ਉਹ ਪਲ, ਘੜੀ, ਬੜੀ ਹੀ ਵਿਲੱਖਣ ਅਤੇ ਅਲੌਕਿਕ ਸੀ। ਅਜੇ ਤਕ ਤਾਂ ਪ੍ਰੇਮ ਕਹਾਣੀਆਂ ਹੀ ਸੁਣੀਆਂ ਸਨ, ਪਰ ਪ੍ਰਤੱਖ ਦਰਸ਼ਨ ਦੀਦਾਰੇ ਨਹੀਂ ਹੋਏ ਸਨ। ਅਜਿਹੇ ਇਕ ਪਲ ਦਾ ਦ੍ਰਿਸ਼ 2 ਅਕਤੂਬਰ 2000 ਸ਼ਾਮ ਦੇ 5 ਵਜੇ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਤੇ ਵੇਖਿਆ ਸੀ। ਬਾਬਾ ਜੀ (ਸੰਤ ਵਰਿਆਮ ਸਿੰਘ ਜੀ) ਦੇ ਪਿਆਰ ਵਿਚ ਰੱਤੀ ਹੋਈ, ਪਿਆਰ ਦੀ ਮੂਰਤ ਬਣੀ ਹੋਈ, ਸੰਗਤ ਤਿਨ੍ਹਾਂ ਦੇ ਪ੍ਰਵਚਨਾਂ ਦਾ ਅਨੰਦ ਮਾਣ ਰਹੀ ਸੀ। ਸਮਾਗਮ ਦੀ ਸਮਾਪਤੀ ਦਾ ਆਖਰੀ ਵੇਲਾ ਨੇੜੇ ਆਉਂਦਾ ਜਾ ਰਿਹਾ ਸੀ, ਅਚਾਨਕ ਪ੍ਰਵਚਨ ਰੁਕ ਗਿਆ। ਭਾਈ ਮੰਝ ਤੇ ਗੁਰੂ ਪ੍ਰੇਮ ਦੀ ਅੰਤਿਮ ਝਾਕੀ, ਨੈਣਾਂ ਦੇ ਸਾਮ੍ਹਣੇ ਪ੍ਰਤੱਖ ਆ ਕੇ ਵਿਖਾਈ ਦਿਤੀ। ਜਗਿਆਸੂਆਂ ਨੂੰ ਅਜਿਹਾ ਮਹਿਸੂਸ ਹੋਇਆ ਕਿ ਗੁਰੂ ਮਹਾਰਾਜ ਸਾਡੇ ਸਾਮ੍ਹਣੇ ਖੜ੍ਹੇ ਹਨ ਅਤੇ ਭਾਈ ਮੰਝ ਗੁਰੂ ਜੀ ਨੂੰ ਨੰਗੇ ਪੈਰੀਂ ਵੇਖ ਕੇ, ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ ਅਤੇ ਵਿਲ੍ਹਕ-ਵਿਲ੍ਹਕ ਕੇ ਰੋ ਰਿਹਾ ਹੈ। ਬਾਰ-ਬਾਰ ਕਹਿ ਰਿਹਾ ਹੈ, ਮਹਾਰਾਜ, ਨੰਗੇ ਪੈਰੀਂ ਤੁਰ ਕੇ ਚਲੇ ਆਏ। ਕਿੰਨੇ ਰੋੜੇ, ਕਿੰਨੇ ਕੰਡੇ ਚਰਨਾਂ ਵਿਚ ਚੁਭੇ ਹੋਣੇ ਹਨ। ਮੇਰੇ ਗਰੀਬ ਲਈ ਐਨਾ ਕਸ਼ਟ? ਬਸ ਫਿਰ ਕੀ ਸੀ? ਹੰਝੂਆਂ ਦੇ ਫੁਹਾਰੇ ਫੁਟ ਪਏ। ਉਸ ਵੇਲੇ ਉਸ ਅਲੌਕਿਕ ਇਸ ਪਲ ਦਾ ਲਿਸ਼ਕਾਰਾ ਜਗਿਆਸੂਆਂ ਦੇ ਦਿਲਾਂ ਨੂੰ ਵਿੰਨਦਾ ਹੋਇਆ ਚਲਾ ਗਿਆ। ਅੱਖਾਂ ਚੁੰਧਿਆ ਗਈਆਂ। ਲੱਖਾਂ ਦੀ ਸੰਗਤ ਦੇ ਨੇਤਰ ਸਜਲ ਹੋ ਉਠੇ, ਇਥੋਂ

(ਬਾਕੀ ਪੰਨਾ 34 ਤੇ)

# ਪ੍ਰੇਮ ਭਗਤਿ ਕਰਿ ਸਹਜਿ ਸਮਾਇ॥

***ਸੰਤ ਦਲੀਪ ਸਿੰਘ ਨਾਮਧਾਰੀ***

ਗੁਰਮਤਿ ਅਨੁਸਾਰ ਪ੍ਰੇਮਾ-ਭਗਤੀ ਨੂੰ ਸਰਵੋਤਮ ਸਥਾਨ ਦਿੱਤਾ ਗਿਆ ਹੈ ਕਿਉਂਕਿ ਪ੍ਰੇਮਾ ਭਗਤੀ ਹੀ ਇਕ ਅਜਿਹਾ ਸੰਕਲਪ ਹੈ ਜਿਸ ਨਾਲ ਸਾਧਕ

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
*(ਪੰਨਾ - 1375)* ਵਾਲੀ ਅਵਸਥਾ ਨੂੰ ਪੁਜ ਸਕਦਾ ਹੈ। ਅਸਲ ਵਿਚ ਐਸੇ ਸਾਧਕ ਦੀ ਕੇਵਲ ਇਕੋ ਹੀ ਮੰਗ ਹੋਇਆ ਕਰਦੀ ਹੈ-

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ॥*** *ਪੰਨਾ - 534*

ਤੇ ਇਹੋ ਜਿਹੀ ਪ੍ਰੀਤ ਪ੍ਰਤੀ ਤੀਬਰਤਾ ਦਾ ਸਿਖਰ ਵੀ ਇਹੋ ਜਿਹਾ ਹੋਇਆ ਕਰਦਾ ਹੈ।

***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥*** *ਪੰਨਾ - 96*

ਐਸੇ ਸੱਚੇ ਤੇ ਸੁੱਚੇ ਪ੍ਰੇਮੀਆਂ ਦੇ ਹਿਰਦੇ ਵੀ ਸਾਫ ਸ਼ਫਾਫ ਹੁੰਦੇ ਹਨ ਅਤੇ ਉਨ੍ਹਾਂ ਅੰਦਰ ਕਿਸੇ ਕਿਸਮ ਦੀ ਦੂਈ-ਦ੍ਵੈਸ਼, ਨਫਰਤ ਅਤੇ ਮੰਦ ਭਾਵਨਾ ਆ ਹੀ ਨਹੀਂ ਸਕਦੀ ਸਗੋਂ ਬ੍ਰਿਹੋਂ ਦੀ ਭਾਵਨਾ ਨਾਲ ਤੜਪਨਾ ਲਗੀ ਹੁੰਦੀ ਹੈ-

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥*** *ਪੰਨਾ - 96*

ਇਹੋ ਜਿਹੀ ਅਵਸਥਾ ਵਾਲੇ ਭਗਤਾਂ ਬਾਰੇ ਗੁਰਬਾਣੀ ਵਿਚ ***ਭਗਤਿ ਨਵੈ ਪਰਕਾਰਾ॥ (ਪੰਨਾ - 71)*** ਦਾ ਵਰਣਨ ਆਉਂਦਾ ਹੈ। ਗੁਰੂ ਅੰਗਦ ਦੇਵ ਜੀ ਨੇ ਇਕ ਸਮੇਂ ਸਿੱਖਾਂ ਦੀ ਪੁੱਛ ਦਾ ਉਤਰ ਦਿੰਦਿਆਂ ਫੁਰਮਾਇਆ ਸੀ ਕਿ ਪ੍ਰਿਥਮੇਂ ਨੌਧਾ ਭਗਤ, ਦੂਜੇ ਪ੍ਰੇਮ ਭਗਤ, ਤੀਜੇ ਪਰਾ ਭਗਤ। ਇਸੇ ਤਰ੍ਹਾਂ ਨੌਧਾ ਭਗਤੀ ਨੌਂ ਪ੍ਰਕਾਰ ਦੀ ਹੈ, ਸਰਵਣ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਨ, ਬੰਦਨ, ਸਖਾ, ਦਾਸਤਾ ਅਤੇ ਆਤਮਿਕ ਵੇਦਨ। ਸਰਵਣ ਭਗਤੀ ਦੀ ਮਿਸਾਲ ਰਾਜਾ ਪ੍ਰੀਛਤ ਦੀ ਆਰਾਧਨਾ ਹੈ, ਕੀਰਤਨ ਭਗਤੀ ਸੁਖਦੇਵ ਦੀ, ਸਿਮਰਨ ਭਗਤੀ ਦੀ ਉਦਾਹਰਨ ਭਗਤ ਧ੍ਰੂ, ਭਗਤ ਪ੍ਰਹਿਲਾਦ, ਭਗਤ ਰਵਿਦਾਸ ਆਦਿ, ਚਰਨ ਸੇਵ ਭਗਤੀ ਲਛਮੀ ਜੀ ਨੇ ਕੀਤੀ, ਅਰਚਨ ਭਗਤੀ ਲਈ ਪ੍ਰਿਥੂ ਭਗਤ ਹੋਏ ਹਨ। ਬੰਦਨ ਭਗਤੀ ਲਈ ਅਕਰੂਰ ਜੀ ਅਤੇ ਸਖਾ ਭਗਤੀ ਲਈ ਅਰਜੁਨ ਤੇ ਕ੍ਰਿਸ਼ਨ ਜੀ ਜਾਂ ਸੁਦਾਮਾ ਤੇ ਕ੍ਰਿਸ਼ਨ ਜੀ ਦੀ ਮਿਸਾਲ ਸਾਡੇ ਸਾਹਮਣੇ ਹੈ। ਦਾਸ ਭਗਤੀ ਹਨੂੰਮਾਨ ਜੀ ਤੇ ਏਸੇ ਤਰ੍ਹਾਂ ਆਤਮ ਨਿਵੇਦਨ ਬਲਿ ਰਾਜੇ ਦੇ ਹਿੱਸੇ ਆਈ ਲਿਖੀ ਗਈ ਹੈ।

ਪਰ ਗੁਰਮਤਿ ਅਨੁਸਾਰ ਗੁਰੂ ਦੇ ਦਰ ਤੇ ਪਰਵਾਨ ਹੋਣ ਲਈ ਪ੍ਰੇਮਾ ਭਗਤੀ ਨੂੰ ਹੀ ਸਭ ਤੋਂ ਸੌਖਾ ਤੇ ਵਧੀਆ ਰਸਤਾ ਦਸਿਆ ਗਿਆ ਹੈ। ਜਿਸ ਦੇ ਲਈ ਸਿੱਖ ਨੂੰ ਸਭ ਤੋਂ ਪਹਿਲਾਂ ਸੱਚੇ ਤੇ ਸੁੱਚੇ ਗੁਰੂ ਦੀ ਸ਼ਰਨ ਆ ਕੇ ਉਸ ਦੇ ਉਪਦੇਸ਼ ਨੂੰ ਧਾਰਨ ਕਰਨਾ, ਫਿਰ ਉਸ ਪਾਸੋਂ ਪ੍ਰਾਪਤ ਹੋਏ ਗੁਰਮੰਤਰ ਦਾ ਜਾਪ ਕਰਨਾ ਹੁੰਦਾ ਹੈ। ਗੁਰ ਮੰਤਰ ਤੌਂ ਬਿਨਾਂ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
*ਪੰਨਾ - 1357*

ਮਨੁੱਖ ਪਸ਼ੂ ਸਮਾਨ ਹੋ ਜਾਇਆ ਕਰਦਾ ਹੈ। ਇਸੇ ਤਰ੍ਹਾਂ ਸਤਿਗੁਰੂ ਦਾ ਭਉ ਮਨ ਵਿਚ ਵਸਾਉਣਾ, ਸੰਤਾਂ-ਮਹਾਂਪੁਰਖਾਂ ਦੀ ਸੰਗਤ ਕਰਨਾ, ਕੀਰਤਨ ਕਰਨਾ ਤੇ ਸੁਣਨਾ, ਸਾਧ ਸੰਗਤ ਦੀ ਹਥੀਂ ਟਹਿਲ ਸੇਵਾ ਕਰਨੀ ਜਰੂਰੀ ਹੈ। ਆਪਣੇ ਸਤਿਗੁਰੂ ਲਈ ਤਾਂਘ ਅਤੇ ਰੂਹਾਨੀ ਮੰਡਲ, ਨਾਮ ਜਪ ਕੇ, ਸਿਮਰਨ ਕਰਕੇ, ਉਸ ਨੂੰ ਯਾਦ ਕਰਦਿਆਂ ਬ੍ਰਿਹੁ ਦੀ ਅਵਸਥਾ ਵਿਚ ਪੁੱਜ ਕੇ, ਸੁਰਤਿ ਨਾਲ ਉਸ ਅਕਾਲ ਪੁਰਖ ਗੁਰੂ ਦੀ ਮੂਰਤਿ ਨੂੰ ਧਿਆਨ ਧਰ ਕੇ ਅਤੇ ਆਪਣੇ ਪਿਆਰੇ ਸਤਿਗੁਰੂ ਦੇ ਚਰਨਾਂ ਦਾ ਧਿਆਨ ਆਦਿ ਰੂਪਾਂ ਨੂੰ ਗ੍ਰਹਿਣ ਕਰਨ ਵਾਲੇ ਗੁਰਸਿੱਖ ਦੀ ਹਾਲਤ ਨੂੰ ਭਾਈ ਨੰਦ ਲਾਲ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ -

***ਨਾਮ ਬੇ ਮੁਰਸ਼ਿਦ ਮਿਆ ਵਰ ਬਰ ਜੁਬਾਂ।***
***ਮੁਰਸ਼ਦਿ ਕਾਮਲ ਦਿਹਦ ਅਜ਼ ਹਕ ਨਿਸ਼ਾਂ।***

ਐਸੀ ਪ੍ਰੀਤ ਭਾਵਨਾ ਵਾਲੇ ਗੁਰਸਿਖ ਵਿਰਲੇ ਹੀ ਹੋਇਆ ਕਰਦੇ ਹਨ, ਕਿਉਂ ਜੁ ਪ੍ਰੇਮ ਦਾ ਮਾਰਗ ਖੰਡੇ ਦੀ ਧਾਰ ਵਾਂਗ ਤਿੱਖਾ ਹੈ ਅਤੇ ਇਸ ਉਤੇ ਇਕ ਮਨ ਇਕ ਚਿਤ ਹੋ ਕੇ ਹੀ ਚਲਿਆ ਜਾ ਸਕਦਾ ਹੈ -

***ਪ੍ਰੇਮ ਗਲੀ ਅਤਿ ਸਾਂਕੁਰੀ ਤਾਂ ਮਹਿ ਦੋ ਨ ਸਮਾਹਿ॥***

ਤਥਾ

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥*** *ਪੰਨਾ - 1412*

ਜੁਬਾਨ ਅਤੇ ਬਿਆਨ ਵਿਚ ਇੰਨੀ ਸ਼ਕਤੀ ਨਹੀਂ ਕਿ ਉਹ ਇਸ ਪ੍ਰੇਮਾ ਭਗਤੀ ਬਾਰੇ ਕੁਝ ਕਹਿ ਸਕੇ ਕਿਉਂਕਿ ਇਸ ਦਾ ਜੱਸ ਇਕ ਪਹਾੜ ਜੈਸਾ ਹੈ, ਮੈਂ ਚੀਂਟੀ ਕਿਸ ਤਰ੍ਹਾਂ ਇਸਦਾ ਅੰਤ ਪਾ ਸਕਦੀ ਹਾਂ ਅਤੇ ਇਸ ਜੱਸ ਰੂਪੀ ਸਮੁੰਦਰ ਦਾ ਇਕ ਮਛਲੀ ਕਿਵੇਂ ਪਾਰਾਵਾਰ ਪਾ ਸਕਦੀ ਹੈ। ਕਿਸੇ ਨੇ ਠੀਕ ਹੀ ਲਿਖਿਆ ਹੈ -

***ਅਲਾਹ ਅਗਰ ਤੌਫੀਕ ਨਾ ਦੇ,***
***ਇਨਸਾਨ ਕੇ ਬਸ ਕਾ ਕਾਮ ਨਹੀਂ,***
***ਫੈਜ਼ਾਨੇ ਮੁਹੱਬਤ ਆਮ ਸਹੀ,***
***ਇਰਫਾਨਿ ਮੁਹੱਬਤ ਆਮ ਨਹੀਂ।***

ਕਵੀਂ 'ਬੋਧ' ਦੇ ਅਨੁਸਾਰ ਪ੍ਰੇਮ ਦਾ ਰਸਤਾ -

***ਅਤਿ ਛੀਨ ਮ੍ਰਿਨਾਲ ਕੀ ਤਾਰਹੂੰ ਤੇ,***
***ਤਿਹ ਊਪਰਿ ਪਾਯ ਦੈ ਆਵਨੋ ਹੈ,***
***ਸੁਈ ਬੇਧ ਕੇ ਬੇਧ ਸੋ ਕੀਨ ਤਹਾਂ,***

*ਪਰਤੀਤ ਕੋ ਟਾਂਡੋ ਲਦਾਵਨੋ ਹੈ,*
*ਕਵਿ 'ਬੋਧ' ਅਨੀ ਘਨੀ ਨੇਜਊਂ ਕੀ,*
*ਚਢ ਤਾਂਪੈ ਨ ਚਿੱਤ ਚਲਾਵਨੋ ਹੈ।*
*ਯਹ ਪ੍ਰੇਮ ਕੋ ਪੰਥ ਕਰਾਰ ਹੈ ਰੇ,*
*ਤਲਵਾਰ ਕੀ ਧਾਰ ਪੈ ਧਾਵਨੋ ਹੈ।*

*ਮਹਾਨ ਕੋਸ਼ 806*

ਸੋ ਇਕ ਗੁਰਸਿੱਖ ਦਾ ਆਪਣੇ ਇਸ਼ਟ ਦੇਵ, ਆਪਣੇ ਪ੍ਰੀਤਮ ਪਿਆਰੇ ਜਿਸ ਨੂੰ ਵੀ ਉਹ ਮੰਨਦਾ ਹੈ, ਉਸ ਨਾਲ ਪ੍ਰੇਮ ਉਸ ਕਮਲ ਦੇ ਫੁੱਲ ਵਾਂਗ ਹੋਣਾ ਚਾਹੀਦਾ ਹੈ ਜੋ ਲਹਿਰਾਂ ਦੇ ਥਪੇੜੇ ਖਾ ਕੇ ਵੀ ਜਲ ਦੀ ਪ੍ਰੀਤਿ ਵਿਚ ਖਿੜਿਆ ਰਹਿੰਦਾ ਹੈ। ਗੁਰੂ ਸਾਹਿਬਾਂ ਦਾ ਫੁਰਮਾਨ ਹੈ –

*ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥*
*ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥*

*ਪੰਨਾ – 59*

ਗੁਰੂ ਜੀ ਨੇ ਇਸੇ ਸ਼ਬਦ ਵਿਚ ਹੋਰ ਵਿਸਥਾਰ ਨਾਲ ਦਸਿਆ ਹੈ ਕਿ ਜਿਵੇਂ ਮਛਲੀ ਜਲ ਤੋਂ ਬਿਨਾਂ ਇਕ ਪਲ ਵੀ ਜਿੰਦਾ ਨਹੀਂ ਰਹਿ ਸਕਦੀ, ਜਿਵੇਂ ਜਲ, ਦੁੱਧ ਨਾਲ ਦੋਸਤੀ ਨਿਭਾਉਂਦਾ ਹੋਇਆ ਅੱਗ ਦੇ ਸੇਕ ਨਾਲ ਆਪ ਤਾਂ ਸੜਦਾ ਰਹਿੰਦਾ ਹੈ ਪਰ ਦੁੱਧ ਨੂੰ ਆਂਚ ਤਕ ਨਹੀਂ ਆਉਣ ਦਿੰਦਾ, ਜਿਵੇਂ ਭੰਵਰੇ ਤੇ ਫੁੱਲਾਂ ਦਾ, ਚਾਤ੍ਰਿਕ ਤੇ ਮੀਂਹ ਦਾ, ਚਕਵੀ ਤੇ ਸੂਰਜ ਦਾ, ਸ਼ਮਾ ਤੇ ਪਰਵਾਨੇ ਦਾ ਅਦੁਤੀ ਪ੍ਰੇਮ ਦੇਖਣ ਨੂੰ ਮਿਲਦਾ ਹੈ, ਇਹੋ ਜਿਹਾ ਪ੍ਰੇਮ ਗੁਰਸਿੱਖ ਵਿਚ ਹੋਇਆ ਕਰਦਾ ਹੈ ਜੋ ਆਪਣੇ ਪ੍ਰੀਤਮ ਦੇ ਪਿਆਰ ਵਿਚ ਇਸ ਤਰ੍ਹਾਂ ਲੀਨ ਹੋ ਜਾਇਆ ਕਰਦਾ ਹੈ ਜਿਵੇਂ ਫੁੱਲਾਂ ਵਿਚ ਖੁਸ਼ਬੋ। ਹਰੀ ਦਾ ਪ੍ਰੇਮ ਫਿਰ ਉਸ ਨੂੰ ਹਰੀ ਰੂਪ ਹੀ ਕਰ ਦਿਆ ਕਰਦਾ ਹੈ ਅਤੇ ਜੋ ਦੁਖਾਂ-ਕਲੇਸ਼ਾਂ ਤੋਂ ਮੁਕਤ ਕਰ ਦੇਵਤਾ ਸਰੂਪ ਬਣਾ ਦਿਆ ਕਰਦਾ ਹੈ। ਭਾਈ ਨੰਦ ਲਾਲ ਜੀ ਜ਼ਿੰਦਗੀਨਾਮਾ 'ਚ ਲਿਖਦੇ ਹਨ –

*ਇਸ਼ਕਿ ਮੌਲਾ ਮਰ ਤੁਰਾ ਮੈਲਾ ਕੁਨਦ।*
*ਦਰਦਿ ਗਮਹਾ ਬਿਹਤਰੋ ਔਲਾ ਕੁਨਦ।*

ਇਕ ਰੁਬਾਈ ਹੈ –

*ਜਿਸ ਕਿਸੇ ਨੇ ਤੇਰੇ ਪ੍ਰੇਮ ਵਿਚ ਸਿਰ ਨੂੰ ਪੈਰ ਬਣਾਇਆ।*
*ਉਹਨੇ ਨੌਂ ਖੰਡਾਂ ਵਿਚ ਆਪਣਾ ਝੰਡਾ ਝੁਲਾਇਆ।*

ਉਹਦਾ ਸੰਸਾਰ ਵਿਚ ਆਉਣਾ ਸਫਲਾ ਹੈ ਅਤੇ ਜਾਣਾ ਵੀ ਧੰਨ ਹੈ, ਜਿਸ ਨੇ ਹਰੀ ਦਾ ਰਾਹ ਪਛਾਣ ਲਿਆ ਹੈ। ਉਨ੍ਹਾਂ ਦੇ ਅਨੁਸਾਰ –

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

*ਪੰਨਾ – 83*

ਬਾਬਾ ਫਰੀਦ ਨੇ ਤਾਂ ਇਥੋਂ ਤੱਕ ਲਿਖ ਦਿਤਾ ਹੈ –

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥*

*ਪੰਨਾ – 1379*

ਤਥਾ

*ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥*
*ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥*

*ਪੰਨਾ – 1379*

ਅਸਲ ਵਿਚ ਇਹ ਢਾਈ ਅੱਖਰ ਪ੍ਰੇਮ ਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਮਨੁੱਖ ਪਹਿਲਾਂ ਬਾਹਰੀ ਸੰਸਾਰ ਨੂੰ ਭੁਲ ਜਾਂਦਾ ਹੈ ਅਤੇ ਫਿਰ ਆਪਣਾ ਆਪ ਹੀ ਭੁਲਾ ਦਿੰਦਾ ਹੈ। ਪ੍ਰੇਮ ਵਿਚ ਨੇਮ ਨਹੀਂ ਰਿਹਾ ਕਰਦਾ ਤੇ ਇਸ ਅਧਿਕਤਾ ਵਿਚ ਤਾਂ ਸਾਰੇ ਨਿਯਮ ਵੈਸੇ ਹੀ ਭੁਲ ਜਾਇਆ ਕਰਦੇ ਹਨ। ਕਵੀ ਸੁੰਦਰ ਅਨੁਸਾਰ –

*ਨੀਰ ਬਿਨ ਮੀਨ ਦੁਖੀ ਕੀਰ ਬਿਨਾ ਸਿਸੁ ਜੈਸੇ*
*ਪੀਰ ਜਾਂ ਕੇ ਦਾਰੂ ਬਿਨ ਕੈਸੇ ਕਹਯੋ ਜਾਤ ਹੈ।*
*ਚਾਤਕ ਜਯੋਂ ਸ੍ਵਾਤਿਬੁੰਦ ਚੰਦ ਕੋ ਚਕੋਰ ਜੈਸੇ*
*ਚੰਦਨ ਕੀ ਚਾਹ ਕਰ ਫਵੀ ਅਕੁਲਾਤ ਹੈ।*
*ਅਧਨ ਜਯੋਂ ਧਨ ਚਾਹੈ ਕਾਮਿਨੀ ਕੋ ਕਾਮੀ ਚਾਹੈ*
*ਏਸੀ ਜਾਂ ਕੇ ਚਾਹ ਤਾਂ ਕੋ ਕਛੁ ਨ ਸੁਹਾਤ ਹੈ।*
*ਪ੍ਰੇਮ ਕੋ ਪ੍ਰਭਾਵ ਏਸੋ ਪ੍ਰੇਮ ਤਹਾਂ ਨੇਮ ਕੈਸੋ?*
*'ਸੁੰਦਰ' ਕਹਿਤ ਯਹਿ ਪ੍ਰੇਮ ਹੀ ਕੀ ਬਾਤ ਹੈ।*

*ਮਹਾਨ ਕੋਸ਼*

ਹਰ ਵਕਤ ਉਸ ਪਿਆਰੇ ਦੀ ਯਾਦ ਸਤਾਉਂਦੀ ਰਹਿੰਦੀ ਹੈ, ਇਹੋ ਜਿਹਾ ਪਿਆਰ ਕਿ ਉਸ ਨੂੰ ਵੇਖੇ ਬਿਨਾਂ ਨੈਣਾਂ 'ਚ ਨੀਂਦ ਨਹੀਂ ਅਤੇ ਭੁੱਖ-ਤੇਹ ਵਿਚ ਅੰਨ-ਪਾਣੀ ਨਹੀਂ ਭਾਉਂਦਾ –

*ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥*
*ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥*

*ਪੰਨਾ – 244*

ਇਹੋ ਜਿਹੇ ਰੱਬ ਦੇ ਬੰਦਿਆਂ ਵਿਚ ਕਿਸੇ ਪ੍ਰਕਾਰ ਦੀ ਲਾਲਸਾ ਜਾਂ ਦੂਈ-ਦ੍ਵੈਸ਼ ਦੀ ਭਾਵਨਾ ਨਹੀਂ ਹੋਇਆ ਕਰਦੀ ਬਲਕਿ ਪ੍ਰੇਮ ਦੀ ਤਾਰ ਵਿਚ ਉਸਦਾ ਮਨ, ਉਸਦਾ ਸਾਰਾ ਬੱਲ ਜਿਵੇਂ ਇਕ ਹੀ ਨਿਸ਼ਾਨੇ ਤੇ ਕੇਂਦਰਿਤ ਹੋਇਆ ਕਰਦਾ ਹੈ। ਅਰਜਨ ਨੇ ਦ੍ਰੋਪਤੀ ਸਵੰਬਰ ਸਮੇਂ ਇਸੇ ਬਲ ਦੇ ਸਹਾਰੇ ਹੀ ਮੱਛੀ ਦੀ ਅੱਖ ਨੂੰ ਕੇਂਦਰਿਤ ਕੀਤਾ ਹੋਇਆ ਸੀ।

ਸੱਚੇ ਤੇ ਸੁੱਚੇ ਪ੍ਰੇਮ ਵਿਚ ਮੇਰ ਤੇਰ ਨਹੀਂ ਹੋਇਆ ਕਰਦੀ। ਇਹੋ ਜਿਹੇ ਪ੍ਰੇਮਾ ਭਗਤ ਲਈ ਪ੍ਰਮਾਤਮਾ ਹੀ ਸਭ ਕੁਝ ਹੁੰਦਾ ਹੈ। ਜਿਵੇਂ ਗੁਰੂ ਸਾਹਿਬ ਫੁਰਮਾਉਂਦੇ ਹਨ –

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥ ਪੰਨਾ – 93*

ਹਾਫਿਜ਼ ਵੀ ਕਹਿੰਦਾ ਹੈ –

*ਮਨ ਤੋਂ ਸ਼ੁਦਮ ਤੋਂ ਮਨ ਸ਼ੁਦੀ,*
*ਮਨ ਤਨ ਸ਼ੁਦਮ ਤੂ ਜਾ ਸ਼ੁਦੀ।*
*ਤਾ ਦਸ ਨਾ ਗੋਇਦ, ਬਾਦ ਅਜੀਂ,*
*ਮਨ ਦੀਘਰਮ ਤੇ ਦੀਘਰੀ।*

ਭਾਵ ਮੈਂ ਤੂੰ ਬਣ ਗਿਆ, ਤੂੰ ਮੈਂ ਬਣ ਗਿਆ, ਮੈਂ ਤਨ ਬਣ ਗਿਆ ਤੇ ਤੂੰ ਮੇਰੀ ਜਾਨ ਬਣ ਗਿਆ।

ਸੋ ਐਸੇ ਪ੍ਰੇਮੀ ਜਨ, ਮਹਾਂਪੁਰਖ ਇਕ ਚਿਣ, ਅਲੌਕਿਕ,

ਮਾਨਵ ਅਤੀਤ ਸ਼ਕਤੀਪੁੰਜ ਤੇ ਵਿਲਖਣ ਰੂਪੀ ਜੋਤਿ ਦੇ ਮਾਲਕ ਹੋਇਆ ਕਰਦੇ ਹਨ, ਉਹ ਰਸਨਾ ਦੁਆਰਾ ਉਪਦੇਸ਼ ਦਿਆ ਕਰਦੇ ਹਨ ਤੇ ਹੱਥਾਂ ਨਾਲ ਸੇਵਾ ਕਰਨ ਦਾ ਚਾਅ ਪੈਦਾ ਕਰ ਦਿਆ ਕਰਦੇ ਹਨ, ਉਨ੍ਹਾਂ ਦਾ ਸਾਦਾ ਪਰ ਸਦਾਚਾਰਮਯ ਆਦਰਸ਼ਕ ਜੀਵਨ ਸਭ ਲਈ ਸਿਖਿਆਦਾਇਕ ਅਰ ਸੁਖਦਾਇਕ ਹੋਇਆ ਕਰਦਾ ਹੈ। ਉਹ ਜਿਥੇ ਜਾਂਦੇ ਹਨ, ਜਾ ਕੇ ਨਿਵਾਸ ਕਰਦੇ ਹਨ, ਉਥੇ ਹੀ ਸ਼ਾਂਤ ਵਾਯੂ ਮੰਡਲ ਪੈਦਾ ਕਰਕੇ ਸਭ ਨੂੰ ਸ਼ਾਂਤੀ ਤੇ ਸੁਖ ਪ੍ਰਦਾਨ ਕਰਿਆ ਕਰਦੇ ਹਨ। ਕਵੀ 'ਰਜਬ' ਲਿਖਦੇ ਹਨ –

***ਨਦੀ ਮੇਘ ਅਰ ਹੰਸਲਾ ਚਲੈ ਭੁਯੰਗਮ ਚਾਲ।***
***ਰਜਬ ਜਹਿ ਜਹਿ ਪਗ ਧਰੈ ਤਹਿ ਤਹਿ ਕਰਤ ਨਿਹਾਲ।***

ਅਤੇ ਇਕ ਹੋਰ ਕਵੀ 'ਦੇਵੀਦਤ' ਹੋਏ ਹਨ, ਉਨ੍ਹਾਂ ਅਨੁਸਾਰ–

***ਦਯਾ ਦਿਲ ਰਾਖੈ ਸਬਹੀ ਸੋ ਮ੍ਰਿਦ ਭਾਖੈ ਨਿਤ,***
***ਕਾਮ ਕ੍ਰੋਧ ਲੋਭ ਮੋਹ ਹੌਮੈ ਕੋ ਦਬਾਵੈ ਜੂ।***
***ਕਾਹੂੰ ਮੇਂ ਨ ਤੇਖੈ, ਸਭ ਹੀ ਮੈਂ ਏਕ ਬ੍ਰਹਮ ਦੇਖੈ।***
***ਲਘੁ ਲੇਖੈ ਆਪੁ, ਕਰ ਨੇਮ ਤਨ ਤਾਵੈ ਜੂ।***
***'ਦੇਵੀ ਦਤ' ਜਾਨੈ ਏਕ ਹਰਿ ਹੀ ਕੋ ਮੀਤ, ਔਰ***
***ਜਗਤ ਕੀ ਰੀਤਿ ਮੇਂ ਨ ਪ੍ਰੀਤਿ ਸਰਸਾਵੈ ਜੂ।***
***ਦੁਖਿਤ ਹ੍ਵੈ ਆਪ, ਦੁਖ ਔਰ ਕੋ ਮਿਟਾਵੈ, ਐਸੋ***
***ਸ਼ਾਂਤਪਦ ਪਾਵੈ, ਤਬ ਭਗਤ ਕਹਾਵੈ ਜੂ।***

***ਮਹਾਨ ਕੋਸ਼ 'ਚੋਂ***

ਇਸ ਤਰ੍ਹਾਂ ਦੇ ਭਗਤ ਹੀ ਭਗਵਾਨ ਨੂੰ ਪ੍ਰੇਮ ਵਸ ਕਰ ਲਿਆ ਕਰਦੇ ਹਨ, ਕਿਉਂ ਜੋ ਉਹ ਹੈ ਹੀ ***'ਭਾਉ ਭਗਤਿ ਦਾ ਭੁਖਾ॥'*** ਦੁਆਪਰ ਵਿਚ ਭਗਵਾਨ ਉਤੇ ਜਦੋਂ ਇਹ ਸਵਾਲ, ਹਉਮੈ ਤੇ ਹੰਕਾਰ ਭਰੇ ਰਾਜ ਮਹਿਲਾਂ ਵਿਚ ਰਹਿਣ ਵਾਲਿਆਂ ਨੇ ਕੀਤਾ ਸੀ ਕਿ ਉਹ ਰਾਜ ਮਹਿਲਾਂ ਨੂੰ ਛੱਡ ਕੇ ਰਾਤ ਦਾਸੀ ਸੁਤ ਬਿਦਰ ਦੇ ਘਰ ਕਿਉਂ ਰਹੇ? ਤਾਂ ਭਗਵਾਨ ਦਾ ਕਹਿਣਾ ਸੀ ਕਿ ਬਿਦਰ ਦੀ ਝੁੱਗੀ ਪਵਿੱਤਰ ਹੈ। ਬਿਦਰ ਦਾ ਘਰ ਚਾਉ, ਸ਼ਰਧਾ ਤੇ ਪਿਆਰ ਭਾਵਨਾ ਨਾਲ ਲਬੋ-ਲਬ ਹੈ। ਬਿਦਰ ਰਾਜਿਆਂ ਦਾ ਰਾਜਾ ਹੈ ਕਿਉਂਕਿ ਉਸਦੀ ਅੰਤਰ ਆਤਮਾ ਪ੍ਰੇਮਾ ਭਗਤੀ ਵਿਚ ਡੁੱਬੀ ਹੋਈ ਹੈ। ਤੁਹਾਡੇ ਰਾਜ ਦਰਬਾਰ ਦਾ ਦੁੱਧ ਤੇ ਉਸ ਬਿਦਰ ਦਾ ਪਾਣੀ ਮੈਂ ਇਕ ਬਰਾਬਰ ਸਮਝਿਆ ਹੈ। ਜੋ ਮੈਂ ਸਾਗ ਖਾਧਾ ਹੈ, ਉਸ ਦਾ ਸੁਆਦ ਖੀਰ ਨਾਲੋਂ ਵੀ ਉਤਮ ਸੀ ਅਤੇ ਜੋ ਪ੍ਰਭੂ ਪਿਆਰੇ ਦੀ ਯਾਦ ਵਿਚ ਰਾਤ ਗੁਜ਼ਰੀ ਹੈ, ਉਸਦਾ ਅਨੰਦ ਹੀ ਹੋਰ ਹੈ। ਕਬੀਰ ਜੀ ਲਿਖਦੇ ਹਨ –

***ਰਾਜਨ ਕਉਨੁ ਤੁਮਾਰੈ ਆਵੈ॥***
***ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥***
***ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥***
***ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥***
***ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥***
***ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥***

***ਪੰਨਾ – 1105***

ਇਸੇ ਦੁਆਪਰ ਕਾਲ ਵਿਚ ਗਰੀਬ ਸੁਦਾਮਾ ਜੀ ਜੋ ਪ੍ਰੇਮ ਰਸ ਅਤੇ ਮਸਤੀ ਦੇ ਭੰਡਾਰ ਸਨ। ਜਦੋਂ ਭਗਵਾਨ ਨੂੰ ਮਿਲਣ ਉਨ੍ਹਾਂ ਦੇ ਦਰਬਾਰ ਵਿਚ ਆਏ ਤਾਂ ਉਨ੍ਹਾਂ ਨੂੰ ਵੇਖ ਕੇ ਹਰਿ ਜੀ ਮਿਲਣ ਦਾ ਚਾਓ ਕਰਕੇ ਸਿੰਘਾਸਨ ਛੱਡ ਕੇ ਹੇਠਾਂ ਆ ਗਏ। ਪਹਿਲਾਂ ਉਨ੍ਹਾਂ ਦੀ ਪ੍ਰਦਖਨਾ ਕੀਤੀ ਫਿਰ ਪੈਰ ਧੋਤੇ ਅਤੇ ਸਿੰਘਾਸਨ ਤੇ ਬਿਠਾਲ ਕੇ ਉਨ੍ਹਾਂ ਕੋਲੋਂ ਤੰਦੁਲ ਲੈ ਕੇ ਚੱਬੇ। ਭਾਈ ਗੁਰਦਾਸ ਜੀ ਅਨੁਸਾਰ –

***ਦੂਰਹੁ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।***
***ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਏ।***
***ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।***
***ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।***
***ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।***
***ਚਾਰਿ ਪਦਾਰਥ ਸਕੁਚਿ ਪਠਾਏ॥***

***ਭਾਈ ਗੁਰਦਾਸ ਜੀ, ਵਾਰ 10/9***

ਨਾਮਦੇਵ ਛੀਂਬਾ ਜੋ ਨੀਵੀਂ ਜਾਤ ਦਾ ਗਿਣਿਆ ਜਾਣ ਕਰਕੇ ਦੇਹੁਰੇ ਅੱਗੇ ਬੈਠੇ ਨੂੰ ਉਠਾਲ ਦਿੱਤਾ ਗਿਆ ਪਰ ਜਦੋਂ ਦੇਹੁਰੇ ਪਿਛੇ ਬੈਠ ਕੇ ਹਰੀ ਗੁਣ ਉਚਾਰਦਾ ਹੈ ਤਾਂ ਦੇਹੁਰਾ ਉਧਰ ਨੂੰ ਫਿਰ ਜਾਂਦਾ ਹੈ। ਕਪਿਲ ਗਊ ਦਾ ਦੁੱਧ ਚੋ ਕੇ, ਪਿਤਾ ਦੇ ਆਖੇ ਭਗਤੀ ਭਾਵ ਵਾਲੇ ਸ਼ਬਦਾਂ ਅਨੁਸਾਰ ਕਟੋਰੀ ਭਰ ਕੇ ਠਾਕੁਰ ਅੱਗੇ ਲਿਆ ਰਖੀ ਜੋ ਪ੍ਰੇਮਾ ਭਗਤੀ ਵਸ ਹੋ ਗੋਬਿੰਦ ਨੇ ਪ੍ਰਗਟ ਹੋ ਦੁੱਧ ਪੀਤਾ। ਮੋਈ ਹੋਈ ਗਊ ਨੂੰ ਜੀਵਾਲਿਆ। ਨਾਮਦੇਵ ਦੀ ਛੰਨ ਬਣਾਈ। ਭਾਈ ਗੁਰਦਾਸ ਜੀ ਲਿਖਦੇ ਹਨ –

***ਭਰੀ ਕਟੋਰੀ ਨਾਮਦੇਵਿ ਲੈ ਠਾਕਰ ਨੋ ਦੁਧ ਪੀਆਇਆ।***
***ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰ ਛਾਇਆ॥***
***ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ॥***
***ਭਗਤ ਜਨਾ ਦਾ ਕਰੇ ਕਰਾਇਆ॥***

***ਭਾਈ ਗੁਰਦਾਸ ਜੀ ਵਾਰ 10/11***

ਤਰਲੋਚਨ ਬ੍ਰਾਹਮਣ ਨੂੰ ਠਾਕੁਰ ਦੀ ਪੂਜਾ ਕਰਦਿਆਂ ਵੇਖ ਕੇ ਧੰਨਾ ਜੱਟ ਜੋ ਗਊਆਂ ਚਰਾਉਣ ਲਈ ਜਾ ਰਿਹਾ ਸੀ, ਪੁੱਛ ਬੈਠਾ ਕਿ ਇਹ ਰੋਜ਼ ਰੋਜ਼ ਕੀ ਕਰਦਾ ਹੈ? ਤਰਲੋਚਨ ਨੇ ਕਿਹਾ, ਕਿ ਇਸ ਦੀ ਪੂਜਾ ਕਰਨ ਨਾਲ "ਜੋ ਇਛੈ ਸੋਈ ਫਲ ਪਾਵੈ।" ਇਹ ਸੁਣ ਕੇ ਧੰਨੇ ਨੇ ਵੀ ਇਕ ਚੰਗੇ ਤਗੜੇ ਠਾਕੁਰ ਦੀ ਮੰਗ ਕਰ ਦਿਤੀ। ਜਦੋਂ ਬਹੁਤ ਹੀ ਜ਼ਿੱਦ ਕੀਤੀ ਤਾਂ ਤਰਲੋਚਨ ਨੇ ਧੰਨੇ ਨੂੰ ਇਕ ਵੱਡਾ ਸਾਰਾ ਪੱਥਰ ਕੱਪੜੇ ਵਿਚ ਵਲੇਟ ਕੇ ਦੇ ਦਿਤਾ –

ਧੰਨਾ ਵਿਚਾਰਾ ਸਿੱਧਾ ਸਾਦਾ, ਘਰ 'ਚ ਜਾ ਕੇ ਪੱਥਰ ਨੂੰ ਚੰਗੀ ਤਰ੍ਹਾਂ ਨ੍ਹਾਵਾਲ ਕੇ ਅਤੇ ਉਸ ਠਾਕੁਰ ਨੂੰ ਸਜਾ ਕੇ ਰਖ ਕੇ ਛਾਹ ਵੇਲਾ ਅਗੇ ਲਿਆ ਧਰਿਆ ਤੇ ਹੱਥ ਜੋੜ ਬੇਨਤੀ ਕੀਤੀ ਕਿ ਭੋਗ ਲਾਵੋ। ਫਿਰ ਮਿੰਨਤਾਂ ਕੀਤੀਆਂ ਅਤੇ ਅੰਤ ਵਿਚ ਗੁੱਸੇ ਹੋ ਗਏ ਕਿ ਜੇ ਤੂੰ ਵੀ ਨਹੀਂ ਖਾਏਂਗਾ ਤਾਂ ਮੈਂ ਵੀ ਨਹੀਂ ਮੂੰਹ ਜੂਠਾ ਕਰਾਂਗਾ। ਬਸ ਫਿਰ ਕੀ ਸੀ ਪ੍ਰਭੂ ਨੇ ਇਸ ਪ੍ਰੇਮਾ ਭਗਤੀ ਵਸ ਹੋ ਕੇ ਉਸਦਾ ਭੋਜਨ ਛਕਿਆ। ਭਾਈ ਗੁਰਦਾਸ ਜੀ ਲਿਖਦੇ ਹਨ –

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।***
***ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।***
***ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।***
***ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।***

***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭੋਲਾ ਭਾਉ ਗੋਬਿੰਦੁ ਮਿਲਾਵੈ॥***

***ਭਾਈ ਗੁਰਦਾਸ ਜੀ, ਵਾਰ 10/13***

ਇਕ ਗਰੀਬ ਪਰ ਪ੍ਰੇਮਾ ਭਗਤੀ ਦਾ ਭੰਡਾਰ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਹਿਰੇਦਾਰ ਅੱਗੇ ਤਰਲੇ ਕੱਢਦਾ ਹੈ ਪਰ ਗੁਰੂ ਆਗਿਆ ਅਨੁਸਾਰ ਉਹ ਅੰਦਰ ਨਹੀਂ ਜਾਣ ਦਿੰਦਾ। ਬਹੁਤ ਜ਼ਿੱਦੇ ਪਿਆ ਸਿੱਖ ਜਦੋਂ ਹੀ ਜ਼ੋਰ ਜ਼ਬਰਦਸਤੀ ਅੰਦਰ ਲੰਘਣ ਲਈ ਕਦਮ ਪੁੱਟਦਾ ਹੈ ਤਾਂ ਉਹ ਪਹਿਰੇਦਾਰ ਜੋ ਹੁਕਮ ਬੱਧਾ ਸੀ, ਗੁੱਸੇ ਵਿਚ ਆ ਕੇ ਤਲਵਾਰ ਸਿੱਖ ਦੀ ਗਰਦਨ ਤੇ ਮਾਰਦਾ ਹੈ ਉਸ ਦਾ ਗਲਾ ਕਟਿਆ ਜਾਂਦਾ ਹੈ ਪਰ ਅਗਲੀ ਘੰਡੀ ਅੜੀ ਰਹਿ ਜਾਂਦੀ ਹੈ, ਉਹ ਮਸਤਾਨਾ ਸਿਰ ਤੇ ਹੱਥ ਰਖ ਕੇ ਫਿਰ ਕਹਿੰਦਾ ਹੈ ਕਿ ਹੁਣ ਤੂੰ ਆਪਣਾ ਕੰਮ ਕਰ ਲਿਆ ਹੈ, ਮੈਨੂੰ ਮੇਰੇ ਪ੍ਰੀਤਮ ਪਿਆਰੇ ਦੇ ਦੀਦਾਰੇ ਤਾਂ ਕਰਵਾ ਦੇ। ਦਸਮ ਪਾਤਸ਼ਾਹ ਇਹ ਸਾਰਾ ਕੌਤਕ ਵੇਖ ਰਹੇ ਸਨ, ਕੌਤਕ ਦੇ ਰਚੇਤ ਬਾਹਰ ਆਏ ਅਤੇ ਉਸ ਸਿੱਖ ਨੂੰ ਪੁਛਦੇ ਹਨ ਕਿ ਦਸ ਹੁਣ ਤੇਰਾ ਸਰੀਰ ਰਖ ਲਈਏ। ਮਸਤਾਨਾ, ਪ੍ਰੇਮ ਰੰਗੀਲਾ ਆਖਣ ਲੱਗਾ, ਜੀ! ਸੱਚੇ ਪਾਤਸ਼ਾਹ, ਕੋਈ ਲੋੜ ਨਹੀਂ, ਤੇਰਾ ਦਰਸ਼ਨ ਕਰਨਾ ਸੀ, ਸੋ ਕਰ ਲਿਆ। ਹੁਣ ਦੇਹ ਦੀ ਕੋਈ ਲੋੜ ਨਹੀਂ।

ਫੇਰ ਸਾਹਿਬ ਆਖਣ ਲੱਗੇ ਕਿ ਇਸ ਨੂੰ ਕੋਈ ਸਜ਼ਾ ਦੇਈਏ, ਜਿਹਨੇ ਤੈਨੂੰ ਮਾਰਿਆ ਹੈ।" ਤੋਹੀ ਮੋਹੀ ਮੋਹੀ ਤੋਹੀ ਵਾਲਾ ਸਿੱਖ ਆਖਣ ਲਗਾ ਕਿ 'ਜੇ ਪਾਤਸ਼ਾਹ ਤਰੁਠਿਆਂ ਹੈਂ ਤਾਂ ਇਸ ਨੂੰ ਅੱਖਾਂ ਬਖਸ਼ ਦੇ।" ਇੰਨਾਂ ਕਹਿ ਪ੍ਰਾਣ ਤਿਆਗ ਦਿੱਤੇ।

ਇਹੋ ਜਿਹੇ ਪ੍ਰੇਮ ਰੱਤੇ ਭਗਤ ਜਨ ਹੀ ਇਸ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਨੁਕਤਾ ਦਸ ਕੇ ਸਾਨੂੰ ਜੀਵਨ ਜਾਚ ਸਿਖਾ ਜਾਇਆ ਕਰਦੇ ਹਨ। ਪਰ ਇਹ ਅਵਸਥਾ ਉਦੋਂ ਆਉਂਦੀ ਹੈ ਜਦੋਂ ਕੋਈ ਪ੍ਰੇਮ ਖਿਚਾਂ ਪਾਉਣ ਹਾਰਾ ਹੱਥਾਂ-ਪੈਰਾਂ ਨਾਲ ਸੇਵਾ ਕਰਨ ਵਾਲਾ, ਮਿੱਠ ਬੋਲੜਾ ਅਤੇ ਨਾਮ ਸਰੂਪ ਸੱਜਣ ਸੁਆਮੀ ਮਿਲ ਜਾਂਦਾ ਹੈ। ਜਿਸ ਨੂੰ ਦੇਖਦਿਆਂ ਹੀ ਉਸ ਸਾਹਿਬ ਨਾਲ ਚਿੱਤ ਜੁੜ ਜਾਂਦਾ ਹੈ, ਮਨ ਦੀ ਮੈਲ ਕੱਟੀ ਜਾਂਦੀ ਹੈ, ਜਨਮ ਮਰਨ ਦਾ ਭਉ ਨਹੀਂ ਰਹਿੰਦਾ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***
***ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥***
***ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥***
***ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ॥***

***ਪੰਨਾ – 520***

ਇਸੇ ਤਰ੍ਹਾਂ ਬਹਿਲੋਲ ਬਾਦਸ਼ਾਹ ਅਲਮਸਤ ਫਕੀਰ ਹੋਇਆ ਹੈ ਜੋ ਨਮਾਜ ਪੜ੍ਹਦਿਆਂ, "ਮਨ ਖੁਦਾਇਮ, ਮਨ ਖੁਦਾਇਮ, ਮਨ ਖੁਦਾ" ਕਹਿ ਦਿਆ ਕਰਦਾ ਸੀ ਜੋ ਕੱਟੜਵਾਦੀ ਮੁਲਾਣਿਆਂ ਨੂੰ ਜਚਦਾ ਨਹੀਂ ਸੀ। ਇਕ ਦਿਨ ਆਖਣ ਲੱਗੇ ਕਿ ਇਹ ਕੀ ਕੁਫਰ ਤੋਲਣ ਲੱਗ ਪਏ ਹੋ। ਬਾਦਸ਼ਾਹ ਆਖਣ ਲੱਗਾ ਕਿ ਹੁਣ ਜਦੋਂ ਮੈਂ ਆਖਾਂ, ਮੇਰਾ ਸਿਰ ਧੜ ਨਾਲੋਂ ਜੁਦਾ ਕਰ ਦਿਓ-ਜੋ ਇਸ ਜ਼ੁਰਮ ਦੀ ਸਜ਼ਾ ਹੈ। ਸਮਾਂ ਆਇਆ ਤੇ ਬਾਦਸ਼ਾਹ ਨੇ ਆਖਣਾ ਸ਼ੁਰੂ ਕਰ ਦਿੱਤਾ। 'ਮਨ ਖੁਦਾਇਮ' ਆਖਿਆ ਹੀ ਸੀ ਕਿ ਕੱਟੜਵਾਦੀਆਂ ਨੇ ਤਲਵਾਰ ਚਲਾ ਦਿੱਤੀ ਪਰ ਉਹ ਗਲਾ ਕੱਟੇ ਬਗੈਰ ਹੀ ਲੰਘ ਗਈ। ਫੇਰ ਮਾਰੀ ਤਲਵਾਰ, ਫੇਰ ਲੰਘ ਗਈ। ਜਦੋਂ ਬਾਦਸ਼ਾਹ ਮਸਤੀ ਵਿਚੋਂ ਬਾਹਰ ਆਏ ਤਾਂ ਆਖਣ ਲੱਗੇ ਕਿ ਸੁਣਾਓ ਭਾਈ ਅੱਜ ਤਾਂ ਨਹੀਂ ਆਖਿਆ। "ਹਾਂ ਆਖਿਆ ਸੀ।" "ਫੇਰ ਮਾਰੀ ਸੀ ਤਲਵਾਰ?" ਮਾਰੀ ਤਲਵਾਰ ਪਰ ਵਿਚੋਂ ਦੀ ਲੰਘ ਗਈ, ਸਿਰ ਨਹੀਂ ਲਹਿਆ। ਬਾਦਸ਼ਾਹ ਆਖਣ ਲੱਗਾ ਕਿ ਫੇਰ ਮੈਂ ਨਹੀਂ ਸੀ ਉਸ ਵਕਤ, ਉਸ ਵੇਲੇ ਖੁਦਾ ਹੀ ਸੀ।

***ਆਦਮੀ ਕੀ ਕਿਆ ਜ਼ੁਰਅਤ, ਦਾਵਾ ਖੁਦਾਈ ਕਾ ਕਰੇ।***
***ਬੋਲਤੇ ਥੇ ਆਪ ਹਜ਼ਰਤ ਨਾਮ ਥਾ ਮਨਸੂਰ ਕਾ।***

ਹਜ਼ਰਤ ਮਨਸੂਰ ਨੂੰ ਵੀ 'ਅਨਲਹੱਕ, ਅਨਲਹੱਕ' ਕਹਿੰਦੇ ਨੂੰ ਕੱਟੜਵਾਦੀਆਂ ਨੇ ਸੂਲੀ ਤੇ ਚਾੜ੍ਹ ਦਿੱਤਾ ਸੀ।

ਪ੍ਰੇਮ ਵੱਸ ਹੋਏ ਅਨੇਕ ਗੁਰੂ ਕੇ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਭਾਈ ਮਤੀ ਦਾਸ, ਸਤੀ ਦਾਸ, ਭਾਈ ਦਿਆਲਾ, ਭਾਈ ਤਾਰੂ ਸਿੰਘ, 66 ਨਾਮਧਾਰੀ ਸਿੰਘ ਤੋਪਾਂ ਅੱਗੇ ਉਡ ਗਏ, ਅਨੇਕਾਂ ਹੀ ਫਾਂਸੀਆਂ ਤੇ ਝੂਲ ਗਏ, ਕਾਲੇ ਪਾਣੀਆਂ ਦੀਆਂ ਸਜਾਵਾਂ ਭੁਗਤਦੇ ਸ਼ਹੀਦ ਹੋ ਗਏ।

ਮੌਲਾਨਾ ਰੂਮ ਦੇ ਕਹਿਣ ਅਨੁਸਾਰ ਪ੍ਰੇਮ ਦੇ ਮਾਮਲੇ ਵਿਚ ਬੁੱਧੀ ਦੀ ਪਹੁੰਚ ਨਹੀਂ ਹੋਇਆ ਕਰਦੀ। ਪ੍ਰੇਮਾ ਭਗਤੀ ਜਾਂ ਬਿਰਹੁ ਭਗਤੀ ਹਰ ਉਸ ਸਖਸ਼ ਵਿਚ ਮੌਜੂਦ ਹੈ ਜੋ ਭਗਤੀ ਪ੍ਰਧਾਨ ਤੇ ਪ੍ਰੇਮ ਸਤਾ ਦੇ ਕਾਇਲ ਹੈ। ਭਗਤ ਸੂਰਦਾਸ ਜੀ ਦੇ ਲਿਖਣ ਅਨੁਸਾਰ –

***ਨ ਲਾਜ ਤੀਨ ਲੋਕ ਕੀ ਨ ਵੇਦ ਕੇ ਕਹਿਓ ਕਰੈ।***
***ਨ ਸੰਕ ਭੂਤ ਪ੍ਰੇਤ ਕੀ ਨ ਦੇਵ ਜੱਛ ਤੇ ਡਰੈ।***
***ਸੁਨੈ ਨ ਕਾਨ ਔਰ ਕੀ, ਦ੍ਰਸੈ ਨ ਔਰ ਇੱਛਨਾ।***
***ਕਰੈ ਨ ਬਾਦ ਔਰ ਕੀ, ਸੁ ਭਕਤਿ ਪ੍ਰੇਮ ਲੱਛਨਾ।***

ਭਗਤ ਸੁੰਦਰਦਾਸ ਜੀ ਪ੍ਰੇਮਾ ਭਗਤੀ ਦੀ ਇਸ ਬਿਰਹੁ ਭਗਤੀ ਬਾਰੇ ਲਿਖਦੇ ਹਨ –

***ਕਬਹੂੰਕ ਹੰਸ ਉਠ ਕਰੈ ਰੋਵਨ ਫਿਰ ਲਾਗੈ।***
***ਕਬਹੂੰਕ ਗਦ ਕੰਠ ਸ਼ਬਦ ਨਿਕਸੈ ਨਹਿ ਆਗੈ।***
***ਕਬਹੂੰਕ ਹਿਰਦੈ ਉਮੰਗ ਬਹੁਤ ਊਚੇ ਸੁਰ ਗਾਵੈ।***
***ਕਬਹੂੰਕ ਹ੍ਵੈ ਮੁਖ ਮੌਨ ਗਗਨ ਜੈਸੋ ਰਹਿ ਜਾਵੈ।***
***ਚਿੱਤ ਬਿੱਤ ਹਰਿ ਸੋਂ ਲਾਗਿਓ, ਸਾਵਧਾਨ ਕੈਸੇ ਰਹੈ।***
***ਯਹ ਪ੍ਰੇਮ ਲੱਛਨਾਂ ਭਗਤਿ ਹੈ ਸ਼ਿੱਸ਼ ਸੁਨੋ ਸੁੰਦਰ ਕਹੈ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਪੰਨਾ – 864***

ਕਾਬਲ 'ਚ ਰਹਿ ਰਹੇ ਗੋਂਦਾ ਨਾਮੀ ਸਿੱਖ ਜੋ ਅਫੁਰ ਅਵਸਥਾ ਪਾਰ ਕਰ ਚੁਕੇ ਹੋਏ ਸਨ। ਇਕ ਦਿਨ ਅੰਮ੍ਰਿਤ ਵੇਲੇ ਤੋਂ ਨਾਮ-ਰਸ ਵਿਚ ਬੈਠਿਆਂ ਗੁਰੂ ਹਰਿ ਰਾਏ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਐਸੇ ਸਮਾਧੀ ਸਥਿਤ ਹੋਏ ਕਿ ਸਮੇਂ ਦੇ ਵੇਗ ਨੇ ਸ਼ਾਮ ਦੇ ਚਾਰ ਵਜਾ ਦਿੱਤੇ ਪਰ ਦੂਜੀ ਤਰਫ ਕੀਰਤਪੁਰ ਵਿਖੇ ਗੁਰੂ ਹਰਿ ਰਾਏ ਜੀ ਅੰਮ੍ਰਿਤ ਵੇਲੇ ਤੋਂ ਦੀਵਾਨ ਵਿਚ ਬੈਠਿਆਂ ਸਮਾਧੀ ਸਥਿਤ ਹੋਏ, ਸੰਗਤਾਂ ਵੀ ਇਸ ਪ੍ਰਕਾਰ ਸਤਿਗੁਰੂ ਜੀ ਦੇ ਨਾਲ ਹੀ ਬੈਠੀਆਂ ਉਡੀਕ ਕਰ ਰਹੀਆਂ ਸਨ

ਕਿ ਕਦੋਂ ਸਤਿਗੁਰੂ ਜੀ ਸਮਾਧੀ ਤੋਂ ਉਠਦੇ ਹਨ ਤੇ ਕਦੋਂ ਪ੍ਰਸ਼ਾਦ ਪਾਣੀ ਛਕਦੇ ਹਨ। ਸ਼ਾਮ ਦੇ ਚਾਰ ਵਜੇ ਤੋਂ ਬਾਅਦ ਹੀ ਨੇਤਰ ਖੋਲ੍ਹੇ ਅਤੇ ਪ੍ਰਸ਼ਾਦ ਛਕਿਆ।

***ਗੁਰ ਕੇ ਚਰਨ ਹਿਰਦੈ ਵਸਾਏ॥ ਪੰਨਾ - 1270***

ਇਸੇ ਤਰ੍ਹਾਂ ਇਕ ਸਮੇਂ ਗੁਰੂ ਗੋਬਿੰਦ ਸਿੰਘ ਜੀ ਸਮੇਂ ਬਾਈਧਾਰ ਦੇ ਪਹਾੜੀ ਰਾਜੇ ਜੋ ਗੁਰੂ ਜੀ ਦਾ ਵਿਰੋਧ ਕਰ ਰਹੇ ਸੀ ਸਭ ਨੇ ਇਕੱਠਿਆਂ ਹੋ ਇਕ ਮਤਾ ਪਕਾਇਆ ਕਿ ਕਿਉਂ ਨ ਸਾਰੇ ਇਕੱਠੇ ਹੋ ਕੇ ਇਕ ਦਿਨ ਅਚਾਨਕ ਹੀ ਗੁਰੂ ਗੋਬਿੰਦ ਸਿੰਘ ਜੀ ਤੇ ਹੱਲਾ ਬੋਲਿਆ ਜਾਵੇ, ਇਸ ਤਰ੍ਹਾਂ ਗੁਰੂ ਜੀ ਤੋਂ ਅਨੰਦਪੁਰ ਖਾਲੀ ਕਰਵਾ ਲਵਾਂਗੇ। ਪਰ ਦੇਵੀਦਾਸ ਜੋ ਇਨ੍ਹਾਂ ਦਾ ਮੁੱਖ ਮੰਤਰੀ ਵੀ ਸੀ ਤੇ ਮੁੱਖ ਸਲਾਹਕਾਰ ਵੀ ਸੀ ਨੇ ਇਸ ਮਤੇ ਦੀ ਵਿਰੋਧਤਾ ਕੀਤੀ ਅਤੇ ਉਨ੍ਹਾਂ ਨੂੰ ਇਉਂ ਕਰਨ ਤੋਂ ਮਨ੍ਹਾ ਕੀਤਾ। ਰਾਜਿਆਂ ਨੇ ਸੋਚਿਆਂ ਕਿ ਅੰਦਰੋਂ ਗੁਰੂ ਜੀ ਦਾ ਸੂਹੀਆ ਹੋਣਾ ਹੈ, ਜਿਸ ਕਰਕੇ ਇਹ ਸਾਨੂੰ ਰੋਕ ਰਿਹਾ ਹੈ। ਉਨ੍ਹਾਂ ਨੇ ਇਸ ਨੂੰ ਬਾਗੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾ ਦਿੱਤੀ। ਇਹ ਆਖਿਆ ਗਿਆ ਕਿ ਫਲਾਣੀ ਪਹਾੜੀ ਤੇ ਲਿਜਾ ਕੇ ਇਸ ਦੀਆਂ ਅੱਖਾਂ ਵਿਚ ਗਰਮ ਸਲਾਈਆਂ ਫੇਰ ਕੇ ਉਸ ਪਹਾੜੀ ਤੋਂ ਹੇਠਾਂ ਰੇੜ ਦਿੱਤਾ ਜਾਵੇ।

ਜਦੋਂ ਸਮਾਂ ਆਇਆ ਤਾਂ ਦੇਵੀਦਾਸ ਜੀ ਨੇ ਜਲਾਦਾਂ ਨੂੰ ਕਿਹਾ ਕਿ ਜਿਸ ਵੇਲੇ ਮੈਂ ਸਮਾਧੀ ਸਥਿਤ ਹੋ ਜਾਵਾਂ ਤਾਂ ਤੁਸਾਂ ਇਹ ਕੰਮ ਕਰ ਦੇਣਾ।

***ਗੁਰ ਕੇ ਚਰਨ ਰਿਦੈ ਲੈ ਧਾਰਉ॥ ਪੰਨਾ - 864***

ਦੇ ਵਾਕ ਅਨੁਸਾਰ ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਸਮਾਧੀ ਸਥਿਤ ਹੋ ਗਏ। ਜਲਾਦਾਂ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਸੁਰਮਚੂ ਵਾਂਗੂ ਗਰਮ ਗਰਮ ਸਲਾਈਆਂ ਫੇਰ ਦਿੱਤੀਆਂ ਤੇ ਇਹ ਸੋਚਕੇ ਕਿ ਇਹ ਹੁਣ ਆਪੇ ਹੀ ਰਿੜ ਕੇ ਖਤਮ ਹੋ ਜਾਵੇਗਾ ਉਸ ਨੂੰ ਉਥੇ ਹੀ ਛੱਡ ਵਾਪਸ ਆ ਗਏ। ਪਰ ਗੁਰੂ ਦੇ ਪਿਆਰੇ ਸਿੱਖ ਦੇਵੀ ਦਾਸ ਜੀ ਜਦੋਂ ਸੁਰਤ ਵਿਚ ਆਏ ਤਾਂ ਆਪਣੇ ਆਪ ਨੂੰ ਠੀਕ ਠਾਕ ਵੇਖ ਕੇ ਹੈਰਾਨ ਵੀ ਹੋਏ ਤੇ ਸ੍ਰੀ ਸਤਿਗੁਰੂ ਜੀ ਦੇ ਸ਼ੁਕਰਗੁਜ਼ਾਰ ਵੀ ਹੋਏ। ਸਿੱਧੇ ਹੀ ਗੁਰਧਾਮ ਅਨੰਦਪੁਰ ਸਾਹਿਬ ਪੁੱਜ ਕੇ ਜਦੋਂ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਚਰਨਾਂ ਤੇ ਪੱਟੀਆਂ ਬੱਝੀਆਂ ਵੇਖ ਕੇ ਪੁਛਿਆ ਤਾਂ ਜਦੋਂ ਪਤਾ ਲੱਗਾ ਕਿ ਸਲਾਈਆਂ ਮੇਰੀਆਂ ਅੱਖਾਂ ਵਿਚ ਫਿਰੀਆਂ ਸਨ ਅਰ ਗੁਰੂ ਚਰਨਾਂ ਦਾ ਧਿਆਨ ਧਰਨ ਕਰਕੇ ਉਨ੍ਹਾਂ ਗਰਮ ਸਲਾਈਆਂ ਦਾ ਅਸਰ ਗੁਰੂ ਜੀ ਦੇ ਚਰਨਾਂ ਤੇ ਹੋਇਆ ਹੈ। ਵੈਰਾਗੀ ਹੋ ਗਿਆ, ਮੁਆਫੀਆਂ ਮੰਗਣ ਲਗ ਪਿਆ। ਗੁਰਬਾਣੀ ਵਿਚ ਇਸ ਗੱਲ ਦਾ ਫੈਸਲਾ ਕਰ ਦਿੱਤਾ ਹੈ ਕਿ -

***ਗੁਰ ਕੇ ਚਰਣ ਕਮਲ ਮਨ ਧਿਆਇ॥***
***ਦੂਖੁ ਦਰਦੁ ਇਸੁ ਤਨ ਤੇ ਜਾਇ॥ ਪੰਨਾ - 741***

ਗੁਰੂ ਹਰਿ ਗੋਬਿੰਦ ਸਾਹਿਬ ਜੀ ਲਈ ਇਕ ਸਿੱਖ ਨੇ ਬਹੁਤ ਵਧੀਆ ਦੁਸ਼ਾਲੇ ਭੇਟਾ ਕਰਨ ਲਈ ਲਿਆਂਦੇ ਜੋ ਰਸਤੇ ਵਿਚ ਪੱਟੀ ਦੇ ਨਵਾਬ ਨੇ ਖੋਹ ਲਏ। ਪਤਾ ਲੱਗਣ ਤੇ ਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਭੇਜਿਆ। ਉਨ੍ਹਾਂ ਉਥੇ ਜਾ ਕੇ ਬੜੀ ਹੀ ਵਿਉਂਤ ਨਾਲ ਉਹ ਦੁਸ਼ਾਲੇ ਪ੍ਰਾਪਤ ਕਰ ਵਾਪਸ ਮੁੜਿਆ ਤਾਂ ਪਿੱਛੇ ਨਵਾਬ ਦੀ ਪੁਲੀਸ ਮਗਰ ਲੱਗ ਗਈ। ਭਾਈ ਜੀ ਉਨ੍ਹਾਂ ਤੋਂ ਦੁਸ਼ਾਲਿਆਂ ਦਾ ਬਚਾਅ ਕਰਨ ਲਈ ਕੋਈ ਲੁਕਵੀਂ ਥਾਂ ਦੀ ਭਾਲ ਕਰ ਰਿਹਾ ਸੀ ਕਿ ਰਸਤੇ ਵਿਚ ਇਕ ਭਠਿਆਰਨ ਨੂੰ ਜਦੋਂ ਪੁਛਿਆ ਤਾਂ ਉਸ ਨੇ ਆਪਣੀ ਭੱਠੀ ਵੱਲ ਇਸ਼ਾਰਾ ਕਰ ਦਿੱਤਾ। ਭਾਈ ਜੀ ਨੇ ਸਤਿਗੁਰੂ ਜੀ ਦੀ ਮੂਰਤ ਨੂੰ ਮਨ ਵਿਚ ਵਸਾ ਕੇ ਉਸ ਬਲਦੀ ਭੱਠ ਵਿਚ ਹੀ ਵੜ ਗਏ। ਓਧਰ ਸਤਿਗੁਰੂ ਜੀ ਦੀਵਾਨ ਵਿਚ ਬੈਠਿਆਂ ਸੰਗਤਾਂ, ਸਿੱਖਾਂ, ਸੇਵਕਾਂ ਨੂੰ ਕਿਹਾ ਕਿ ਜਲ ਦੀਆਂ ਗਾਗਰਾਂ ਲਈ ਆਓ ਤੇ ਮੇਰੇ ਸਰੀਰ ਤੇ ਪਾਈ ਜਾਓ। ਉਸ ਭੱਠੀ ਦੀ ਅੱਗ ਦੀ ਤਪਸ਼ ਨੂੰ ਆਪ ਜੀ ਨੇ ਇਸ ਤਰ੍ਹਾਂ ਠੰਡਿਆ ਕਰ, ਆਪਣੇ ਭਗਤ ਦੀ ਰਾਖੀ ਕੀਤੀ, ਰੱਤੀ ਭਰ ਵੀ ਸੇਕ ਨਹੀਂ ਲੱਗਣ ਦਿਤਾ। ਸੋ ਇਹੋ ਜਿਹੇ ਗੁਰਸਿੱਖ ਆਪਣੇ ਗੁਰੂ ਦੇ ਨਾਲ 'ਪ੍ਰੇਮ ਭਗਤੀ' ਵਿਚ ਲੀਨ ਹੋਏ ਕਿਹੋ ਜਿਹੇ ਕਾਰਨਾਮੇ ਕਰ ਦਿੰਦੇ ਹਨ ਅਤੇ ਗੁਰੂ ਵੀ ਆਪਣੇ ਭਗਤਾਂ ਦੀ ਪੈਜ ਰਖਦਾ ਆਇਆ ਹੈ। ਇਸ ਤਰ੍ਹਾਂ ਸਭ ਪਾਸੇ ਬ੍ਰਹਮ ਹੈ ਬ੍ਰਹਮ ਦਾ ਪਸਾਰਾ ਹੋ ਜਾਇਆ ਕਰਦਾ ਹੈ।

***ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

**L L L L L L**

---

(ਪੰਨਾ 29 ਦੀ ਬਾਕੀ)

ਤਕ ਕਿ ਸੰਗਤ ਵਿਚੋਂ ਜਿਹੜੇ ਇਸ ਇਕ ਪਲ ਦੇ ਲਿਸ਼ਕਾਰੇ ਨੂੰ ਸਹਾਰ ਨਾ ਸਕੇ, ਉਨ੍ਹਾਂ ਦੀਆਂ ਚੀਕਾਂ ਨਿਕਲ ਪਈਆਂ। ਸਾਰਾ ਵਾਤਾਵਰਣ ਅਨੁਰਾਗ ਵੈਰਾਗ ਵਿਚ ਬਦਲ ਗਿਆ। ਨੇਤਰਾਂ ਵਿਚੋਂ ਪ੍ਰੇਮ ਦੇ ਹੰਝੂਆਂ ਦੀ ਪ੍ਰੇਮ ਪੀੜਾ ਸਹਿੰਦੀਆਂ ਹੋਈਆਂ ਸੰਗਤਾਂ ਵਿਦਾ ਹੋ ਗਈਆਂ।

ਖਾਸ ਗੱਲ ਇਸ ਘੜੀ ਦੀ, ਇਸ ਅਲੌਕਿਕ ਪਲ ਦੀ ਜਿਸ ਕਰਕੇ ਮਨ ਵਿਚ ਇਹ ਸਵਾਲ ਉਠਿਆ ਕਿ ਹੁਣ ਤਕ ਰੂਹਾਨੀ ਸੰਸਾਰ ਵਿਚ ਪ੍ਰਮੇਸ਼ਰ ਨੇ ਇਕੱਲੇ ਇਕੱਲੇ ਨੂੰ ਹੀ ਦਰਸ਼ਨ ਦੀਦਾਰੇ ਦਿਤੇ ਜਾਂ ਉਨ੍ਹਾਂ ਨੂੰ ਆਪਣਾ ਲਿਸ਼ਕਾਰਾ ਵਿਖਾਇਆ ਜਿਵੇਂ ਮੈਦਾਨੇ ਜੰਗ ਵਿਚ ਸ੍ਰੀ ਕ੍ਰਿਸ਼ਨ ਨੇ ਅਰਜਨ ਅਤੇ ਸੰਜੈ ਨੂੰ ਹੀ ਇਹ ਦਿਬਯ ਨੇਤਰ ਦਿਤੇ ਸਨ, ਜਿਸ ਨਾਲ ਉਹ ਉਸ ਦੇ ਵਿਰਾਟ ਰੂਪ ਨੂੰ ਵੇਖ ਸਕੇ ਪਰ ਇਸ ਪ੍ਰੇਮ ਦੀ ਅਲੌਕਿਕਤਾ ਦਾ ਲੱਖਾਂ ਵਿਚ ਮੌਜੂਦ ਸੰਗਤ ਨੇ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦਾ ਪੂਰਾ ਪੂਰਾ ਅਨੰਦ ਮਾਣਿਆ ਅਤੇ ਉਸ ਲਿਸ਼ਕਾਰੇ ਦੀ ਲਪੇਟ ਤੋਂ ਕੋਈ ਭੀ ਨਾ ਬਚ ਸਕਿਆ। ਲੱਖਾਂ ਪ੍ਰੇਮੀਆਂ ਦਾ ਸੁਧ ਬੁਧ ਭੁੱਲ ਜਾਣਾ, ਕੇਵਲ ਹੰਝੂਆਂ ਦਾ ਹੀ ਨੈਣਾਂ ਤੋਂ ਛਮ ਛਮ ਕਰਦਾ ਵਿਖਾਈ ਦੇਣਾ, ਇਹੋ ਹੀ ਪ੍ਰੇਮ ਦਾ ਅਲੌਕਿਕ ਅਤੇ ਵਿਲੱਖਣ ਲਿਸ਼ਕਾਰਾ ਸੀ ਜਿਹੜਾ ਜਗਿਆਸੂਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡ ਗਿਆ। ਅਜਿਹਾ ਅਲੌਕਿਕ ਨਜ਼ਾਰਾ ਪਤਾ ਨਹੀਂ ਜੀਵਨ ਵਿਚ ਫੇਰ ਕਦੇ ਵੇਖਣ ਨੂੰ ਮਿਲੇ ਜਾਂ ਨਾ ਮਿਲੇ ਪਰ ਇਹ ਘੜੀ, ਇਹ ਪਲ ਇਕ ਅਭੁੱਲ ਯਾਦ ਵਾਂਗੂੰ ਸਾਡੇ ਦਿਲਾਂ ਵਿਚ ਵਾਸ ਕਰਦੀ ਰਹੇਗੀ।

**L L L L L L**

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਨਵੰਬਰ ਅੰਕ, ਪੰਨਾ - 33)*

### ਅਧਿਆਏ 12

ਅਰਜਨ ਉਪਵਾਚ -

1. ਇਸ ਪ੍ਰਕਾਰ ਭਗਵਾਨ ਦੇ ਬਚਨਾਂ ਨੂੰ ਸੁਣ ਕੇ ਅਰਜਨ ਬੋਲਿਆ, ਹੇ ਮਨਮੋਹਨ! ਜੋ ਅਨਿੰਨ ਪ੍ਰੇਮੀ ਭਗਤ ਜਨ ਇਸ ਪੂਰਬ ਯੁਕਤ ਪ੍ਰਕਾਰ ਨਾਲ ਨਿਰੰਤਰ ਆਪ ਦੇ ਭਜਨ ਧਿਆਨ ਵਿਚ ਲਗੇ ਹੋਏ, ਆਪ ਸਰਗੁਨ ਰੂਪ ਪ੍ਰਮੇਸ਼ਰ ਨੂੰ ਅਤਿ ਸ੍ਰੇਸ਼ਟ ਭਾਵ ਨਾਲ ਉਪਾਸ਼ਦੇ ਹਨ ਅਤੇ ਜੋ ਅਬਿਨਾਸ਼ੀ, ਸਚਿਦਾਨੰਦ, ਨਿਰਾਕਾਰ ਨੂੰ ਹੀ ਉਪਾਸਦੇ ਹਨ ਇਹਨਾਂ ਦੋਹਾਂ ਪ੍ਰਕਾਰ ਦੇ ਭਗਤਾਂ ਵਿਚੋਂ ਉਤਮ ਯੋਗ ਵੇਤਾ ਕੌਣ ਹੈ?

ਅਰਜਨ ਜੋ ਇਹ ਦ੍ਰਿਸ਼ ਦੇਖਦਾ ਹੈ, ਉਹ ਬਹੁਤ ਥੋੜ੍ਹੀ ਦੇਰ ਲਈ ਸੀ। ਉਸ ਨੂੰ ਛੇਤੀ ਹੀ ਸੰਸਾਰ ਵਿਚ ਵਾਪਸ ਆਉਣਾ ਪਿਆ ਤੇ ਸੰਸਾਰਕ ਕਰਮ ਕਰਨੇ ਪਏ। ਪਰ ਇਕ ਅਲੌਕਿਕ ਘਟਨਾ ਜ਼ਰੂਰ ਅਰਜਨ ਦੇ ਜੀਵਨ ਵਿਚ ਵਰਤ ਗਈ ਤੇ ਉਸ ਨੂੰ ਕ੍ਰਿਸ਼ਨ ਤੇ, ਤੇ ਉਨ੍ਹਾਂ ਦੀ ਸਿਖਿਆ ਤੇ ਬਹੁਤ ਵਿਸ਼ਵਾਸ਼ ਹੋ ਗਿਆ। ਜੋ ਵੀ ਘਟਨਾਵਾਂ ਤੇ ਦ੍ਰਿਸ਼ ਇਛੁਕ ਦੇ ਜੀਵਨ ਵਿਚ ਵਾਪਰਦੇ ਹਨ ਇਹ ਆਤਮ ਮਾਰਗ ਤੇ ਚੱਲਣ ਦੇ ਇਕ ਮਾਤ੍ਰ ਚਿੰਨ ਹੁੰਦੇ ਹਨ ਪਰ ਇਹ ਕੋਈ ਪ੍ਰਾਪਤੀ ਨਹੀਂ, ਪੂਰਤੀ ਨਹੀਂ। ਪ੍ਰਾਪਤੀ ਤਾਂ ਆਤਮ ਸਿੱਧੀ ਹੈ।

ਬਾਰ੍ਹਵੇਂ ਅਧਿਆਇ ਦਾ ਪਹਿਲਾ ਸ਼ਲੋਕ ਅਰਜਨ ਵਲੋਂ ਇਕ ਪ੍ਰਸ਼ਨ ਹੈ, ਇਹ ਪ੍ਰਸ਼ਨ ਕ੍ਰਿਸ਼ਨ ਦਾ ਵਿਸ਼ਾਲ ਰੂਪ ਦੇਖਣ ਤੋਂ ਬਾਅਦ ਉਠਿਆ। ਅਰਜਨ ਇਹ ਜਾਨਣਾ ਚਾਹੁੰਦਾ ਹੈ ਕਿ ਉਹ ਨਿਰਗੁਣ ਤੇ ਸਮਾਧੀ ਲਗਾਏ ਕਿ ਸਰਗੁਣ ਸਰੂਪ ਤੇ ਲਗਾਏ। ਸਤਿ ਤਾਂ ਸਾਰੀਆਂ ਇੰਦ੍ਰੀਆਂ ਤੋਂ ਪਰ੍ਹੇ ਹੈ, ਮਨ ਤੋਂ ਪਰ੍ਹੇ ਹੈ, ਬੁੱਧੀ ਤੋਂ ਪਰ੍ਹੇ ਹੈ, ਜਦੋਂ ਤਕ ਤੁਸੀਂ ਸਤਿ ਦੀ ਪ੍ਰਾਪਤੀ ਨਹੀਂ ਕਰ ਲੈਂਦੇ, ਉਦੋਂ ਤਕ ਮੁਕਤੀ ਸੰਭਵ ਨਹੀਂ। ਜੇ ਆਤਮ ਸਿੱਧੀ ਪ੍ਰਾਪਤ ਹੋ ਵੀ ਜਾਵੇ ਤਾਂ ਵੀ ਪ੍ਰਸ਼ਨ ਉਠਦਾ ਹੈ, ਮਨੁੱਖ ਨੂੰ ਸੰਸਾਰ ਵਿਚ ਕਿਵੇਂ ਵਿਚਰਨਾ ਚਾਹੀਦਾ ਹੈ? ਉਹ ਕਿਵੇਂ ਰਹੇ, ਕਿਵੇਂ ਕਰਮ ਕਰੇ? ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਸੰਸਾਰ ਵਿਚ ਕਿਵੇਂ ਵਿਚਰੇ।

2. ਇਸ ਪ੍ਰਕਾਰ ਅਰਜਨ ਦੇ ਪੁਛਣ ਤੇ ਸ੍ਰੀ ਕ੍ਰਿਸ਼ਨ ਭਗਵਾਨ ਬੋਲੇ, ਹੇ ਅਰਜਨ! ਮੇਰੇ ਵਿਚ ਮਨ ਨੂੰ ਇਕਾਗਰ ਕਰਕੇ ਨਿਰੰਤਰ ਮੇਰੇ ਭਜਨ, ਧਿਆਨ ਵਿਚ ਲਗੇ ਹੋਏ ਜੋ ਭਗਤ ਜਨ ਅਤੀ ਸ੍ਰੇਸ਼ਠ ਸ਼ਰਧਾ ਨਾਲ ਜੁੜੇ ਹੋਏ ਸਰਗੁਨ ਰੂਪ ਪਰਮੇਸ਼ਰ ਨੂੰ ਭਜਦੇ ਹਨ ਉਹ ਮੈਨੂੰ ਯੋਗੀਆਂ ਤੋਂ ਵੀ ਅਤੀ ਉਤਮ ਯੋਗੀ ਮਾਨਯ ਹਨ ਅਰਥਾਤ ਉਹਨਾਂ ਨੂੰ ਮੈਂ ਅਤੀ ਸ੍ਰੇਸ਼ਟ ਮੰਨਦਾ ਹਾਂ।

ਬਹੁਤ ਸਾਰੇ ਲੋਕੀ ਨਿਰਾਕਾਰ ਤੇ ਧਿਆਨ ਲਗਾਉਣਾ ਸੋਚ ਵੀ ਨਹੀਂ ਸਕਦੇ। ਘਟ ਹੀ ਇਹੋ ਜਿਹੇ ਵਡਭਾਗੇ ਹਨ ਜਿਹੜੇ ਉਹ ਅਨੰਤ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ। ਭਗਤੀ ਦਾ ਮਾਰਗ ਉਨ੍ਹਾਂ ਲਈ ਉਤਮ ਹੈ ਜਿਹੜੇ ਨਿਰੋਲ ਆਤਮ ਸਿੱਧੀ ਪ੍ਰਾਪਤ ਨਹੀਂ ਕਰ ਸਕਦੇ। ਕਿਸੇ ਵੀ ਆਕਾਰ ਤੋਂ ਬਿਨਾਂ ਧਿਆਨ ਲਗਾਉਣਾ ਤੇ ਸੋਚਣਾ ਬਹੁਤ ਔਖਾ ਲਗਦਾ ਹੈ। ਇਹ ਮਹਿਸੂਸ ਹੁੰਦਾ ਹੈ ਕਿ ਮਨ ਕਿਸ ਤੇ ਇਕਾਗਰ ਕੀਤਾ ਜਾਵੇ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਉਹ ਦ੍ਰਿਸ਼ਟ ਰੂਪ ਤੇ ਹੀ ਆਪਣਾ ਮਨ ਇਕਾਗਰ ਕਰੇ ਤੇ ਪੂਰੇ ਭਰੋਸੇ ਤੇ ਨਿਸ਼ਠਾ ਨਾਲ ਧਿਆਨ ਲਗਾਵੇ। ਇਛੁਕ ਸ਼ਿਸ਼ ਆਪਣਾ ਮਨ ਇਕਾਗਰ ਨਹੀਂ ਕਰ ਸਕਦਾ ਜੇ ਉਸ ਦਾ ਭਰੋਸਾ ਨਾ ਹੋਵੇ, ਉਸ ਦੀ ਨਿਸ਼ਠਾ ਨਾ ਹੋਵੇ। ਧਿਆਨ ਕੇਵਲ ਇਕ ਆਦਤ ਨਹੀਂ ਹੋ ਸਕਦੀ, ਬਿਨਾਂ ਭਰੋਸੇ ਤੇ ਨਿਸ਼ਠਾ ਤੋਂ ਧਿਆਨ ਨਹੀਂ ਲਗਾਇਆ ਜਾ ਸਕਦਾ। ਭਾਵੇਂ ਤੁਸੀਂ ਭਗਤੀ ਮਾਰਗ ਤੇ ਚੱਲੋ ਭਾਵੇਂ ਗਿਆਨ ਮਾਰਗ ਤੇ ਚੱਲੋ। ਇਕਾਗਰ ਮਨ ਦਾ ਹੋਣਾ ਅਤਿ ਅਵੱਸ਼ਕ ਹੈ। ਬਿਨਾਂ ਧਿਆਨ ਦੇ ਇਕਾਗਰ ਮਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਤਮ ਮਾਰਗ ਤੇ ਚੱਲਣ ਲਈ ਇਕਾਗਰ ਮਨ ਤੇ ਧਿਆਨ ਦੋਨੋਂ ਹੀ ਬਹੁਤ ਲੋੜੀਂਦੇ ਹਨ। ਇਕ ਆਮ ਸਾਧਕ ਜਾਂ ਇਛੁਕ ਕੋਲ ਠੋਸ ਇਕਾਗਰਤਾ ਤੇ ਧਿਆਨ ਹੋਣਾ ਲੋੜੀਂਦਾ ਹੈ, ਇਸ ਤੋਂ ਪਹਿਲਾਂ ਕਿ ਉਸ ਦਾ ਮਨ ਕਿਸੇ ਦੀ ਉਚੀ ਪ੍ਰਾਪਤੀ ਦੀ ਚੇਸ਼ਟਾ ਕਰੇ।

ਕ੍ਰਿਸ਼ਨ ਜੀ ਕਹਿੰਦੇ ਹਨ ਜਿਹੜੇ ਕੇਵਲ ਉਨ੍ਹਾਂ ਨੂੰ ਹੀ ਸਮਰਪਣ ਕਰ ਦਿੰਦੇ ਹਨ, ਕੇਵਲ ਉਨ੍ਹਾਂ ਦੀ ਹੀ ਉਪਾਸਨਾ ਕਰਦੇ ਹਨ, ਉਹ ਉਤਮ ਭਗਤ ਹੁੰਦੇ ਹਨ। ਇਹੋ ਜਿਹੇ ਭਗਤਾਂ ਦੇ ਤਿੰਨ ਵੱਡੇ ਗੁਣ ਹੁੰਦੇ ਹਨ, ਮਨ ਨਾਲ ਪੂਰਨ ਸਮਰਪਣ, ਜੀਵਨ ਦਾ ਪੂਰਾ ਸਮਰਪਣ ਤੇ ਪੂਰੇ ਭਰੋਸੇ ਨਾਲ ਭਗਤੀ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਭਗਤੀ ਦਾ ਪੂਰਾ ਫਲ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਕਿਸੇ ਨੂੰ ਪੂਰਨ ਭਗਤ ਕਿਹਾ ਜਾ ਸਕਦਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਲਾਹ ਦਿੰਦੇ ਹਨ, ਉਸ ਸਾਕਾਰ ਰੂਪ ਦੀ ਭਗਤੀ ਕਰ ਜਿਸ ਵਿਚ ਇਹੋ ਜਿਹੇ ਗੁਣ ਹੋਣ ਜਿਸ ਨਾਲ ਉਸ ਵਿਚ ਭਗਤੀ ਭਾਵ ਤੇ ਸਤਿਕਾਰ ਪੈਦਾ ਹੋਵੇ। ਜੇ ਧਿਆਨ ਲਗਾਉਣ ਲਈ ਇਸ਼ਟ ਦੀ ਚੋਣ ਕਰ ਲਈ ਜਾਵੇ ਪਰ ਉਸ ਦੇ ਗੁਣ ਮਨ ਨੂੰ ਨਾ ਲਗਦੇ ਹੋਣ, ਮਨ ਇਕਾਗਰ ਨਹੀਂ ਹੋ ਸਕਦਾ, ਧਿਆਨ ਨਹੀਂ ਲਗ ਸਕਦਾ। ਉਸ ਇਸ਼ਟ ਦੇ ਗੁਣ ਮਨ ਨੂੰ ਖਿਚਣ ਵਾਲੇ ਹੋਣੇ ਚਾਹੀਦੇ ਹਨ, ਪ੍ਰਮਾਤਮਾ ਦਾ ਕੋਈ ਵੀ ਰੂਪ ਧਿਆਨ ਲਗਾਉਣ ਲਈ ਚੁਣਿਆ ਜਾ ਸਕਦਾ ਹੈ ਜਿਹੜਾ ਰੂਪ ਜਗਿਆਸੂ ਨੂੰ ਟਿਕਾ ਸਕੇ, ਭਰੋਸਾ ਕਰਾ ਸਕੇ, ਪੂਰੀ ਸ਼ਰਧਾ ਰੱਖ ਸਕੇ। ਜਿਹੜਾ ਆਪਣਾ ਪੂਰਾ ਜੀਵਨ ਭਗਤੀ ਤੇ ਧਿਆਨ ਵਿਚ ਲਗਾ ਦਿੰਦਾ ਹੈ, ਕਿਸੇ ਵੀ ਸਰੂਪ ਤੇ ਲਗਾ ਦਿੰਦਾ ਹੈ, ਉਹ ਪੂਰਨਤਾ ਨੂੰ ਪ੍ਰਾਪਤ ਹੋ ਜਾਂਦਾ ਹੈ।

3-4 ਅਤੇ ਜੋ ਪੁਰਸ਼ ਇੰਦ੍ਰੀਆਂ ਦੇ ਸਮੁਦਾਇ ਨੂੰ ਅੱਛੀ ਪ੍ਰਕਾਰ ਤੋਂ ਵਸ ਵਿਚ ਕਰਕੇ ਮਨ ਬੁਧੀ ਤੋਂ ਪਰੇ ਸਰਬ ਵਿਆਪੀ ਅਕਥਨੀਯ ਸਰੂਪ ਅਤੇ ਸਦਾ ਇਕ ਰਸ ਰਹਿਣ ਵਾਲੇ

ਨਿਤ, ਅਚਲ, ਨਿਰਾਕਾਰ, ਅਬਿਨਾਸੀ, ਸਚਿਦਾਨੰਦ ਬ੍ਰਹਮ ਨੂੰ ਨਿਰੰਤਰ ਏਕੀ ਭਾਵ ਨਾਲ ਧਿਆਨ ਕਰਦੇ ਹੋਏ ਉਪਾਸਦੇ ਹਨ ਉਹ ਸੰਪੂਰਨ ਭੂਤਾਂ ਹਿਤ ਵਿਚ ਰਤੇ ਹੋਏ ਅਤੇ ਸਭ ਵਿਚ ਸਮਾਨ ਭਾਵ ਵਾਲੇ ਯੋਗੀ ਮੈਨੂੰ ਹੀ ਪ੍ਰਾਪਤ ਹੁੰਦੇ ਹਨ।

5. ਕਿੰਤੂ ਉਸ ਸਚਿਦਾਨੰਦ ਨਿਰਾਕਾਰ ਬ੍ਰਹਮ ਵਿਚ ਆਸਕਤ ਹੋਏ ਚਿਤ ਵਾਲੇ ਪੁਰਸ਼ਾਂ ਨੂੰ ਸਾਧਨ ਵਿਚ ਕਲੇਸ਼ ਅਰਥਾਤ ਪ੍ਰੀਸ਼ਰਮ ਵਿਸ਼ੇਸ਼ ਹੈ ਕਿਉਂਕਿ ਦੇਹ ਅਭਿਮਾਨੀਆਂ ਵਿਚ ਅਵਿਅਕਤ ਵਿਸ਼ਿਅਕ ਗਤੀ ਦੁਖ ਪੂਰਬਕ ਕੀਤੀ ਜਾਂਦੀ ਹੈ ਅਰਥਾਤ ਜਦੋਂ ਤੀਕਰ ਸਰੀਰ ਵਿਚ ਅਭਿਮਾਨ ਰਹਿੰਦਾ ਹੈ ਤਦੋ ਤਕ ਸ਼ੁਧ ਸਚਦਾਨੰਦ ਨਿਰਾਕਾਰ ਬ੍ਰਹਮ ਵਿਚ ਸਥਿਤੀ ਹੋਣੀ ਕਠਿਨ ਹੈ।

ਜਿਹੜੇ ਨਿਰਗੁਣ ਦੇ ਉਪਾਸਕ ਹਨ, ਨਿਰਗੁਣ ਨੂੰ ਧਿਆਉਂਦੇ ਹਨ, ਉਹ ਸੋਚਦੇ ਹਨ ਕਿ ਸਰਗੁਣ ਉਪਾਸਨਾ ਹੇਠਲੇ ਦਰਜੇ ਦੀ ਉਪਾਸਨਾ ਹੈ, ਨਿਰਗੁਣ ਉਪਸਾਨਾ ਕੇਵਲ ਸਤਿ ਤੇ ਹੀ ਧਿਆਨ ਲਗਾਉਂਦੇ ਹਨ, ਸਤ ਦੀ ਨਾ ਤਾਂ ਕੋਈ ਸ਼ਕਲ ਹੈ, ਨਾ ਕੋਈ ਬਨਾਵਟ ਹੈ, ਨਾ ਨਾਮ ਹੈ - 'ਚਕ੍ਰ, ਚਿਹਨ, ਅਰੁ ਬਰਨ ਜਾਤਿ ਅਰ ਪਾਤਿ ਨਹਿਨ ਜਿਹਾ....। ਭਾਵੇਂ ਕੋਈ ਵੀ ਆਕਾਰ ਤੋਂ ਬਿਨਾਂ ਪੂਜਾ ਨਹੀਂ ਕਰ ਸਕਦਾ, ਧਿਆਨ ਕਰ ਸਕਦਾ ਹੈ। ਜਿਹੜੇ ਪ੍ਰਮਾਤਮਾ ਨੂੰ ਉਸ ਦੇ ਸਰੂਪ ਨੂੰ ਛਡ ਕੇ ਧਿਆਨ ਲਗਾਉਣ ਜਾਂ ਧਿਆਉਣ ਵਿਚ ਰੁਚੀ ਰਖਦੇ ਹਨ ਉਹ ਸਰਗੁਣ ਉਪਾਸਨਾ ਨੂੰ ਨੀਵਾਂ ਹੀ ਸਮਝਦੇ ਹਨ। ਨਿਰਗੁਣ ਉਪਾਸਨਾ ਦਾ ਮਾਰਗ ਔਖਾ ਮਾਰਗ ਹੈ, ਤੇ ਹੋ ਸਕਦਾ ਹੈ ਕਿ ਜਗਿਆਸੂ ਰਾਹ ਵਿਚ ਹੀ ਨਿਰਾਸ ਹੋ ਜਾਵੇ, ਥਿੜਕ ਜਾਵੇ। ਆਮ ਤੌਰ ਤੇ ਮਨ ਨੂੰ ਇਕਾਗਰ ਕਰਨ ਲਈ ਕੋਈ ਆਕਾਰ ਦੀ ਲੋੜ ਹੁੰਦੀ ਹੈ। ਮਨ ਦਾ ਸੁਭਾਅ ਹੈ, ਹਰ ਚੀਜ਼ ਨੂੰ ਆਕਾਰ ਵਿਚ, ਠੋਸ ਵਿਚ ਦੇਖਣ ਦਾ ਜੇ ਮਨ ਬੁਧੀ ਅਤਿ ਤੀਖਣ ਤੇ ਸੋਝੀ ਵਾਲੀ ਹੋਵੇ ਤਾਂ ਕਿਤੇ ਜਾ ਕੇ ਸਰਗੁਣ ਨਿਰਗੁਣ ਦੇ ਅੰਤਰ ਸਮਝ ਸਕਦੀ ਹੈ, ਸਤਿ ਅਸਤਿ ਦਾ ਭੇਦ ਜਾਣ ਸਕਦੀ ਹੈ। ਪਰ ਜਦੋਂ ਬੁੱਧੀ ਤੀਖਣ ਹੁੰਦੀ ਹੈ ਤਾਂ ਮਨੁੱਖ ਆਕਾਰ ਤੋਂ ਪਰ੍ਹੇ ਜਾਣ ਦਾ ਗੁਣ ਰਖਦਾ ਹੈ, ਬਹੁਤ ਥੋੜ੍ਹੇ ਵਡਭਾਗੇ ਹੀ ਹੁੰਦੇ ਹਨ ਜਿਹੜੇ ਨਿਰੋਲ ਵਿਵੇਕ ਤੇ ਚਲਦੇ ਹਨ।

6. ਜੋ ਮੇਰੇ ਵਿਚ ਸਮਾ ਕੇ, ਮੇਰੇ ਨਾਲ ਇਕ ਹੋ ਕੇ ਸਭ ਕਰਮ ਮੈਨੂੰ ਅਰਪਣ ਕਰਦੇ ਹਨ ਤੇ ਇਕਾਗਰ ਹੋ ਕੇ ਅਨੰਨਯ ਯੋਗ ਰਾਹੀਂ ਧਿਆਨ ਕਰਦੇ ਹਨ ਤੇ ਮੇਰੀ ਉਪਾਸਨਾ ਕਰਦੇ ਹਨ।

7. ਹੇ ਪਾਰਥ! ਉਹ ਜਿਨ੍ਹਾਂ ਦਾ ਮਨ ਮੇਰੇ ਅੰਦਰ ਹੀ ਵਸਿਆ ਹੋਇਆ ਹੈ, ਮੈਂ ਉਨ੍ਹਾਂ ਨੂੰ ਇਸ ਮੌਤ ਰੂਪੀ ਸੰਸਾਰ ਸਾਗਰ ਤੋਂ ਜਲਦੀ ਹੀ ਕੱਢ ਲੈਂਦਾ ਹਾਂ।

8. ਤੂੰ ਮੇਰੇ ਵਿਚ ਹੀ ਮਨ ਲਗਾ ਤੇ ਮੇਰੇ ਵਿਚ ਹੀ ਬੁੱਧੀ ਲਗਾ (ਦੇਹ ਤਿਆਗਣ) ਪਿਛੋਂ ਫੇਰ ਤੂੰ ਮੇਰੇ ਵਿਚ ਹੀ ਵਸੇਂਗਾ, ਇਸ ਵਿਚ ਸੰਦੇਹ ਨਹੀਂ।

ਕ੍ਰਿਸ਼ਨ ਜੀ ਭਗਤੀ ਅਤੇ ਗਿਆਨ ਦੇ ਮਾਰਗ ਨੂੰ ਇਕੱਠਾ ਕਰਦੇ ਹਨ, ਅਰਜਨ ਨੂੰ ਨਿਰਗੁਣ ਸਰਗੁਣ ਬਾਰੇ ਦੂੰਦ ਵਿਚ ਦੇਖ ਕੇ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ - 1. ਪ੍ਰਮਾਤਮਾ ਕੇਵਲ ਇਕ ਹੈ ਅਤੇ ਜੀਵਨ ਦਾ ਇਕ ਹੀ ਮਨੋਰਥ ਹੈ। 2. ਇਕ ਨੂੰ ਹੀ ਧਿਆਓ, ਇਕ ਦਾ ਹੀ ਸਿਮਰਨ ਕਰੋ, ਇਕ ਤੋਂ ਬਿਨਾਂ ਇਥੇ ਕੋਈ ਨਹੀਂ 'ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਨਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥.......3. ਮਨ ਦੀ ਇਕਾਗਰਤਾ ਹੋਰ ਕਿਸੇ ਤੇ ਨਹੀਂ, ਕੇਵਲ ਉਸ ਇਕ ਤੇ ਹੀ ਹੋਣੀ ਚਾਹੀਦੀ ਹੈ, ਉਸ ਇਕ ਸਚਾਈ ਤੇ 4. ਜਗਿਆਸੂ ਦੀ ਸਾਰੀ ਸਾਧਨਾ ਕੇਵਲ ਉਸ ਇਕ ਲਈ ਹੀ ਹੋਣੀ ਚਾਹੀਦੀ ਹੈ ਉਸ ਪ੍ਰਮਾਤਮਾ ਲਈ 5. ਮਨ ਦੀਆਂ ਸਾਰੀਆਂ ਸ਼ਕਤੀਆਂ ਕੇਵਲ ਪ੍ਰਮਾਤਮਾ ਵਲ ਹੀ ਲਗਣੀਆਂ ਚਾਹੀਦੀਆਂ ਹਨ, ਬੁੱਧੀ ਵੀ ਪ੍ਰਮਾਤਮਾ ਵਲ ਲਗਣੀ ਚਾਹੀਦੀ ਹੈ। 6. ਆਪਣੇ ਸਾਰੇ ਕਰਮ ਕੇਵਲ ਉਸ ਇਕ ਨੂੰ ਸਮਰਪਣ ਕਰੋ, ਉਨ੍ਹਾਂ ਦੇ ਫਲ ਵੀ ਉਸ ਇਕ ਨੂੰ ਅਰਪਣ ਕਰੋ। 7. ਇਕ ਯੋਗੀ ਦੀ ਤਰ੍ਹਾਂ ਹੀ ਬਣੋ, ਆਪਣੇ ਸਰੂਪ ਨੂੰ ਪਛਾਣੋ, ਸੰਸਾਰਕ ਸਰੂਪ ਨੂੰ ਛੱਡੋ, ਜਦੋਂ ਆਪਣੇ ਠੀਕ ਸਰੂਪ ਦੀ ਪਛਾਣ ਹੋ ਜਾਂਦੀ ਹੈ ਫੇਰ ਮਨੁੱਖ ਆਪਣੇ ਕਰਮ ਸੋਝੀ ਨਾਲ ਕਰਦਾ ਹੈ, ਨਿਰਲੇਪ ਹੋ ਜਾਂਦਾ ਹੈ, ਉਹ ਜੇਤੂ ਹੁੰਦਾ ਹੈ, ਸੁਤੰਤਰ ਰਹਿੰਦਾ ਹੈ, ਉਹ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਪਾ ਜਾਂਦਾ ਹੈ, ਮਾਇਆ ਤੋਂ ਛੁਟਕਾਰਾ ਪਾ ਜਾਂਦਾ ਹੈ।

ਇਕਰੂਪਤਾ ਦੀ ਪਛਾਣ ਇਹ ਅੱਜ ਦੇ ਮਨੋਵਿਗਿਆਨ ਦੀ ਮੁੱਖ ਧਾਰਨਾ ਹੈ। ਪਹਿਲਾਂ ਬੱਚਾ ਆਪਣੀ ਪਛਾਣ ਮਾਤਾ ਪਿਤਾ ਰਾਹੀਂ ਕਰਦਾ ਹੈ, ਫੇਰ ਉਹ ਆਪਣੀ ਆਲੇ ਦੁਆਲੇ ਨਾਲ ਪਛਾਣ ਕਰਦਾ ਹੈ, ਇਥੋਂ ਤਕ ਕਿ ਉਹ ਆਪਣੇ ਆਪ ਨੂੰ ਇਕ ਬਾਹਰੀ ਤੱਤ ਹੀ ਸਮਝਦਾ ਹੈ। ਆਪਣੀ ਪਛਾਣ ਉਹ ਮਨੁੱਖਾਂ ਰਾਹੀਂ ਹੀ ਕਰਦਾ ਹੈ, ਖਾਸ ਤੌਰ ਤੇ ਉਨ੍ਹਾਂ ਮਨੁੱਖਾਂ ਰਾਹੀਂ ਕਰਦਾ ਹੈ ਜਿਹੜੇ ਕੁਝ ਹਸਤੀ ਰਖਦੇ ਹਨ, ਵੱਡੇ ਹਨ ਪਰ ਇਹ ਤਾਂ ਸਾਰਾ ਰੌਲਾ ਗੌਲਾ ਹੀ ਹੈ ਕਿਉਂਕਿ ਉਹ ਤਾਂ ਆਕਾਰ ਤੇ ਸ਼ਕਲਾਂ ਦੀ ਦੁਨੀਆਂ ਵਿਚ ਹੀ ਫਸ ਗਿਆ। ਆਪਣੇ ਅੰਦਰ ਉਹ ਕੁਝ ਗੁਣ ਧਾਰਨ ਕਰ ਲੈਂਦਾ ਹੈ, ਬਾਕੀ ਦੇ ਗੁਣ ਉਹ ਬਾਹਰੀ ਸੰਸਾਰ ਤੇ ਥੋਪ ਦਿੰਦਾ ਹੈ। ਯੋਗ ਦੀ ਧਾਰਨਾ ਅਨੁਸਾਰ ਇਹੋ ਜਿਹੀ ਪਛਾਣ ਇਹੋ ਜਿਹੀ ਤਦਰੂਪਤਾ ਬਿਲਕੁਲ ਗਲਤ ਹੈ ਤੇ ਦੂੰਦ ਪੈਦਾ ਕਰਦੀ ਹੈ, ਦੁਖਦਾਈ ਹੈ।

ਕ੍ਰਿਸ਼ਨ ਜੀ ਸਾਧਕ ਨੂੰ ਕਰੜੇ ਸ਼ਬਦਾਂ ਰਾਹੀਂ ਨਸੀਹਤ ਦਿੰਦੇ ਹਨ ਕਿ ਸੰਸਾਰ ਵਿਚ ਗੁਆਚਣ ਨਾਲੋਂ, ਆਪਣੀ ਪਛਾਣ ਸੰਸਾਰ ਵਿਚ ਕਰਨ ਦੀ ਥਾਂ ਪ੍ਰਮਾਤਮਾ ਨਾਲ ਕਰੋ। ਉਹ ਅਰਜਨ ਨੂੰ ਆਦੇਸ਼ ਦਿੰਦੇ ਹਨ ਕਿ ਉਨ੍ਹਾਂ ਦੇ ਅੰਦਰ ਵਸ ਜਾਵੇ, ਉਨ੍ਹਾਂ ਨਾਲ ਅਭੇਦ ਹੋ ਜਾਵੇ ਤੇ ਇਕ ਹੋ ਜਾਵੇ ਤਾਂ ਜੋ ਕੋਈ ਭੇਦ ਨਾ ਰਹੇ। ਇਸ ਤਰ੍ਹਾਂ ਕਰਨ ਨਾਲ ਸਾਧਕ ਪ੍ਰਮਾਤਮਾ ਦਾ ਸਾਕਾਰ ਰੂਪ ਬਣ ਜਾਂਦਾ ਹੈ ਤੇ ਉਸ ਦੇ ਆਪਣੇ ਕੋਈ ਕਰਮ ਨਾ ਰਹਿ ਕੇ ਸਭ ਕੁਝ ਪ੍ਰਭੂ ਦਾ ਹੀ ਹੋ ਜਾਂਦਾ ਹੈ।

ਬਹੁਤ ਸਾਰੇ ਸਾਧਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ। ਉਹ ਸੋਚਦੇ ਹਨ ਕਿ ਉਹ ਆਪਣੇ ਅਧਿਆਪਕ ਨਾਲ ਇਕ ਹੋ ਸਕਦੇ ਹਨ। ਬਹੁਤ ਸਾਰੇ ਅਧਿਆਪਕ ਵੀ ਹੰਕਾਰ ਵਿਚ ਆ ਜਾਂਦੇ ਹਨ ਤੇ ਸ਼ਿਖਸ਼ਕਾਂ ਕੋਲੋਂ ਆਪਣੀ ਪੂਜਾ ਕਰਾਉਣ ਲਗ ਪੈਂਦੇ ਹਨ ਤੇ ਉਨ੍ਹਾਂ ਕੋਲੋਂ ਇਹ ਆਸ

(ਬਾਕੀ ਪੰਨਾ 63 ਤੇ)

# ਵਿਦੇਸ਼ ਫੇਰੀ

10 ਫਰਵਰੀ, 2000 ਵਾਲੇ ਦਿਨ ਅੰਮ੍ਰਿਤ ਵੇਲੇ ਜੱਥੇ ਵਲੋਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਸੁਰਜੀਤ ਸਿੰਘ ਗਿੱਲ ਜੋ ਕਿ ਹਿਲਮਾਰ ਰਹਿੰਦੇ ਹਨ ਅਤੇ ਚੱਕ ਐਹਲੇਮ ਡੇਅਰੀ ਫਾਰਮ ਵਿਚ ਕੰਮ ਕਰਦੇ ਹਨ, ਉਨ੍ਹਾਂ ਦੇ ਗ੍ਰਹਿ ਵਿਖੇ ਹੋਇਆ, ਇਨ੍ਹਾਂ ਦੀ ਪਤਨੀ ਧਲੇਤੇ ਵਾਲੀ ਬੀਬੀ ਧਰਮ ਕੌਰ ਦੀ ਪੋਤੀ ਹੈ ਜੋ ਕਿ ਬਾਬਾ ਜੀ ਦੇ ਵੱਡੇ ਭੈਣ ਜੀ ਮਾਤਾ ਜਸਵੰਤ ਕੌਰ ਦੇ ਬਹੁਤ ਪ੍ਰੇਮੀ ਹਨ। ਬਾਬਾ ਜੀ ਨੇ ਦੱਸਿਆ ਕਿ ਬੀਬੀ ਜੀ ਨੇ ਬੜਾ ਕੀਰਤਨ ਕਰਵਾਇਆ ਤੇ ਆਪ ਕੀਤਾ ਅਤੇ ਉਨ੍ਹਾਂ ਨੇ ਅਮਰੀਕਾ ਕੈਨੇਡਾ ਵਿਚ ਬੀਬੀਆਂ ਦੇ ਜਥੇ ਬਣਾਏ ਹੋਏ ਹਨ ਜੋ ਹੁਣ ਵੀ ਬੀਬੀਆਂ ਇਕੱਠੀਆਂ ਹੋ ਕੇ ਕੀਰਤਨ ਵਿਚ ਜੁੜ ਕੇ ਹਰੀ ਜੱਸ ਕਰਦੀਆਂ ਹਨ। ਬਾਬਾ ਜੀ ਨੇ ਗਿੱਲਾਂ ਦੇ ਪਿਛੋਕੇ ਬਾਰੇ ਜਾਣਕਾਰੀ ਦਿੰਦਿਆਂ ਬਚਨ ਕੀਤਾ ਕਿ ਇਨ੍ਹਾਂ ਦੀ ਸ਼ਾਖ ਰਾਜਾ ਰਸਾਲੂ ਅਤੇ ਰਾਜਾ ਸਾਲਵਾਹਨ ਜੋ ਪੂਰਨ ਭਗਤ ਦੇ ਪਿਤਾ ਜੀ ਸਨ, ਨਾਲ ਜਾ ਰਲਦੀ ਹੈ। ਉਨ੍ਹਾਂ ਨੇ ਦੱਸਿਆ ਕਿ ਭਾਵੇਂ ਬਾਹਰਲੀ ਜਾਣਕਾਰੀ ਲਈ ਇਹ ਗੱਲਾਂ ਜਾਨਣੀਆਂ ਪੈਂਦੀਆਂ ਹਨ ਪਰੰਤੂ ਅੰਦਰਲੇ ਪਾਸੇ ਸਾਰੇ ਸਰੀਰਾਂ ਵਿਚ ਇਕੋ ਹੀ ਆਤਮਾ ਪਰੀਪੂਰਨ ਹੁੰਦੀ ਹੈ ਅਤੇ ਪ੍ਰਕਿਰਤੀ ਦੇ ਹਿਸਾਬ ਨਾਲ ਸਰੀਰ ਚਲਦੇ ਫਿਰਦੇ ਹਨ ਤੇ ਕਰਮ ਕਰਦੇ ਹਨ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਤੇ ਜੀਵ ਦੇ ਭਾਗ ਬਣਨ ਤੇ ਇਸ ਨੂੰ ਪੂਰਨ ਆਤਮਾ ਦਾ ਮਿਲਾਪ ਹੁੰਦਾ ਹੈ ਅਤੇ ਜਦੋਂ ਇਹ ਅੰਦਰੋਂ ਬਾਹਰੋਂ ਨਿਰਮਲ ਹੋ ਜਾਂਦਾ ਹੈ ਤੇ ਫੇਰ ਇਸ ਤੇ ਕ੍ਰਿਪਾ ਹੁੰਦੀ ਹੈ ਅਤੇ ਇਸਨੂੰ ਇਹ ਭੇਦ ਖੋਲ੍ਹ ਦਿਤਾ ਜਾਂਦਾ ਹੈ -

***ਕਬਹੂ ਸਾਧਸੰਗਤਿ ਇਹੁ ਪਾਵੈ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ॥ ਪੰਨਾ - 278***

ਮਹਾਤਮਾ ਕੇਵਲ ਮਨੁੱਖ ਦੀ ਭਾਵਨਾ ਦੇਖਿਆ ਕਰਦੇ ਹਨ ਪੈਸੇ ਟਕੇ ਨੂੰ ਨਹੀਂ ਦੇਖਿਆ ਕਰਦੇ -

***ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥***
***ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥***
***ਪੰਨਾ - 594***

ਇਸ ਪ੍ਰਥਾਇ ਭਗਤ ਬੇਣੀ ਜੀ ਬਾਰੇ ਪ੍ਰਵਚਨ ਸਰਵਣ ਕਰਵਾਏ ਕਿ ਕਿਸ ਤਰ੍ਹਾਂ ਉਸ ਦੇ ਦ੍ਰਿੜ੍ਹ ਵਿਸ਼ਵਾਸ਼ ਤੇ ਪ੍ਰਭੂ ਜੀ ਨੇ ਕ੍ਰਿਪਾ ਕੀਤੀ ਤੇ ਉਸ ਦੇ ਅੰਦਰ ਨਾਮ ਦਾ ਪ੍ਰਕਾਸ਼ ਕੀਤਾ। ਸੰਤਾਂ ਬਾਰੇ ਬਚਨ ਕਰਦਿਆਂ ਦੱਸਿਆ ਕਿ ਜੋ ਅਸਲੀ ਸੰਤ ਹੈ ਉਹ ਕਦੀ ਵੀ ਕਿਸੇ ਵੀ ਮਾਇਆਵੀ ਚੀਜ਼ ਨਾਲ ਉਸ ਦੀ ਪਕੜ ਨਹੀਂ ਹੁੰਦੀ ਅਤੇ ਸਮਾਂ ਪੈਣ ਤੇ ਸਭ ਕੁਝ ਤਿਆਗ ਕੇ ਪਾਸੇ ਹੋ ਜਾਂਦਾ ਹੈ। ਇਸ ਬਾਰੇ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਮਿਸਾਲ ਦਿਤੀ ਅਤੇ ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਮਿਸਾਲ ਦਿਤੀ ਕਿ ਉਹ ਰਾੜਾ ਸਾਹਿਬ ਤਿਆਗ ਕੇ ਦਬਲਾਨ ਤੰਬੂ ਵਿਚ ਰਹਿ ਰਹੇ ਸਨ ਤੇ ਉਥੋਂ ਇਕ ਪ੍ਰੇਮੀ ਨੇ ਸੇਵਾ ਕੀਤੀ ਤੇ ਅਸਥਾਨ ਬਣਵਾ ਦਿਤਾ। ਅਸੀਂ ਸੰਸਾਰ ਤੇ ਕਿਸੇ ਖਾਸ ਕੰਮ ਲਈ ਆਏ ਹਾਂ ਕਿ ਆਪਣੇ ਅਸਲੀ ਆਪੇ ਨੂੰ ਪਛਾਨਣ ਵਾਸਤੇ ਯਤਨ ਕਰੀਏ ਅਤੇ ਇਸ ਤਰ੍ਹਾਂ ਦਾ ਕੰਮ ਨਾ ਕਰੀਏ ਜਿਸ ਕੰਮ ਕਰਕੇ ਸਾਨੂੰ ਦਰਗਾਹ ਵਿਚ ਜਾ ਕੇ ਪਛਤਾਉਣਾ ਪਵੇ ਸਗੋਂ ਇਸ ਤਰ੍ਹਾਂ ਦਾ ਕੰਮ ਕਰੀਏ ਕਿ ਦਰਗਾਹ ਵਿਚ ਜਾ ਕੇ ਇਜ਼ਤ ਮਾਣ ਮਿਲੇ। ਸਾਰਾ ਪਰਿਵਾਰ ਘੱਟੋ ਘੱਟ ਅੱਧਾ ਘੰਟਾ ਬੈਠੇ ਵਾਹਿਗੁਰੂ ਵਾਹਿਗੁਰੂ ਕਰਿਆ ਕਰੋ ਅਤੇ ਗੁਰੂ ਨਾਨਕ ਸਾਹਿਬ ਦਾ ਧਿਆਨ ਧਰਿਆ ਕਰੋ ਅਤੇ ਫੇਰ ਇਸ ਤਰ੍ਹਾਂ ਕਰਨ ਨਾਲ ਗੁਰੂ ਮਹਾਰਾਜ ਲਾਈਟ ਦੇ ਹੋ ਜਾਣਗੇ ਤੇ ਫੇਰ ਜਿਸ ਨਾਲ ਪਿਆਰ ਕਰੀਏ ਦਰਗਾਹ ਵਿਚ ਉਹੀ ਲੈਣ ਆਇਆ ਕਰਦੇ ਹਨ। ਮਾੜੀਆਂ ਗੱਲਾਂ, ਮਾੜੀਆਂ ਆਦਤਾਂ ਦਾ ਤਿਆਗ ਕਰੋ, ਨਿੰਦਿਆਂ ਚੁਗਲੀ ਦਾ ਤਿਆਗ ਕਰੋ, ਆਪਣੇ ਅੰਦਰ ਸ਼ੁਭ ਗੁਣ ਧਾਰਨ ਕਰੋ, ਚੰਗੇ ਗੁਣਾਂ ਦੀ ਮਦਦ ਨਾਲ ਸਾਨੂੰ ਭਗਤੀ ਦਾ ਜੀਵਨ ਪ੍ਰਾਪਤ ਹੋ ਜਾਵੇਗਾ।

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਪੰਨਾ - 4***

ਉਪਰੰਤ ਸਾਰੇ ਪਰਿਵਾਰ ਨੇ ਬੜੇ ਪ੍ਰੇਮ ਪਿਆਰ ਨਾਲ ਬਾਬਾ ਜੀ ਨੂੰ ਵਿਦਾਇਗੀ ਦਿਤੀ ਅਤੇ ਕਾਰ ਦਾ ਰੁਖ ਟਰਲਾਕ ਵਲ ਨੂੰ ਹੋ ਗਿਆ ਜਿਥੇ ਬੀਬੀ ਰੁਪਿੰਦਰ ਸਿੱਧੂ ਤੇ ਉਸ ਦਾ ਪਰਿਵਾਰ ਬਾਬਾ ਜੀ ਅਤੇ ਜੱਥੇ ਦਾ ਇੰਤਜ਼ਾਰ ਕਰ ਰਹੇ ਸਨ। ਇਨ੍ਹਾਂ ਪ੍ਰੇਮੀਆਂ ਨੇ ਜਥੇ ਨੂੰ ਦੁਪਹਿਰ ਦਾ ਪ੍ਰਸ਼ਾਦਾ ਛਕਾਉਣ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਇਥੇ ਇਸ ਬੀਬੀ ਨੇ ਬਾਬਾ ਜੀ ਨੂੰ ਪੁਛਿਆ ਕਿ ਸਾਡੇ ਬੱਚੇ ਜਾਤ ਪਾਤ ਨੂੰ ਨਹੀਂ ਮੰਨਦੇ ਕਿਉਂਕਿ ਇਹ ਇਸ ਸੁਟਾਇਟੀ ਦੇ ਪ੍ਰਭਾਵ ਹੇਠ ਆਏ ਹੋਏ ਹਨ ਤੇ ਜਦੋਂ ਇਨ੍ਹਾਂ ਦੇ ਰਿਸ਼ਤੇ ਦੀ ਗੱਲ ਕਰਦੇ ਹਾਂ ਤਾਂ ਟਾਲ ਦਿੰਦੇ ਹਨ। ਇਸ ਬਾਰੇ ਅਸੀਂ ਕੀ ਕਰੀਏ? ਕ੍ਰਿਪਾ ਕਰਕੇ ਸਾਨੂੰ ਸੇਧ ਦੇਣ ਦੀ ਕ੍ਰਿਪਾਲਤਾ ਕਰੋ। ਬਾਬਾ ਜੀ ਨੇ ਪ੍ਰਵਚਨ ਕੀਤੇ ਕਿ ਵੈਸੇ ਤਾਂ ਕਿਸੇ ਦੀ ਕੋਈ ਜਾਤ ਨਹੀਂ ਹੁੰਦੀ, ਸਭ ਵਿਚ ਇਕੋ ਹੀ ਆਤਮਾ ਪਰੀਪੂਰਨ ਹੈ ਫਰਕ ਕੇਵਲ ਵੱਖ ਵੱਖ ਥਾਵਾਂ ਦੀ ਪਰੰਪਰਾ ਤੇ ਸੋਸਾਇਟੀ ਵਿਚ ਹੁੰਦਾ ਹੈ। ਅਜੋਕੀ ਸਾਇੰਸ ਨੇ ਵੀ ਸਿੱਧ ਕੀਤਾ ਹੈ ਕਿ ਮਾਤਾ ਪਿਤਾ ਦੀ ਜੀਨ ਦਾ ਔਲਾਦ ਦੇ ਸੁਭਾ ਤੇ ਅਸਰ ਹੁੰਦਾ ਹੈ ਇਸ ਨਾਲ ਉਸ ਪਰਿਵਾਰ ਬਾਰੇ ਬਾਹਰਲੀ ਜਾਣਕਾਰੀ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਿ ਦੰਦ ਕਥਾ ਤੋਂ ਸਮਝ ਪੈ ਜਾਵੇਗੀ। ਇਕ ਸੇਠ ਦੇ ਚਾਰ ਪੁਤਰ ਸਨ ਤੇ ਤਿੰਨਾਂ ਦਾ ਵਿਆਹ ਤਾਂ ਮਾਤਾ ਪਿਤਾ ਦੀ ਮਰਜ਼ੀ ਨਾਲ ਹੋਇਆ ਸੀ ਪਰ ਜੋ ਚੌਥਾ ਸੀ ਉਸ ਨੇ ਆਪਣੀ ਮਰਜ਼ੀ ਦੀ ਲੜਕੀ ਨਾਲ ਸ਼ਾਦੀ ਕੀਤੀ ਤੇ ਪਿਤਾ ਨੇ ਮਨ੍ਹਾ ਕੀਤਾ ਕਿ ਇਸ ਲੜਕੀ ਨਾਲ ਸ਼ਾਦੀ ਨਾ ਕਰ, ਇਸ ਦੀ

ਨਾਨੀ ਆਪਣੇ ਆਪ ਨੂੰ ਅੱਗ ਲਾ ਕੇ ਸੜ ਕੇ ਮਰ ਗਈ ਸੀ। ਪੁਤਰ ਨੇ ਕਿਹਾ ਪਿਤਾ ਜੀ! ਇਹ ਕੋਈ ਜ਼ਰੂਰੀ ਹੈ ਕਿ ਇਹ ਵੀ ਮਰ ਜਾਏਗੀ। ਪਿਤਾ ਨੇ ਕਿਹਾ ਕਿ ਮੈਂ ਤੈਨੂੰ ਇਸ ਬਾਰੇ ਫੇਰ ਦੱਸਾਂਗਾ। ਪਿਤਾ ਨੇ ਚਾਰੇ ਪੁਤਰਾਂ ਨੂੰ ਦਸ ਦਸ ਹਜ਼ਾਰ ਰੁਪਿਆ ਦਿਤਾ ਕਿ ਮੇਰੇ ਕੋਲ ਵਾਧੂ ਹਨ ਤੁਸੀਂ ਆਪਣੇ ਕੰਮ ਵਿਚ ਵਰਤੋ, ਜਦੋਂ ਮੈਨੂੰ ਜ਼ਰੂਰਤ ਹੋਵੇਗੀ ਮੈਂ ਵਾਪਸ ਲੈ ਲਵਾਂਗਾ। ਕੁਝ ਮਹੀਨਿਆਂ ਬਾਅਦ ਉਸ ਨੇ ਚਾਰੇ ਪੁਤਰਾਂ ਤੋਂ ਪੈਸਾ ਵਾਪਸ ਮੰਗਿਆ। ਤਿੰਨਾਂ ਨੇ ਤਾਂ ਦੇ ਦਿਤਾ ਤੇ ਚੌਥਾ ਪੁਤਰ ਕਹਿਣ ਲੱਗਾ ਠੀਕ ਹੈ ਮੈਂ ਵੀ ਦਿੰਦਾ ਹਾਂ। ਉਸ ਦੀ ਪਤਨੀ ਮਨ੍ਹਾ ਕਰਦੀ ਹੈ ਕਿ ਅਸੀਂ ਨਹੀਂ ਵਾਪਸ ਦੇਣਾ ਪਰ ਪੁਤਰ ਨੇ ਕਿਹਾ, ਮੈਂ ਵਾਅਦਾ ਕੀਤਾ ਸੀ ਕਿਉਂਕਿ ਤਿੰਨ ਭਰਾਵਾਂ ਨੇ ਵਾਪਸ ਕਰ ਦਿਤੇ ਹਨ। ਪਤਨੀ ਨੇ ਜਵਾਬ ਦਿਤਾ ਕਿ ਜੇਕਰ ਤੁਸੀਂ ਪੈਸੇ ਪਿਤਾ ਜੀ ਨੂੰ ਵਾਪਸ ਕੀਤੇ ਤਾਂ ਮੈਂ ਅੱਗ ਲਾ ਕੇ ਸੜ ਕੇ ਮਰ ਜਾਵਾਂਗੀ। ਉਹ ਪਿਤਾ ਪਾਸ ਪਹੁੰਚਿਆ ਤੇ ਉਨ੍ਹਾਂ ਨੇ ਕਿਹਾ ਬੇਟਾ ਰੁਪਿਆ ਲੈ ਆਇਆ। ਕਹਿਣ ਲੱਗਿਆ ਪਿਤਾ ਜੀ, ਨਹੀਂ। ਕਿਉਂ? ਪਿਤਾ ਜੀ ਮੇਰੀ ਪਤਨੀ ਕਹਿੰਦੀ ਹੈ ਕਿ ਜੇ ਪੈਸਾ ਵਾਪਸ ਕੀਤਾ ਤਾਂ ਮੈਂ ਸੜ ਕੇ ਮਰ ਜਾਵਾਂਗੀ। ਪਿਤਾ ਜੇ ਕਿਹਾ ਹੁਣ ਤੈਨੂੰ ਸਮਝ ਪਈ ਹੈ ਕਿ ਨਹੀਂ, ਮੈਂ ਤੈਨੂੰ ਮਨ੍ਹਾ ਕਰ ਰਿਹਾ ਸੀ ਕਿ ਤੂੰ ਇਸ ਨਾਲ ਸ਼ਾਦੀ ਨਾ ਕਰਵਾ। ਇਹ ਕੁਝ ਗੱਲਾਂ ਵਿਚਾਰਨ ਵਾਲੀਆਂ ਹੁੰਦੀਆਂ ਹਨ।

ਇਥੇ ਹੀ ਇਕ ਮਾਤਾ ਨੇ ਸਵਾਲ ਕੀਤਾ ਕਿ ਮੇਰਾ ਪੁਤਰ ਇਥੇ ਜੇਲ੍ਹ ਵਿਚ ਹੈ। ਤਾਂ ਬਾਬਾ ਜੀ ਨੇ ਫੁਰਮਾਇਆ ਕਿ ਉਸ ਨੂੰ ਕਹੋ 25 ਪਾਠ ਜਪੁਜੀ ਸਾਹਿਬ ਦੇ ਹਰ ਰੋਜ਼ ਕਰਿਆ ਕਰੇ, ਉਸ ਦੀ ਮੱਤ ਵੀ ਠੀਕ ਹੋ ਜਾਏਗੀ, ਜੇਲ੍ਹ ਵਿਚੋਂ ਵੀ ਛੁਟ ਜਾਵੇਗਾ। ਇਸ ਤੋਂ ਬਾਅਦ ਬਾਬਾ ਜੀ ਨੂੰ ਸੰਗਤ ਨੇ ਤੇ ਪਰਿਵਾਰ ਨੇ ਪਿਆਰ ਨਾਲ ਵਿਦਾ ਕੀਤਾ ਅਤੇ ਸਿੰਘਾਂ ਨੂੰ ਦੁਪਹਿਰ ਦਾ ਪ੍ਰਸ਼ਾਦਾ ਛਕਾਇਆ। ਟਰਲਾਕ ਆਪਣੇ ਨਿਵਾਸ ਤੇ ਪੁੱਜ ਕੇ ਜਿੰਨੀ ਸੰਗਤ ਬੈਠੀ ਸੀ ਉਸ ਨੂੰ ਮਿਲ ਕੇ ਪ੍ਰਸ਼ਾਦਾ ਛਕ ਕੇ ਵਿਸ਼ਰਾਮ ਕੀਤਾ ਕਿਉਂਕਿ ਸ਼ਾਮ ਦਾ ਦੀਵਾਨ ਗੁਰਦੁਆਰਾ ਸਾਹਿਬ ਮਡੈਸਟੋ ਸੀ। ਦੀਵਾਨ ਸ਼ਾਮ ਸਾਢੇ ਛੇ ਵਜੇ ਸ਼ੁਰੂ ਹੋਇਆ ਤੇ ਸੰਗਤਾਂ ਦਾ ਕਾਫੀ ਇਕੱਠ ਸੀ। ਇਥੇ ਪਹਿਲਾਂ ਜੱਥੇ ਵਲੋਂ ਦੀਵਾਨ ਲੱਗਿਆ ਤੇ ਉਸ ਵਿਚ ਭਾਈ ਲਖਬੀਰ ਸਿੰਘ ਜੀ ਨੇ ਮਨੁੱਖਾ ਜਨਮ ਦੀ ਮਹੱਤਤਾ ਬਾਰੇ ਦਸਦਿਆਂ ਰਿਸ਼ੀ ਵੇਦ ਵਿਆਸ ਤੇ ਸੁਕਦੇਵ ਮੁਨੀ ਜੀ ਦੀ ਵਾਰਤਾ ਸੁਣਾਈ ਜਿਸ ਵਿਚ ਸੁਖਦੇਵ ਮੁਨੀ ਜੀ ਨੇ ਆਪਣੇ 101 ਜਨਮਾਂ ਦਾ ਗਿਆਨ ਹੋਣ ਕਰਕੇ ਆਪਣੇ ਇਕ ਜਨਮ ਬਾਰੇ ਦੱਸਿਆ ਸੀ ਜਿਸ ਵਿਚ ਉਨ੍ਹਾਂ ਨੇ ਗਧੇ ਦੀ ਜੋਨੀ ਭੋਗੀ ਸੀ ਤੇ ਉਨ੍ਹਾਂ ਨੂੰ ਕਿੰਨਾਂ ਦੁਖ ਸਹਿਣਾ ਪਿਆ ਸੀ। ਉਪਰੰਤ ਬਾਬਾ ਜੀ ਨੇ ਪ੍ਰਵਚਨ ਕੀਤਾ ਤੇ 'ਭਈ ਪਰਾਪਤਿ ਮਾਨੁਖ ਦੇਹੁਰੀਆ।' ਬਾਰੇ ਪ੍ਰਵਚਨ ਕਰਦਿਆਂ ਦੱਸਿਆ ਕਿ ਮਨੁੱਖਾ ਜਨਮ ਦਾ ਮਨੋਰਥ ਕੀ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਸਫਲ ਕੀਤਾ ਜਾ ਸਕਦਾ ਹੈ ਅਤੇ ਇਸ ਦੀ ਵਿਸ਼ੇਸ਼ਤਾ ਕੀ ਹੈ?

ਗਿਆਰ੍ਹਾਂ ਫਰਵਰੀ ਨੂੰ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸਰਦਾਰ ਸੁਖਦੇਵ ਸਿੰਘ ਝੱਟੂ ਦੇ ਗ੍ਰਹਿ ਵਿਖੇ ਹੋਇਆ। ਉਪਰੰਤ 9 ਵਜੇ ਦੇ ਕਰੀਬ ਬਾਬਾ ਜੀ ਵੀ ਪਹੁੰਚ ਗਏ ਸਨ। ਸਾਰੇ ਪਰਿਵਾਰ ਨੇ ਬਾਬਾ ਜੀ ਨੂੰ ਜੀ ਆਇਆ ਆਖਿਆ ਤੇ ਆਪਣੇ ਧੰਨ ਭਾਗ ਸਮਝੇ ਕਿ ਉਨ੍ਹਾਂ ਦੇ ਚਰਨ ਗ੍ਰਹਿ ਵਿਖੇ ਪਏ ਹਨ। ਇਥੇ ਬਾਬਾ ਜੀ ਨੇ ਸਤ ਕ੍ਰਿਤ ਅਤੇ ਆਤਮਾ ਬੁੱਧ ਬਾਰੇ ਪ੍ਰਬਚਨ ਸੁਣਾਏ। ਇਹ ਵੀ ਦੱਸਿਆ ਕਿ ਦਾਨ ਕਿਥੇ ਦੇਣਾ ਚਾਹੀਦਾ ਹੈ।

***ਖੇਤੁ ਪਛਾਣੈ ਬੀਜੈ ਦਾਨੁ॥ ਪੰਨਾ – 1411***

ਇਸ ਬਾਰੇ ਭਗਤ ਕਬੀਰ ਜੀ ਦੀ ਗਾਥਾ ਸੁਣਾਈ ਕਿ ਕਿਸ ਤਰ੍ਹਾਂ ਉਸ ਨੇ ਇਕ ਮੰਗਤੇ ਨੂੰ ਸੂਤ ਦਾਨ ਕੀਤਾ ਸੀ, ਕਿਸ ਤਰ੍ਹਾਂ ਉਸਦਾ ਜਾਲ ਬਣਾ ਕੇ ਉਸ ਨੇ ਪੰਛੀ ਫੜਨੇ ਸ਼ੁਰੂ ਕੀਤੇ ਤੇ ਖਾਂਦਾ ਪੀਂਦਾ ਸੀ, ਨਸ਼ੇ ਕਰਦਾ ਸੀ ਵਿਸ਼ੇ ਵਿਕਾਰ ਕਰਦਾ ਸੀ ਇਸ ਤੇ ਕਬੀਰ ਸਾਹਿਬ ਨੂੰ ਬੜਾ ਪਛਤਾਵਾ ਹੋਇਆ ਤੇ ਦੱਸਿਆ ਕਿ ਗਲਤ ਜਗ੍ਹਾ ਕੀਤਾ ਹੋਇਆ ਦਾਨ, ਗਲਤ ਇਸਤੇਮਾਲ ਹੋਣ ਨਾਲ ਦਾਨੀ ਵੀ ਪਾਪ ਦਾ ਭਾਗੀ ਬਣ ਜਾਇਆ ਕਰਦਾ ਹੈ। ਦੂਸਰਾ ਉਪਦੇਸ਼ ਗ੍ਰਿਹੀ ਭਾਵ ਗ੍ਰਿਹਸਤੀ ਨੂੰ ਦਿਤਾ ਹੈ ਕਿ –

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥***
***ਪੰਨਾ – 1377***

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥ ਪੰਨਾ – 952***

ਸੋ ਇਸ ਤਰ੍ਹਾਂ ਗ੍ਰਿਹਸਤੀ ਨੂੰ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਦੇ ਲੇਖੇ ਕੱਢਣਾ ਚਾਹੀਦਾ ਹੈ। ਜੇਕਰ ਨਹੀਂ ਕੱਢੇਗਾ ਤਾਂ ਉਸ ਦੀ ਕਮਾਈ ਵਿਚ ਬਰਕਤ ਨਹੀਂ ਪਵੇਗੀ ਅਤੇ ਵਿਘਨ ਪੈਣੇ ਸ਼ੁਰੂ ਹੋ ਜਾਣਗੇ। ਕਿਰਤ ਵੀ ਸੁੱਚੀ ਕਰਨੀ ਚਾਹੀਦੀ ਹੈ। ਜਿਸ ਵਿਚ ਜੀਵਾਂ ਦਾ ਬੱਧ ਜਾਂ ਹੱਤਿਆ ਹੁੰਦੀ ਹੋਵੇ ਉਸ ਦੀ ਥਾਂ ਤੇ ਹੋਰ ਕੰਮ ਕਰ ਲੈਣਾ ਚਾਹੀਦਾ ਹੈ। ਪਰ ਜੇਕਰ ਮਜ਼ਬੂਰੀ ਹੈ ਤਾਂ ਇਸ ਨੂੰ ਵਾਹਿਗੁਰੂ ਦਾ ਹੁਕਮ ਸਮਝ ਕੇ ਕਰਨਾ ਚਾਹੀਦਾ ਹੈ ਤਾਂ ਫਿਰ ਦੋਸ਼ ਨਹੀਂ ਲੱਗਿਆ ਕਰਦਾ। ਇਸ ਸਬੰਧ ਵਿਚ ਰਾਜਾ ਹਰੀ ਚੰਦ ਦੀ ਮਿਸਾਲ ਦਿਤੀ ਕਿ ਕਿਸ ਤਰ੍ਹਾਂ ਉਸ ਨੂੰ ਰਾਜ ਦੇ ਸ਼ਹਿਰ ਵਿਚ ਚੰਡਾਲ ਦੀ ਨੌਕਰੀ ਕਰਨੀ ਪਈ, ਆਪਣੇ ਫਰਜ਼ ਵਿਚ ਕੁਤਾਹੀ ਨਹੀਂ ਕੀਤੀ। ਇਸ ਨੂੰ ਸਵਾਮੀ ਭਗਤੀ ਸਮਝ ਕੇ ਨਿਭਾਇਆ ਅਤੇ ਰਿਸ਼ਤਿਆਂ ਦੀ ਪਰਵਾਹ ਨਹੀਂ ਕੀਤੀ। ਉਸ ਨੇ ਆਪਣਾ ਸਤਿ ਧਰਮ ਪਾਲਿਆ, ਆਪਣਾ ਸਰੀਰ ਵੀ ਪੁੰਨ ਦਾਨ ਦਾ ਕਰ ਦਿਤਾ ਤੇ ਇਸ ਟੈਸਟ ਵਿਚ ਪਾਸ ਹੋ ਗਿਆ। ਰਹਿੰਦੀ ਦੁਨੀਆਂ ਤਕ ਉਸ ਦੇ ਸਤਿ ਧਰਮ ਦੇ ਪਾਲਣ ਤੇ ਸਵਾਮੀ ਭਗਤੀ ਦੀ ਮਿਸਾਲ ਦਿਤੀ ਜਾਂਦੀ ਹੈ।

ਭਾਈ ਸੁਖਦੇਵ ਸਿੰਘ ਝੱਟੂ ਦੇ ਘਰ ਦੇ ਨੇੜੇ ਹੀ ਸਰਦਾਰ ਅਵਤਾਰ ਸਿੰਘ ਦਾ ਘਰ ਹੈ ਅਤੇ ਉਥੇ ਵੀ ਸੰਗਤ ਸਮੇਤ ਬਾਬਾ ਜੀ ਪੁੱਜੇ। ਇਹ ਪ੍ਰੇਮੀ ਟਰੱਕ ਡਰਾਈਵਰ ਹਨ ਅਤੇ ਆਤਮ ਮਾਰਗ ਦੇ ਮੈਂਬਰ ਬਣੇ ਹਨ। ਇਨ੍ਹਾਂ ਨੇ ਦੱਸਿਆ ਕਿ ਬਾਬਾ ਜੀ ਦੀਆਂ ਵੀਡੀਓ ਫਿਲਮਾਂ ਵੇਖ ਕੇ ਮੇਰਾ ਜੀਵਨ ਬਦਲ ਗਿਆ ਹੈ। ਮੈਂ ਆਪਣਾ ਖਾਣਾ ਪੀਣਾ ਸ਼ੁਧ ਕਰ ਲਿਆ ਹੈ ਅਤੇ ਘਰ ਵਿਚ ਗੰਦੇ ਗੀਤ ਆਦਿ ਨਹੀਂ ਲਾਏ ਜਾਂਦੇ ਤੇ ਹੁਣ ਅੰਮ੍ਰਿਤ ਛਕਣਾ ਹੈ ਤੇ ਬਾਬਾ ਜੀ ਦੇ ਪੁੱਛਣ ਤੇ ਇਨ੍ਹਾਂ ਨੇ ਦੱਸਿਆ ਕਿ ਇਥੇ ਇਕ ਟਰੱਕ ਤਕਰੀਬਨ 28 ਲੱਖ ਮੀਲ ਚਲ ਜਾਂਦਾ ਹੈ। ਇਸ ਤੋਂ ਬਾਅਦ ਭਾਈ ਸੁਖਦੇਵ ਸਿੰਘ ਝੱਟੂ ਦੇ ਭੈਣ ਦੇ ਘਰ ਚਰਨ ਪਾਏ। ਪਰ ਕਈ ਪ੍ਰੇਮੀ ਅਣਜਾਣ ਹੁੰਦੇ ਹਨ ਉਨ੍ਹਾਂ ਨੂੰ ਦਸ ਦੇਣਾ ਚਾਹੀਦਾ ਹੈ ਕਿ ਜੇਕਰ ਮਹਾਂਪੁਰਸ਼ਾਂ ਨੂੰ ਘਰ ਬੁਲਾਈਏ ਤੇ ਉਨ੍ਹਾਂ ਦਾ ਪੂਰਾ ਸਤਿਕਾਰ ਨਾ ਕਰੀਏ ਤਾਂ ਬਹੁਤ ਵੱਡਾ ਦੋਸ਼ ਲਗ ਜਾਇਆ ਕਰਦਾ ਹੈ ਕਿਉਂਕਿ ਸਾਧੂ, ਸੰਤ, ਮਹਾਂਪੁਰਸ਼ ਪ੍ਰਮਾਤਮਾ ਦਾ ਰੂਪ ਹੁੰਦੇ ਹਨ। ਉਨ੍ਹਾਂ ਨੂੰ ਨਿਜੀ ਤੌਰ ਤੇ ਕੋਈ ਫਰਕ ਨਹੀਂ ਪਿਆ ਕਰਦਾ ਕਿਉਂਕਿ ਉਹ ਮਾਨ ਸਨਮਾਨ ਅਤੇ ਨਿਰਾਦਰ ਤੋਂ ਉਪਰ ਹੁੰਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥ ਪੰਨਾ – 275***

ਇਸ ਸਬੰਧ ਵਿਚ ਉਨ੍ਹਾਂ ਨੇ ਬਾਬਾ ਜਲ੍ਹਣ ਜੀ ਦੀ ਵਾਰਤਾ ਸੁਣਾਈ ਕਿ ਕਿਵੇਂ ਉਨ੍ਹਾਂ ਨੇ ਮੁਨੀਮ ਦੀ ਜਮਾਂ ਤੋਂ ਖਲਾਸੀ ਕਰਵਾਈ ਸੀ ਤੇ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਦਾ ਇਹ ਫੁਰਮਾਨ ਯਾਦ ਕਰਵਾਇਆ ਕਿ –

***ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥***
***ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥***
***ਪੰਨਾ – 1328***

ਇਹ ਬਚਨ ਸੁਣ ਕੇ ਸਾਰੇ ਸਾਵਧਾਨ ਹੋਏ ਤੇ ਬੇਨਤੀ ਕੀਤੀ ਕਿ ਅੱਗੋਂ ਤੋਂ ਇਹੋ ਜਿਹੀ ਗਲਤੀ ਨਹੀਂ ਹਵੇਗੀ। ਉਸ ਬੀਬੀ ਨੇ ਦੱਸਿਆ ਕਿ ਮੈਂ ਇਥੇ ਇਕੱਲੀ ਹੀ ਹਾਂ, ਮੇਰਾ ਘਰ ਵਾਲਾ ਹਿੰਦੁਸਤਾਨ ਹੈ ਤੇ ਬਹੁਤ ਸ਼ਰਾਬ ਪੀਂਦਾ ਹੈ ਤੇ ਉਸ ਦਾ ਸੁਧਾਰ ਕਿਵੇਂ ਹੋਵੇਗਾ। ਬਾਬਾ ਜੀ ਨੇ ਕਿਹਾ ਕਿ ਜਦੋਂ ਤੁਸੀਂ ਪੰਜਾਬ ਆਵੋ ਤਾਂ ਉਸ ਨੂੰ ਰਤਵਾੜਾ ਸਾਹਿਬ ਲੈ ਕੇ ਆਇਓ ਅਸੀਂ ਉਸ ਨੂੰ ਉਥੇ ਰਖਾਂਗੇ ਤੇ ਉਹ ਨਾਮ ਜਪਣ ਵਾਲਿਆਂ ਦੀ ਸੰਗਤ ਵਿਚ ਰਹਿ ਕੇ ਸ਼ਰਾਬ ਪੀਣ ਤੋਂ ਹਟ ਜਾਵੇਗਾ ਕਿਉਂਕਿ ਸ਼ਰਾਬੀ ਨੂੰ ਜ਼ਿਆਦਾ ਸੰਗਤ ਦਾ ਅਸਰ ਹੁੰਦਾ ਹੈ। ਜਦੋਂ ਉਸ ਨੂੰ ਸ਼ਰਾਬ ਪੀਣ ਵਾਲਾ ਆਪਣਾ ਸਾਥੀ ਨਹੀਂ ਮਿਲੇਗਾ ਤਾਂ ਫਿਰ ਉਹ ਕਿਵੇਂ ਪੀਵੇਗਾ। ਇਸੇ ਤਰ੍ਹਾਂ ਜਦੋਂ ਸਤਿਸੰਗੀਆਂ ਦੀ ਸੰਗਤ ਕਰੇਗਾ ਉਸ ਉਪਰ ਉਨ੍ਹਾਂ ਦਾ ਅਸਰ ਹੋਵੇਗਾ ਤੇ ਉਸ ਦੀ ਆਦਤ ਹਟ ਜਾਵੇਗੀ।

***'ਚਲਦਾ'***

L L L L L L

(ਪੰਨਾ 4 ਦੀ ਬਾਕੀ)

ਛੱਡ ਕੇ ਅਸਾਡਾ ਧਰਮ ਅਪਨਾਅ ਲਵੋ, ਇਹ ਇਨ੍ਹਾਂ ਦੀ ਮਹਾਨ ਭੁੱਲ ਹੈ। ਮੌਤ ਦਾ ਡਰ ਦਿੰਦੇ ਹਨ। ਗਿਆਨੀ ਨੂੰ ਪਤਾ ਹੈ ਕਿ ਆਤਮਾ ਸਦਾ ਸਦਾ ਜਿਉਂਦੀ ਹੈ, ਮੌਤ ਉਸ ਵਿਚ ਹੈ ਹੀ ਨਹੀਂ, ਉਹ ਆਪਣੇ ਅਸੂਲਾਂ ਤੇ ਜੀਵਨ ਗੁਜ਼ਾਰਦੇ ਹਨ ਅਤੇ ਸਰੀਰ ਦਾ ਬਲੀਦਾਨ ਦੇਣ ਤੋਂ ਕਦੇ ਭੀ ਸੰਕੋਚ ਨਹੀਂ ਕਰਦੇ। ਤੁਹਾਡੇ ਦਾਦਾ ਗੁਰੂ ਜੀ ਨੇ ਹਿੰਦੂਆਂ ਦੇ ਧਰਮ ਤਿਲਕ ਜੰਞੂ ਦੀ ਰਾਖੀ ਕਰਦਿਆਂ ਮਹਾਨ ਸਾਕਾ ਕੀਤਾ। ਸੀਸ ਦੇ ਦਿਤਾ ਪਰ ਆਪਣੇ ਅਸੂਲ ਨਹੀਂ ਤਿਆਗੇ, ਉਨ੍ਹਾਂ ਦੇ ਦਾਦਾ ਜੀ ਤੱਤੀਆਂ ਤਵੀਆਂ ਤੇ ਬਿਠਾਏ ਗਏ, ਪਾਣੀ ਵਿਚ ਉਬਾਲੇ ਗਏ ਪਰ ਕੋਈ ਸਰਾਪ ਦੇਣ ਦੀ ਥਾਂ ਪ੍ਰਭੂ ਦੇ ਭਾਣੇ ਨੂੰ ਮਿੱਠਾ ਜਾਣਦੇ ਹੀ ਮਹਾਨ ਬਲੀਦਾਨ ਦੇ ਗਏ। ਬੇਟਿਓ! ਹਰ ਬਲੀਦਾਨ ਮੁਰਦਾ ਹੋ ਚੁੱਕੇ ਸਮਾਜ ਵਿਚ ਗਿਆਨ ਅਤੇ ਨਰੋਇਆਪੁਣ ਲਿਆਉਂਦਾ ਹੈ। ਇਸ ਕਰਕੇ ਡਰਨਾ ਨਹੀਂ, ਸੀਸ ਜਾਂਦਾ ਹੈ ਤਾਂ ਪਿਆ ਚਲਿਆ ਜਾਵੇ ਪਰ ਸੱਚ ਧਰਮ ਨੂੰ ਕਦੇ ਭੀ ਡਰ, ਲਾਲਚ ਵਿਚ ਆ ਕੇ ਤਿਆਗਣਾ ਨਹੀਂ। ਤੁਹਾਡੇ ਦਾਦਾ ਜੀ ਤੁਹਾਨੂੰ ਲੈਣ ਆ ਰਹੇ ਹਨ, ਅਮਰਾਪੁਰੀ ਵਿਚ ਆਪਾਂ ਸਭਨਾਂ ਨੇ ਜਾਣਾ ਹੈ। ਤੁਹਾਡੇ ਪਿਤਾ ਜੀ ਇਕ ਬਚਿਤ੍ਰ ਨਾਟਕ ਕਰ ਰਹੇ ਹਨ, ਸਰਬ ਕਲਾ ਸਮਰੱਥ ਹਨ, ਇਕ ਫੁਰਨਾ ਕਰ ਦੇਣ ਨਾਲ ਸਭ ਕੁਝ ਨਸ਼ਟ ਭ੍ਰਸ਼ਟ ਕਰ ਦੇਣ ਪਰ ਇਥੇ ਇਕੋ ਵਾਹਿਗੁਰੂ ਜੀ ਪਰੀਪੂਰਨ ਹਨ, ਸਰਾਪ ਕਿਸਨੂੰ ਦੇਣਾ ਹੈ? ਇਸ ਲਈ ਉਹ ਖੇਚਲ ਸਹਿ ਕੇ ਭੀ ਅਤਿ ਉਚੇ ਸੂਖਮ ਗੁਣਾਂ ਨੂੰ ਉਭਾਰ ਰਹੇ ਹਨ। ਉਨ੍ਹਾਂ ਨੇ ਆਦਰਸ਼ਕ ਮਨੁੱਖ, ਜਿਸ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਉਸ ਨੂੰ ਖਾਲਸਾ ਆਦਰਸ਼ ਦਾ ਧਾਰਨੀ ਬਣਾ ਕੇ ਅਤਿ ਉਤਮ ਮਨੁੱਖ "ਖਾਲਸਾ" ਦੇ ਰੂਪ ਵਿਚ ਸਾਜਿਆ ਹੈ। ਆਪਣੇ ਪਿਤਾ ਦੀ ਮਹਾਨ ਵਡੱਤਣ ਨੂੰ ਮੌਤ ਤੋਂ ਡਰ ਕੇ ਦਾਗੀ ਨਹੀਂ ਬਣਾਉਣਾ ਸਗਵਾਂ ਹਸ ਹਸ ਕੇ ਮੌਤ ਨਾਲ ਗੱਲਵਕੜੀ ਪਾਉਣੀ ਹੈ। ਇਸ ਮੌਤ ਵਿਚੋਂ ਹੀ ਅਮਰ ਜੀਵਨ ਪ੍ਰਗਟ ਹੋਣਾ ਹੈ।" ***(ਅਮਰ ਜੋਤਾਂ ਪੰਨਾ 17–20)***

ਦੋ ਦਿਨ ਕਚਹਿਰੀ ਲਗਦੀ ਰਹੀ। ਸਾਹਿਬਜ਼ਾਦਿਆਂ ਨੇ ਜਿਸ ਅਣਖ ਨਾਲ ਨਿਰਭੈ ਹੋ ਕੇ ਸੂਬਾ ਸਰਹੰਦ ਅਤੇ ਮੌਲਵੀਆਂ ਦੇ ਪ੍ਰਸ਼ਨਾਂ ਦੇ ਬੇਖੌਫ ਹੋਕੇ ਉਤਰ ਦਿਤੇ, ਉਹ ਸਾਰੀ ਵਾਰਤਾ "ਅਮਰ ਜੋਤਾਂ" ਨਾਮੀ ਪੁਸਤਕ ਵਿਚ ਬੜੇ ਦਿਲ-ਟੁੰਬਵੇਂ ਢੰਗ ਨਾਲ ਲਿਖੀ ਹੋਈ ਪ੍ਰਾਪਤ ਹੈ ਜੋ ਸਮੂਹ ਪਾਠਕਾਂ ਨੂੰ ਨਾਕੇਵਲ ਆਪ ਪੜ੍ਹਨੀ ਚਾਹੀਦੀ ਹੈ ਸਗੋਂ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰਤ ਕਰਨਾ ਚਾਹੀਦਾ ਹੈ।

"ਨਿੱਕੀਆਂ ਜ਼ਿੰਦਾ ਦੀ ਦਿਤੀ ਕੁਰਬਾਨੀ ਸਦਾ ਹੀ ਨੇਕੀ ਕਮਾਉਣ ਲਈ ਉਤਸਾਹਤ ਕਰਦੀ ਰਹੇਗੀ। ਇਹ ਜੋਤਾਂ ਸਦਾ ਲਈ ਅਮਰ ਹਨ, ਅਮਰ ਹੀ ਰਹਿਣਗੀਆਂ ਅਤੇ ਅੰਧਕਾਰ ਵਿਚ ਅਮਰ ਪ੍ਰਕਾਸ਼ ਦਿੰਦੀਆਂ ਰਹਿਣਗੀਆਂ। ਸਾਡਾ ਪਰਣਾਮ ਹੈ, ਸੌ ਸੌ ਵਾਰੀ ਇਨ੍ਹਾਂ ਮਹਾਨ ਅਮਰ ਜੋਤਾਂ ਨੂੰ। ਇਨ੍ਹਾਂ ਸਤਿ ਮਾਰਗ ਤੇ ਚੱਲਣ ਵਾਲੇ ਸ਼ਹੀਦਾਂ ਨੂੰ।

***ਡਾ. ਜਗਜੀਤ ਸਿੰਘ***

L L L L L L

# ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ*

ਅਨੁਵਾਦਕ ਵਲੋਂ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*
*ਪੰਨਾ - 204*

(ਜੀਵਾਂ ਦੇ ਭਲੇ ਲਈ ਸਮੇਂ ਸਮੇਂ ਸਿਰ ਗੁਰੂ, ਅਵਤਾਰ, ਸੰਤ ਮਹਾਂਪੁਰਸ਼ ਇਸ ਧਰਤੀ ਤੇ ਆ ਕੇ ਭੁੱਲੇ ਭਟਕੇ ਜੀਵਾਂ ਦਾ ਉਧਾਰ ਕਰਦੇ ਹਨ। ਇਹ ਦੀਵਾਨ ਸੰਤ ਵਰਿਆਮ ਸਿੰਘ ਜੀ ਨੇ 6.1.85 ਨੂੰ ਮੋਹਾਲੀ ਵਿਖੇ ਲਗਾਇਆ ਅਤੇ ਸੇਵਕਾਂ ਨੂੰ ਵੀ ਇਹ ਦੀਵਾਨ ਸੁਣਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਅਤੇ ਇਸ ਦੀਵਾਨ ਨੂੰ ਅਨੁਵਾਦਕਾ ਨੇ ਖੁਦ ਰੀਕਾਰਡ ਕੀਤਾ। ਧੰਨੇ ਭਗਤ ਦਾ ਪ੍ਰਸੰਗ ਚਲ ਰਿਹਾ ਸੀ ਉਸ ਦੇ ਵਿਚ ਹੀ ਇਹ ਪ੍ਰਵਚਨ ਪ੍ਰਾਪਤ ਹੋਏ।

ਸ਼ਾਨ ..................................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਤੂੰ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

*ਧਾਰਨਾ - ਕੋਈ ਨਾਉਂ ਨਾ ਜਾਣੇ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਤੇਰੀ ਵਡਿਆਈ ਐ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਕੋਈ ਨਾਉਂ ਨਾ ਜਾਣੇ ਮੇਰਾ ........ -2.*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਈ ਭਾਖੈ॥*
*ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥*
*ਪੰਨਾ - 383*

*ਧਾਰਨਾ - ਕੋਈ ਨਾਉਂ ਨਾ ਜਾਣੇ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਤੇਰੀ ਵਡਿਆਈ ਐ,*
*ਗੁਰੂ ਜੀ ਸਭ ਤੇਰੀ ਵਡਿਆਈ ਐ -2, 2.*
*ਕੋਈ ਨਾਉਂ ਨਾ ਜਾਣੇ ਮੇਰਾ -2.*

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ-2, 2.*
*ਔਖੀ ਵੇਲਾ, ਔਖੀ ਵੇਲਾ,*
*ਔਖੀ ਵੇਲਾ, ਔਖੀ ਵੇਲਾ-2*
*ਤੇਰੀ ਨਾਮ ਨੇ ਸਹਾਇਤਾ ਕਰਨੀ, -2.*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਪੰਨਾ - 70*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ, ਕਲਜੁਗ ਦਾ ਸਮਾਂ ਹੈ। ਗੁਰੂ ਪੰਜਵੇਂ ਪਾਤਸ਼ਾਹ ਜੀ ਨੂੰ ਬੇਨਤੀ ਕਰਕੇ ਸੰਗਤ ਨੇ ਪੁਛਿਆ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥*
*ਪੰਨਾ - 747*

ਕਲਜੁਗ ਦੇ ਅੰਦਰ ਕਰਮਾਂ ਧਰਮਾਂ ਨੂੰ, ਪੁੰਨਾਂ ਨੂੰ, ਤੀਰਥ ਯਾਤਰਾ ਅਤੇ ਦਾਨ ਦੇ ਫਲ ਨੂੰ ਜਮ ਲੁੱਟ ਲੈਂਦੇ ਹਨ। ਸਤਿਗੁਰੂ ਜੀ! ਕੋਈ ਕਰਮ ਐਸਾ ਵੀ ਹੈ ਜਿਸ ਨੂੰ ਜਮਦੂਤ ਨਾ ਲੁੱਟ ਸਕਣ? ਕਲਜੁਗ ਦੇ ਅੰਦਰ ਕੋਈ ਐਸਾ ਪੁੰਨ ਵੀ ਹੈ ਜੋ ਲੁਟਿਆ ਨਾ ਜਾ ਸਕੇ? ਮਹਾਰਾਜ ਕਹਿੰਦੇ ਹਨ ਇਕ ਐਸਾ ਪੁੰਨ ਹੈ, ਜਿਸ ਦੇ ਫਲ ਕੋਈ ਅੰਦਾਜ਼ਾ ਵੀ ਨਹੀਂ ਲਗਾ ਸਕਦਾ, ਉਹ ਹੈ ਸਤਸੰਗ ਵਿਚ ਚੱਲ ਕੇ ਆਉਣਾ। ਜਿਹੜਾ ਕੋਈ ਜਿੰਨੇ ਵੀ ਕਦਮ ਚਲ ਕੇ ਆਉਂਦਾ ਹੈ ਉਸ ਨੂੰ ਉਤਨੇ ਹੀ ਅਸ੍ਵਮੇਧ ਜਗਾਂ ਦਾ ਫਲ ਮਿਲਦਾ ਹੈ। ਇਥੇ ਆ ਕੇ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ, ਬਾਹਰੋਂ ਧਿਆਨ ਰੋਕ ਕੇ, ਧਿਆਨ ਦੇ ਨਾਲ, ਸ਼ਰਧਾ ਦੇ ਨਾਲ, ਨਿਸ਼ਕਾਮਤਾ ਦੇ ਨਾਲ ਇਕਾਗਰਤਾ ਦੇ ਨਾਲ, ਭਰੋਸੇ ਦੇ ਨਾਲ, ਨਿਰ ਸੰਸੇ ਹੋ ਕੇ, ਜਦੋਂ ਕੀਰਤਨ, ਗੁਰਬਾਣੀ ਵਿਚਾਰ, ਗੁਰੂ ਸ਼ਬਦ ਨੂੰ ਸੁਣਦਾ ਹੈ, ਕੀਰਤਨ ਵਿਚ ਬੋਲਦਾ ਹੈ, ਉਸ ਵੇਲੇ ਬੇਅੰਤ ਫਲ ਹੋਇਆ ਕਰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਪੰਨਾ - 546*

ਸੋ ਇਹ ਪੁੰਨ ਜਮਦੂਤਾਂ ਰਾਹੀਂ ਲੁਟਿਆ ਨਹੀਂ ਜਾ ਸਕਦਾ, ਇਤਨਾ ਪੁੰਨ ਹੈ, ਕਈ ਕ੍ਰੋੜ ਜੱਗਾਂ ਦਾ ਫਲ। ਜੇਕਰ ਦਸ ਵੀਹ ਜੱਗਾਂ ਦਾ ਫਲ ਹੁੰਦਾ ਤਾਂ ਮਹਾਰਾਜ ਲਿਖ ਦਿੰਦੇ ਹਨ, ਪਰ ਲਿਖਿਆ ਹੈ ***'ਕਈ ਕੋਟਿਕ ਜਗ ਫਲਾ......... (ਪੰਨਾ-546)'*** ਕਿੰਨੇ ਕ੍ਰੋੜ ਜੱਗਾਂ ਦਾ ਫਲ ਮਿਲਦਾ ਹੈ, ਜਿਹੜਾ ਸਤਸੰਗ ਦੇ ਅੰਦਰ ਆ ਕੇ ਗੁਣ ਗਾਉਂਦਾ ਹੈ।

***ਕਲ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥***

***ਪੰਨਾ - 962***

ਕਲਜੁਗ ਵਿਚ ਇਹੋ ਵੱਡਾ ਪੁੰਨ ਹੈ ਇਕੱਠੇ ਹੋ ਕੇ ਹਰੀ ਦਾ ਜਸ ਕਰਨਾ। ਇਹਦੇ ਉਤੇ ਕਲਜੁਗ ਦਾ ਵੱਸ ਨਹੀਂ ਪੈਂਦਾ, ਜ਼ੋਰ ਨਹੀਂ ਪੈਂਦਾ। ਬਾਕੀ ਸਭ ਚੀਜ਼ਾਂ ਦੇ ਉੱਤੇ ਉਹਦਾ ਬਲ ਪੈ ਜਾਇਆ ਕਰਦੈ।

ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਕਲਜੁਗ ਦਾ ਅਭਿਮਾਨੀ ਦੇਵਤਾ ਮਿਲਿਆ ਉਸ ਨੇ ਕਿਹਾ ਸੀ ਕਿ ਮਹਾਰਾਜ, ਮੇਰਾ ਰਾਜ ਹੈ ਮੇਰਾ ਅਧਿਕਾਰ ਹੈ। ਮੇਰੇ ਰਾਜ ਦੇ ਅੰਦਰ ਕੋਈ ਪੁੰਨ ਫਲਣਾ ਨਹੀਂ ਹੈ। ਕੋਈ ਕਿਰਿਆ, ਕਿਸੇ ਕਿਸਮ ਦਾ ਕੋਈ ਵੀ ਤੀਰਥ, ਵਰਤ, ਦਾਨ ਕੋਈ ਚੀਜ਼ ਨਹੀਂ ਫਲਣੀ, ਕੇਵਲ ਜਿਥੇ ਹਰੀ ਦਾ ਜਸ ਹੁੰਦਾ ਹੈ, ਉਥੇ ਮੈਨੂੰ ਡਰ ਲਗਦਾ ਹੈ, ਉਥੇ ਮੈਂ ਜਾ ਨਹੀਂ ਸਕਦਾ ਕਿਉਂਕਿ ਉਥੇ ਆਪ ਦਾ ਪਰਤਾਪ ਹੈ, ਆਪ ਦੇ ਜਲਾਲ ਦੇ ਅੱਗੇ ਮੇਰੀ ਹਿੰਮਤ ਨਹੀਂ ਪੈਂਦੀ ਕਿ ਮੈਂ ਜਾਵਾਂ ਪਰ ਮੇਰਾ ਉਧਾਰ ਵੀ ਕਿਸ ਤਰ੍ਹਾਂ ਹੋਵੇ? ਗੁਰੂ ਮਹਾਰਾਜ ਨੇ ਕਿਹਾ, ਜੋੜਿਆਂ ਵਿਚ ਖਲੋ ਜਾਇਆ ਕਰ। ਅਸੀਂ ਤੈਨੂੰ ਐਨੀ ਇਜ਼ਾਜ਼ਤ ਦਿੰਦੇ ਹਾਂ। ਉਥੇ ਬੈਠ ਕੇ ਆਪਣਾ ਉਧਾਰ ਕਰ ਲੈ। ਸਭ ਤੋਂ ਵੱਡੀ ਭਗਤੀ ਹੈ -

***ਕਲਜੁਗ ਮਹਿ ਕੀਰਤਨ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥ ਪੰਨਾ - 1076***

ਸੋ ਜੋ ਬਹੁਤ ਵੱਡਾ ਪੁੰਨ ਕਲਜੁਗ ਦੇ ਸਮੇਂ ਪ੍ਰਾਪਤ ਹੁੰਦਾ ਹੈ, ਉਹ ਹਰੀ ਦਾ ਜਸ ਕਰਨ ਦੇ ਨਾਲ ਹੁੰਦਾ ਹੈ। ਜਿਸ ਨੂੰ ਲੁਟਿਆ ਨਹੀਂ ਜਾ ਸਕਦਾ, ਖੋਹਿਆ ਨਹੀਂ ਜਾ ਸਕਦਾ, ਐਨਾ ਵੱਡਾ ਫਲ ਪ੍ਰਾਪਤ ਹੁੰਦਾ ਹੈ ਕਿ ਆਪ ਵੀ ਤਰ ਜਾਂਦਾ ਹੈ, ਆਪਣੀਆਂ ਇਕੀ ਕੁੱਲਾਂ ਤਾਰ ਕੇ ਨਾਲ ਹੀ ਲੈ ਜਾਂਦਾ ਹੈ। ਐਸੇ ਸਮਾਗਮ ਦੇ ਅੰਦਰ ਭਾਗਾਂ ਤੋਂ ਬਿਨਾਂ ਨਹੀਂ ਆਇਆ ਜਾ ਸਕਦਾ, ਪੂਰੇ ਭਾਗ ਹੋਣ ਤਾਂ ਸਤਿ ਦੀ ਸੰਗਤ ਕਰਨ ਵਾਸਤੇ ਆ ਸਕੀਦਾ ਹੈ। ਆਦਮੀ ਦੇ ਅੰਦਰ ਪਹਿਲਾਂ ਫੁਰਨਾ ਪੈਦਾ ਹੁੰਦਾ ਹੈ, ਫੇਰ ਹਿੰਮਤ ਪੈਦਾ ਹੁੰਦੀ ਹੈ, ਫੇਰ ਗੁਰੂ ਮਹਾਰਾਜ ਮੱਦਦ ਕਰਕੇ ਪ੍ਰੇਰਨਾ ਦਿੰਦੇ ਹਨ ਤਾਂ ਸਤਿਸੰਗ ਵਿਚ ਪਹੁੰਚ ਹੁੰਦਾ ਹੈ। ਨਹੀਂ ਤਾਂ ਦੂਜੀਆਂ ਥਾਵਾਂ ਜੋ ਗਿਰਾਵਟ ਵਾਲੀਆਂ ਹਨ, ਉਥੇ ਬੇਅੰਤ ਭੀੜਾਂ ਹੀ ਭੀੜਾਂ ਲੱਗੀਆਂ ਹੁੰਦੀਆਂ ਹਨ। ਬੇਅੰਤ ਇਕੱਠ ਹੋਏ ਰਹਿੰਦੇ ਹਨ। ਸੋ ਅਸੀਂ ਹਫਤੇ ਵਾਰੀ ਫੇਰ ਇਕੱਠੇ ਹੁੰਦੇ ਹਾਂ। ਅੱਜ 6 ਜਨਵਰੀ ਹੈ, ਸਾਡੇ ਵਾਸਤੇ ਤਾਂ ਸਾਰੇ ਸਾਲ ਇਕੋ ਜਿਹੇ ਹੁੰਦੇ ਹਨ। ਕੋਈ ਨਵਾਂ ਸਾਲ ਨਹੀਂ ਆਉਂਦਾ, ਕੋਈ ਪੁਰਾਣਾ ਸਾਲ ਨਹੀਂ ਆਉਂਦਾ। ਜਦੋਂ ਤੋਂ ਸੰਸਾਰ ਰਚਿਆ ਗਿਆ ਹੈ, ਸਮਾਂ ਇਕੋ ਹੀ ਹੈ। ਭੂਤ, ਭਵਿੱਖਤ, ਵਰਤਮਾਨ ਜਿਹੜਾ ਚੱਲ ਰਿਹਾ ਹੈ ਇਹ ਸੂਰਜ ਕਰਕੇ ਚਲ ਰਿਹਾ ਹੈ, ਵੈਸੇ ਕਾਲ ਇਕੋ ਹੀ ਹੋਇਆ ਕਰਦਾ ਹੈ। ਇਹਦੇ ਵਿਚ ਕੋਈ ਪੜਾਅ ਨਹੀਂ ਹੁੰਦਾ। ਸੋ ਸਮਾਂ ਓਹੀ ਚੰਗਾ ਹੈ -

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***

***ਡਾ. ਭਾਈ ਵੀਰ ਸਿੰਘ ਜੀ***

ਜੇ ਤਾਂ ਉਮਰ ਲੇਖੇ ਵਿਚ ਪੈ ਰਹੀ ਹੈ ਫੇਰ ਤਾਂ ਸਾਰਾ ਹੀ ਸਮਾਂ ਮੁਬਾਰਕ ਹੈ। ਸਾਰਾ ਹੀ ਸਮਾਂ ਚੰਗਾ ਹੈ। ਇਹ ਨਹੀਂ

ਹੋਇਆ ਕਰਦਾ ਕਿ ਪਿਛਲਾ ਪਾਸਾ ਖਤਮ ਹੋ ਗਿਆ। ਕਾਗਜ਼ਾਂ ਵਿਚ ਹੁੰਦਾ ਹੋਣੈ, ਦਫਤਰਾਂ ਵਿਚ ਹੋ ਜਾਂਦਾ ਹੋਣੈ, ਪਰ ਵਾਹਿਗੁਰੂ ਦੇ ਘਰ ਵਿਚ ਕੋਈ ਸਮਾਂ ਵੰਡ ਨਹੀਂ ਹੋਇਆ ਕਰਦੀ, ਸਮਾਂ ਲਗਾਤਾਰ ਚਲ ਰਿਹਾ ਹੈ। ਸੋ ਬੇਨਤੀ ਕੀਤੀ ਸੀ ਕਿ ਔਖੇ ਸਮੇਂ ਵਿਚ ਕੋਈ ਵੀ ਸਹਾਇਤਾ ਨਹੀਂ ਕਰਦਾ, ਉਥੇ ਨਾਮ ਸਹਾਇਤਾ ਕਰਦਾ ਹੈ। ਸਾਧ ਸੰਗਤ ਵਿਚ ਆ ਕੇ ਨਾਮ ਦੀ ਸੋਝੀ ਪੈਂਦੀ ਹੈ ਕਿ ਨਾਮ ਕੀ ਹੈ? ਅਸੀਂ ਸਮਝਦੇ ਹਾਂ ਕਿ ਵਾਹਿਗੁਰੂ ਮੰਤ੍ਰ, ਰਾਮ ਮੰਤ੍ਰ, ਗੋਬਿੰਦ ਮੰਤ੍ਰ, ਨਾਰਾਇਣ ਮੰਤ੍ਰ; ਇਹ ਨਾਮ ਮੈਨੂੰ ਮਿਲ ਗਿਆ, ਇਹ ਸਮਝ ਲਓ ਕਿ ਸਾਨੂੰ ਦਾਖਲਾ ਮਿਲ ਗਿਆ, ਪਰ ਨਾਮ ਅਜੇ ਬਹੁਤ ਦੂਰ ਹੈ, ਬਹੁਤ ਸਾਰਿਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਅਸੀਂ ਫਲਾਣੀ ਥਾਂ ਤੋਂ ਨਾਮ ਲਿਆ। ਨਾਮ ਤਾਂ ਅੰਦਰੋਂ ਹੀ ਪ੍ਰਗਟ ਹੁੰਦਾ ਹੈ। ਸਭ ਦੇ ਅੰਦਰ ਪ੍ਰਗਟ ਹੈ, ਕੇਵਲ ਉਸ ਨੂੰ ਟੋਲ੍ਹਣਾ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥ ਪੰਨਾ – 644***

ਐਸੀ ਚੀਜ਼ ਜਿਸ ਨੂੰ ਮਿਲ ਕੇ ਦੁਬਾਰਾ ਕਦੀ ਮੋੜ ਨਾ ਆਵੇ ਉਸ ਨੂੰ ਅੰਮ੍ਰਿਤ ਆਖਦੇ ਹਨ। ਉਹ ਹੈ ਕਿਥੇ? ਉਹ ਹੈ ਤਾਂ ਅੰਦਰ ਹੀ ਲੇਕਿਨ ਮਨਮੁਖ ਨੂੰ ਪਤਾ ਨਹੀਂ ਲਗ ਸਕਿਆ–

***ਜਿਉ ਕਸਤੂਰੀ ਮਿਰਗੁ ਨਾ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਪੰਨਾ – 644***

ਜਿਸ ਤਰ੍ਹਾਂ ਕਸਤੂਰੀ ਮ੍ਰਿਗ ਦੀ ਨਾਭੀ ਵਿਚ ਹੋਇਆ ਕਰਦੀ ਹੈ, ਲੇਕਿਨ ਉਹ ਬਾਹਰ ਝਾੜੀਆਂ ਸੁੰਘੀ ਜਾਂਦਾ ਹੈ, ਉਸ ਨੂੰ ਪਤਾ ਨਹੀਂ ਕਿ ਸੁਗੰਧੀ ਉਸਦੀ ਨਾਭੀ ਵਿਚੋਂ ਹੀ ਆ ਰਹੀ ਹੈ। ਬਾਹਰ ਦੇਖਦਾ ਹੈ –

***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥***
***ਪੰਨਾ – 644***

ਇਸ ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ – ਨਿੰਦਿਆ, ਚੁਗਲੀ, ਈਰਖਾ, ਬਖੀਲੀ, ਆਸਾ, ਅੰਦੇਸਾ, ਤ੍ਰਿਸ਼ਨਾ ਅਨੇਕਾਂ ਕਿਸਮ ਦੀ ਵਿਹੁ (poison) ਇਕੱਠੀ ਕਰਦਾ ਹੈ ਅਤੇ ਇਸ ਜ਼ਹਿਰ ਦੇ ਨਾਲ ਜਨਮ ਬਰਬਾਦ ਹੋ ਜਾਇਆ ਕਰਦਾ ਹੈ। ਪਰ ਜਿਹੜਾ ਨਾਮ ਹੈ, ਉਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ–

***ਐਸੋ ਸਹਾਈ ਹਰਿ ਕੋ ਨਾਮ॥***
***ਸਾਧਸੰਗਤਿ ਭਜੁ ਪੂਰਨ ਕਾਮ॥***
***ਬੂਡਤ ਕਉ ਜੈਸੇ ਬੇੜੀ ਮਿਲਤ॥ ਪੰਨਾ – 987***

ਜਿਸ ਤਰ੍ਹਾਂ ਕੋਈ ਡੁੱਬ ਰਿਹਾ ਹੋਵੇ ਸਾਹ ਸਤ ਕੋਈ ਰਿਹਾ ਨਾ ਹੋਵੇ, ਤਾਣ ਖਤਮ ਹੋ ਜਾਵੇ ਅਤੇ ਉਸ ਨੂੰ ਤਾਰਨ ਵਾਸਤੇ ਕੋਈ ਬੇੜੀ ਆ ਜਾਵੇ, ਬਾਹ ਫੜ ਕੇ ਖਿੱਚ ਕੇ ਕੋਈ ਕਿਸ਼ਤੀ ਵਿੱਚ ਬਿਠਾ ਲਵੇ, ਇਸ ਤਰ੍ਹਾਂ ਦੇ ਨਾਲ ਜਿਵੇਂ ਦੀਵਾ ਬੁਝਦਾ ਹੋਵੇ, ਅਖੀਰ ਵਿਚ ਬੱਤੀ ਵੀ ਜਲ ਕੇ ਮਨੂਰ ਹੋ ਗਈ ਹੋਵੇ, ਉਸ ਵੇਲੇ ਕੋਈ ਆ ਕੇ ਤੇਲ ਪਾ ਦੇਵੇ ਤਾਂ ਉਹ ਦੁਬਾਰਾ ਜਲ ਜਾਇਆ ਕਰਦਾ ਹੈ। ਜਿਸ ਤਰ੍ਹਾਂ ਕਿਸੇ ਚੀਜ਼ ਨੂੰ ਅੱਗ ਲੱਗ ਗਈ ਹੋਵੇ, ਉਪਰ ਪਾਣੀ ਪਾ ਕੇ ਬੁਝਾ ਦਿੱਤੀ ਜਾਵੇ। ਇਸੇ ਤਰ੍ਹਾਂ ਜੋ ਸਾਡੇ ਅੰਦਰ ਆਸਾ ਦੀ, ਤ੍ਰਿਸ਼ਨਾ ਦੀ, ਅੰਦੇਸ਼ਿਆਂ ਦੀ, ਜੋ ਅਗਨੀ ਮੱਚ ਰਹੀ ਹੈ ਉਹ ਬੁਝ ਜਾਇਆ ਕਰਦੀ ਹੈ।

***ਜੈਸੇ ਬਾਰਿਕ ਮੁਖਹਿ ਖੀਰ॥ ਪੰਨਾ – 987***

ਜਿਵੇਂ ਬੱਚਾ ਭੁੱਖਾ ਹੈ ਅਤੇ ਮਾਂ ਦਾ ਦੁੱਧ ਪ੍ਰਾਪਤ ਹੋ ਜਾਵੇ –

***ਜੈਸੇ ਰਣ ਮਹਿ ਸਖਾ ਭ੍ਰਾਤ॥ ਪੰਨਾ – 987***

ਜਿਵੇਂ ਲੜਾਈ ਵਿਚ ਲੜ ਰਿਹਾ ਹੋਵੇ, ਦੁਸ਼ਮਣਾਂ ਦੇ ਘੇਰੇ ਵਿੱਚ ਆ ਗਿਆ ਹੋਵੇ, ਉਦੋਂ ਭਰਾ ਮਿਲ ਜਾਵੇ ਜਾਂ ਕੋਈ ਮਿੱਤਰ ਮਿਲ ਜਾਵੇ। ਉਹ ਮਦਦ ਕਰਕੇ ਬਚਾ ਲਿਆ ਕਰਦਾ। ਇਹ ਗੱਲ ਦਾ ਉਸੇ ਨੂੰ ਪਤਾ ਹੈ, ਜਿਸ ਨੇ ਕਦੀ ਐਸੇ ਸਮੇਂ ਦੇਖੇ ਹੋਣ।

ਮਹਾਰਾਣਾ ਪ੍ਰਤਾਪ ਜਦੋਂ ਹਲਦੀਘਾਟ ਦੀ ਲੜਾਈ ਲੜ ਰਿਹਾ ਸੀ, ਇਕ ਪਾਸੇ ਭਾਰਤੀ ਕਲਚਰ ਸੀ, ਦੂਜੇ ਪਾਸੇ ਮੰਗੋਲਾਂ ਦੀ ਕਲਚਰ ਸੀ। ਓਧਰ ਅਕਬਰ ਨੇ ਰਾਜਪੂਤਾਂ ਦੀਆਂ ਲੜਕੀਆਂ ਵਿਆਹੁਣ ਦਾ ਰਿਵਾਜ ਪ੍ਰਚਲਤ ਕਰ ਦਿਤਾ ਸੀ, ਜ਼ੋਰ ਨਾਲ ਵੀ ਤੇ ਲਿਹਾਜ਼ ਨਾਲ ਵੀ ਜਿਵੇਂ ਵੀ ਹੋ ਸਕੇ। ਮੁਗਲ ਰਾਜੇ ਰਾਜਪੂਤ ਲੜਕੀਆਂ ਨਾਲ ਵਿਆਹ ਕਰ ਲਿਆ ਕਰਦੇ ਸੀ। ਉਸ ਵੇਲੇ ਰਾਣਾ ਪ੍ਰਤਾਪ ਬਾਬਾ ਸ੍ਰੀ ਚੰਦ ਜੀ ਪਾਸ ਪਹੁੰਚਦੇ ਹਨ ਤੇ ਉਨ੍ਹਾਂ ਨੇ ਰਾਣਾ ਪ੍ਰਤਾਪ ਨੂੰ ਹੱਲਾ ਸ਼ੇਰੀ ਦਿਤੀ ਕਿ ਤੂੰ ਇਕੋ ਇਕ ਰਹਿ ਗਿਆ ਹੈਂ ਜਿਹੜਾ ਰਾਜਪੂਤੀ ਆਣ ਨੂੰ ਕਲੰਕ ਲੱਗਣ ਤੋਂ ਬਚਾ ਰਿਹਾ ਹੈਂ, ਬਾਕੀ ਹੋਰ ਕੋਈ ਨਹੀਂ ਰਿਹਾ। ਬਾਕੀ ਸਭ ਜੈਪੁਰੀਏ, ਜੋਧਪੁਰੀਏ ਰਾਜੇ ਮੁਗਲਾਂ ਸਾਮ੍ਹਣੇ ਸਭ ਹਾਰ ਗਏ ਹਨ। ਬਾਬਾ ਜੀ ਨੇ ਇਸ ਨੂੰ ਹੌਂਸਲਾ ਦੇ ਕੇ ਤਕੜਾ ਕੀਤਾ, ਪਿੱਠ ਤੇ ਥਾਪੀ ਦਿੱਤੀ। ਇਸ ਨੇ ਫੈਸਲਾਕੁੰਨ ਯੁੱਧ ਹਲਦੀਘਾਟ ਦੇ ਮੈਦਾਨ ਵਿਚ ਲੜਿਆ। ਇਸ ਨਾਲ ਤੇਰਾਂ ਹਜ਼ਾਰ ਬੰਦਾ ਸੀ ਦੂਜੇ ਪਾਸੇ ਮੁਗਲਾਂ ਪਾਸ ਲੱਖਾਂ ਦੀ ਗਿਣਤੀ ਵਿਚ ਫੌਜ ਸੀ। ਅਖੀਰ ਰਾਣਾ ਪ੍ਰਤਾਪ ਦੀ ਫੌਜ ਦੇ ਯੋਧੇ ਇਕ ਇਕ ਕਰਕੇ ਸਾਰੇ ਹੀ ਮਾਰੇ ਗਏ। ਉਸ ਵੇਲੇ ਰਾਣਾ ਪ੍ਰਤਾਪ ਦਾ ਘੋੜਾ ਜ਼ਖਮੀ ਹੋ ਗਿਆ, ਜਿਸ ਦਾ ਨਾਮ ਚੇਤਕ ਸੀ। ਉਹ ਘੋੜੇ ਨੂੰ ਲੈ ਕੇ ਸੁਰਖਸ਼ਤ ਥਾਂ ਤੇ ਪੁੱਜਣ ਲਈ ਦੌੜਿਆ ਜਾਂਦਾ ਹੈ, ਦੋ ਮੁਗਲ ਜਰਨੈਲ ਇਸ ਦੇ ਪਿਛੇ ਹੋ ਗਏ। ਉਸ ਵੇਲੇ ਇਸ ਦਾ ਭਰਾ, ਜਿਸਦਾ ਨਾਮ ਸਕਤ ਸਿੰਘ ਸੀ, ਉਸ ਨੇ ਦੇਖਿਆ ਕਿ ਮੇਰੇ ਭਰਾ ਦੇ ਪਿਛੇ ਦੋ ਮੁਗਲ ਪਿਛਾ ਕਰਦੇ ਜਾ ਰਹੇ ਹਨ, ਭਾਵੇਂ ਇਸਦਾ ਭਰਾ ਸਕਤ ਸਿੰਘ ਉਸ ਸਮੇਂ ਅਕਬਰ ਦੀ ਫੌਜ ਵਿਚ ਜਰਨੈਲ ਸੀ ਅਤੇ ਆਪਣੇ ਭਰਾ ਰਾਣੇ ਪ੍ਰਤਾਪ ਨਾਲ ਬਹੁਤ ਵੱਡਾ ਵੈਰ ਰਖਦਾ ਸੀ। ਪਰ ਉਸ ਵੇਲੇ ਉਸਦੇ ਮਨ ਵਿਚ ਖਿਆਲ ਆ ਗਿਆ ਕਿ ਮੇਰਾ ਭਰਾ ਇਕੱਲਾ ਹੈ। ਰਾਣਾ ਸਕਤ ਸਿੰਘ ਨੇ ਇਨ੍ਹਾਂ ਮੁਗਲ ਅਫਸਰਾਂ ਪਿਛੇ ਆਪਣਾ ਘੋੜਾ ਦੌੜਾਇਆ ਤੇ ਦੋਹਾਂ ਮੁਗਲ ਸਿਪਾਹੀਆਂ ਦੇ ਸਿਰ ਕਲਮ ਕਰ ਦਿੱਤੇ। ਇੰਨੇ ਨੂੰ ਜਦੋਂ ਰਾਣਾ ਪ੍ਰਤਾਪ ਨੇ ਘੋੜੇ ਨੂੰ ਇੱਕ ਨਾਲੇ ਉਪਰੋਂ ਦੂਜੇ ਕੰਢੇ ਪਹੁੰਚਣ ਲਈ ਟਪਾਇਆ ਤਾਂ ਘੋੜਾ ਟਪਦੇ ਸਾਰ ਹੀ ਗਿਰ ਕੇ ਮਰ

ਗਿਆ ਅਤੇ ਆਪ ਵੀ ਬਹੁਤ ਜ਼ਖਮੀ ਹੋ ਗਿਆ। ਉਸ ਵੇਲੇ ਉਸ ਦੇ ਭਰਾ ਸਕਤ ਸਿੰਘ ਨੇ ਜਾ ਕੇ ਆਪਣਾ ਘੋੜਾ ਦੇ ਦਿੱਤਾ। ਉਸ ਸਮੇਂ ਦੀ ਕੀਤੀ ਹੋਈ ਮੱਦਦ ਨੂੰ ਓਹੀ ਜਾਣ ਸਕਦਾ ਹੈ ਜਿਸਦਾ ਘੋੜਾ ਵੀ ਜ਼ਖਮੀ ਸੀ, ਆਪ ਵੀ ਜ਼ਖਮੀ ਹੈ ਤੇ ਪਿੱਛੇ ਦੋ ਦੁਸ਼ਮਨ ਮੁਗਲ ਲੱਗੇ ਹੋਏ ਸਨ। ਸੋ ਇਸੇ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ –

***ਜੈਸੇ ਰਣ ਮਹਿ ਸਖਾ ਭ੍ਰਾਤ॥***
***ਜੈਸੇ ਭੂਖੇ ਭੋਜਨ ਮਾਤ॥ ਪੰਨਾ – 987***

ਭੁੱਖਾ ਹੈ, ਪ੍ਰਾਣ ਨਿਕਲ ਰਹੇ ਹਨ, ਕੋਈ ਚਾਰ ਦਿਨ ਦੀਆਂ ਸੁੱਕੀਆਂ ਰੋਟੀਆਂ ਉਸ ਨੂੰ ਮਿਲ ਜਾਣ, ਓਹ ਵੀ ਅੰਮ੍ਰਿਤ ਲਗਦੀਆਂ ਹਨ।

***ਜੈਸੇ ਕਿਰਖਹਿ ਬਰਸ ਮੇਘ॥ ਪੰਨਾ – 987***

ਖੇਤੀ ਸੁੱਕ ਗਈ, ਪੱਤੇ ਝੜਨ ਲੱਗ ਪਏ, ਮੁਰਝਾ ਗਏ, ਡੰਡੀਆਂ ਥੱਲੇ ਨੂੰ ਹੋ ਗਈਆਂ ਤੇ ਉਸ ਵੇਲੇ ਬਦਲ ਆ ਜਾਵੇ, ਮੀਂਹ ਪੈ ਜਾਵੇ –

***ਜੈਸੇ ਪਾਲਨ ਸਰਨਿ ਸੇਘ॥***
***ਗਰੁੜ ਮੁਖਿ ਨਹੀ ਸਰਪ ਤ੍ਰਾਸ॥***
***ਸੂਆ ਪਿੰਜਰਿ ਨਹੀ ਖਾਇ ਬਿਲਾਸੁ॥ ਪੰਨਾ – 987***

ਜਿਵੇਂ ਜਿਸ ਦੇ ਮੂੰਹ ਵਿਚ ਗਾਰੜੂ ਮੰਤਰ ਹੈ ਉਸ ਨੂੰ ਸ਼ੇਰ (ਬਹਾਦਰ) ਦੀ ਸ਼ਰਨ ਲਿਆਂ ਗਿੱਦੜਾਂ, ਬਘਿਆੜਾਂ ਦਾ ਡਰ ਨਹੀਂ ਰਹਿੰਦਾ। ਇਵੇਂ ਜਿਵੇਂ ਤੋਤਾ ਪਿੰਜਰੇ ਵਿਚ ਹੋਵੇ ਉਸ ਤੋਤੇ ਨੂੰ ਬਿੱਲੇ ਦਾ ਡਰ ਨਹੀਂ ਹੁੰਦਾ।

***ਜੈਸੋ ਆਂਡੋ ਹਿਰਦੇ ਮਾਹਿ॥***
***ਜੈਸੋ ਦਾਨੋ ਚਕੀ ਦਰਾਹਿ॥ ਪੰਨਾ – 987***

ਜਿਸ ਤਰ੍ਹਾਂ ਕੂੰਜ ਆਪਣੇ ਅੰਡਿਆਂ ਨੂੰ ਹਿਰਦੇ ਵਿਚ ਸਿਮਰਦੀ ਰਹਿੰਦੀ ਹੈ, ਉਸ ਦੀ ਗੈਰ ਹਾਜ਼ਰੀ ਵਿਚ ਕੋਈ ਨੁਕਸਾਨ ਨਹੀਂ ਹੁੰਦਾ। ਜਿਸ ਤਰ੍ਹਾਂ ਦਾਨਾ ਜਿਹੜਾ ਚੱਕੀ ਦੀ ਕਿੱਲੀ ਨਾਲ ਲੱਗ ਜਾਂਦਾ ਹੈ, ਉਹ ਪਿਸ ਜਾਣ ਤੋਂ ਬਚ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ–

***ਐਸੋ ਸਹਾਈ ਹਰਿ ਕੋ ਨਾਮ॥ ਪੰਨਾ – 986***

ਜਿਥੇ ਕੋਈ ਸਹਾਇਤਾ ਨਹੀਂ ਕਰਦਾ, ਓਥੇ ਕੇਵਲ ਵਾਹਿਗੁਰੂ ਜੀ ਹੀ ਸਹਾਇਤਾ ਕਰਦੇ ਹਨ, ਹਰੀ ਦਾ ਨਾਮ ਸਹਾਇਤਾ ਕਰਦਾ ਹੈ। ਮਹਾਰਾਜ ਕਹਿੰਦੇ –

***ਬਹੁਤੁ ਓਪਮਾ ਥੋਰ ਕਹੀ॥ ਪੰਨਾ – 987***

ਐਨੀ ਵੱਡੀ ਗੱਲ ਛੋਟੀ ਕਰਕੇ ਕਹੀ ਹੈ। ਜਿਵੇਂ ਐਡੇ ਵੱਡੇ ਬੋਹਲ ਵਿਚੋਂ ਚਾਰ ਦਾਣੇ ਫੜ ਕੇ ਦੇਖੀਏ। ਇਸੇ ਤਰ੍ਹਾਂ ਵਾਹਿਗੁਰੂ ਦੀ ਅਪਾਰਤਾ ਬਾਰੇ ਥੋੜ੍ਹਾ ਹੀ ਕਹਿਆ ਹੈ।

***ਹਰਿ ਅਗਮ ਅਗਮ ਅਗਾਧਿ ਤੁਹੀ॥***
***ਊਚ ਮੂਚੌ ਬਹੁ ਅਪਾਰ॥***
***ਸਿਮਰਤ ਨਾਨਕ ਤਰੇ ਸਾਰ॥ ਪੰਨਾ – 987***

ਵਾਹਿਗੁਰੂ ਜੀ ਅਪਰ ਅਪਾਰ ਹਨ ਜਿਸ ਦਾ ਥਾਹ ਨਹੀਂ ਪਾਇਆ ਜਾ ਸਕਦਾ ਉਸ ਨੂੰ ਯਾਦ ਵਿਚ ਵਸਾ ਕੇ ਜੀਵ ਇਸ ਤਰ੍ਹਾਂ ਭਵਜਲ ਤਰ ਜਾਂਦਾ ਹੈ ਜਿਵੇਂ ਲੋਹਾ ਕਾਠ ਦਾ ਸੰਗ ਕਰਕੇ ਡੁੱਬਦਾ ਨਹੀਂ ਹੈ। ਜੀਵ ਭਾਰੇ ਪਾਪ ਕਰਕੇ ਭੀ ਹਰੀ ਨਾਮ ਸਿਮਰਨ ਕਰਕੇ ਭਵਜਲ ਤਰ ਜਾਂਦਾ ਹੈ।

ਜਿਥੇ ਕੋਈ ਵੀ ਸਹਾਇਤਾ ਨਾ ਕਰ ਸਕੇ, ਉਥੇ ਪ੍ਰਮੇਸ਼ਰ ਦਾ ਨਾਮ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਇਆ ਹੈ –

***ਧਾਰਨਾ – ਪਿਆਰੇ ਜੀ ਜਿਥੇ ਨਾ ਕੋਈ ਮਾਤ ਪਿਤਾ,***
***ਉਥੇ ਨਾਮ ਨੇ ਸਹਾਇਤਾ ਕਰਨੀ –2, 2.***
***ਨਾਮ ਨੇ ਸਹਾਇਤਾ ਕਰਨੀ, –2, 2.***
***ਪਿਆਰੇ ਜੀ! ਜਿਥੇ ਨਾ ਕੋਈ ਮਾਤ ਪਿਤਾ –2.***

***ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ ਪੰਨਾ – 264***

ਜਿਥੇ ਨਾ ਮਾਂ ਪਿਓ, ਨਾ ਪੁੱਤਰ, ਨਾ ਕੋਈ ਭਰਾ, ਕੋਈ ਵੀ ਸਹਾਇਤਾ ਨਹੀਂ ਕਰ ਸਕਦਾ, ਉਥੇ ਕੇਵਲ ਨਾਮ ਨੇ ਸਹਾਇਤਾ ਕਰਨੀ ਹੈ।

***ਜਹ ਮਹਾ ਭਇਆਨ ਦੂਤ ਜਮ ਦਲੈ॥ ਪੰਨਾ – 264***

ਜਿਥੇ ਮਹਾਂ ਭਿਆਨਕ ਤੋਂ ਭਿਆਨਕ ਜਮਦੂਤ ਹੋਣ, ਓਥੇ ਵੀ ਨਾਮ ਹੀ ਸਹਾਇਤਾ ਕਰਦਾ ਹੈ। ਪੁਲਿਸ ਦੇ ਦਿਲ ਦੇ ਅੰਦਰ ਫੇਰ ਵੀ ਕੁਝ ਦਰਦ ਹੋਇਆ ਕਰਦੈ ਪਰ ਜਮਦੂਤ ਤਾਂ ਪੱਥਰ ਦਿਲ, ਸੰਗ ਦਿਲ ਹੋਇਆ ਕਰਦੇ ਨੇ, ਕੁੱਟਦੇ ਮਾਰਦੇ ਹੀ ਲਈ ਜਾਂਦੇ ਹਨ। ਰੂਹ ਕਿੰਨਾ ਹੀ ਤੜਫਦੀ ਹੋਵੇ, ਕਿੰਨੀਆਂ ਹੀ ਪੁਕਾਰਾਂ ਕਰੀ ਜਾਵੇ, ਲੇਕਿਨ ਉਹ ਮਾਰਨ ਤੋਂ ਨਹੀਂ ਹਟਦੇ। ਬਹੁਤ ਸਾਰੇ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਗੱਲਾਂ ਕਿਸ ਤਰ੍ਹਾਂ ਹਨ? ਕਿਉਂਕਿ ਅਸੀਂ ਬਹੁਤ ਸਾਰੇ ਪ੍ਰੇਮੀਆਂ ਪਾਸੋਂ ਸੁਣਿਆ ਹੈ ਕਿ ਬਾਣੀ ਤਿੰਨ ਤਰ੍ਹਾਂ ਦੀ ਹੈ। ਇਕ ਭਿਆਨਕ ਹੈ, ਇੱਕ ਰੌਚਕ ਹੈ, ਇਕ ਯਥਾਰਥ ਹੈ। ਯਥਾਰਥ ਉਸ ਨੂੰ ਕਹਿੰਦੇ ਹਨ, ਜੋ ਬਿਲਕੁਲ ਸਹੀ ਹੋਵੇ, ਰੌਚਕ ਰੁਚੀ ਲਿਆਉਣ ਵਾਲੀ, ਭਿਆਨਕ ਡਰਾਉਣ ਵਾਲੀ। ਕਈ ਮੇਰੇ ਕੋਲ ਆਉਂਦੇ ਹਨ, ਮੈਂ ਕਿਹਾ ਤੁਸੀ ਭਿਆਨਕ ਕਿਸ ਤਰ੍ਹਾਂ ਸਮਝਦੇ ਹੋ? ਕਹਿਣ ਲੱਗੇ ਜਿਸ ਤਰ੍ਹਾਂ ਅਸੀਂ ਬੱਚੇ ਨੂੰ ਕਹਿ ਦਿੰਦੇ ਹਾਂ ਅੰਦਰ ਨਾ ਜਾਈਂ, ਅੰਦਰ ਫਲਾਨੀ ਚੀਜ਼ ਬੈਠੀ ਹੈ। ਬੱਚੇ ਨੂੰ ਕੇਵਲ ਡਰਾਇਆ ਜਾਂਦਾ ਹੈ ਅਸਲ ਵਿਚ ਅੰਦਰ ਹਨ੍ਹੇਰੇ ਵਿਚ ਨਾ ਹੀ ਕੋਈ ਭੂਤ ਹੁੰਦਾ ਹੈ, ਨਾ ਹੀ ਕੋਈ ਮਾਊਂ ਹੁੰਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਜਮਾਂ ਦਾ ਡਰ ਦੇ ਕੇ ਡਰਾਉਂਦੇ ਹੋਣੇ ਹਨ। ਮੈਂ ਦਸਿਆ ਕਿ ਗੁਰੂ ਮਹਾਰਾਜ ਨੇ ਜੋ ਵੀ ਕਿਹਾ ਹੈ ਅਵਸਥਾ ਭੇਦ ਨਾਲ ਕਿਹਾ ਹੈ। ਪਾਪੀ ਵਾਸਤੇ ਜੋ ਬਾਣੀ ਹੈ, ਭਿਆਨਕ ਹੈ, ਜਿਵੇਂ ਜੇਲ੍ਹ ਦੇ ਵਿਚ ਕਤਲ ਕਰਨ ਵਾਲਿਆਂ ਵਾਸਤੇ ਹੋਰ ਤਰ੍ਹਾਂ ਦਾ ਵਰਤਾਰਾ ਹੋਇਆ ਕਰਦਾ ਹੈ। ਜਿਹੜੇ ਬਾਹਰ ਨੇ 20 ਸਾਲੇ ਕੈਦੀ, ਉਹਨਾਂ ਵਾਸਤੇ ਕੁਝ ਹੋਰ ਤਰ੍ਹਾਂ ਦੀ ਖੁਲ੍ਹ ਹੋਇਆ ਕਰਦੀ ਹੈ। ਇਸ ਤਰ੍ਹਾਂ ਜਿਹੜੇ ਕਰਮਚਾਰੀ ਕੰਮ ਕਰਦੇ ਹਨ। ਜਦੋਂ ਆਉਣਾ ਹੋਵੇ ਜੇਲ੍ਹ ਦਾ ਦਰਵਾਜਾ ਖੁਲਵਾ ਲੈਂਦੇ ਹਨ। ਜਦੋਂ ਦਿਲ ਕਰੇ ਅੰਦਰ ਆ ਜਾਂਦੇ ਹਨ, ਜਦੋਂ ਦਿਲ ਕਰੇ ਬਾਹਰ ਨਿਕਲ ਜਾਂਦੇ ਹਨ। ਜਦੋਂ ਡਾਕਟਰ ਆਉਂਦਾ ਹੈ, ਪੁਲਿਸ ਵਾਲੇ ਆ ਕੇ ਉਸ ਨੂੰ ਸਲੂਟ ਕਰਦੇ ਹਨ। ਜੇਲ੍ਹਰ ਆਉਂਦਾ ਹੈ ਉਸ ਨੂੰ ਸਲੂਟ ਕਰਦੇ ਹਨ। ਕਿਸੇ ਵੱਡੇ ਅਫਸਰ ਨੇ ਆਉਣਾ ਹੋਵੇ ਉਸ ਦਿਨ ਦਰਵਾਜੇ ਖੁਲ੍ਹੇ ਰਖੇ ਜਾਂਦੇ ਹਨ।

ਸੋ ਬਾਣੀ ਦੇ ਅੰਦਰ ਅਵਸਥਾ ਦਾ ਭੇਦ ਹੈ। ਪਾਪੀਆਂ

ਵਾਸਤੇ ਹੋਰ ਬਾਣੀ ਹੈ, ਪੁੰਨੀਆਂ ਵਾਸਤੇ, ਭਗਤਾਂ ਵਾਸਤੇ, ਬ੍ਰਹਮਗਿਆਨੀਆਂ ਵਾਸਤੇ ਇਹ ਯਥਾਰਥ ਬਾਣੀ ਹੈ, ਸੋ ਐਸੀ ਬਾਤ ਨਹੀਂ ਹੋਇਆ ਕਰਦੀ, ਜਿੰਨੀਆਂ ਵੀ ਗੱਲਾਂ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀਆਂ ਹਨ, ਓਹੋ ਅਵਸਥਾ ਭੇਦ ਨਾਲ ਸਭ ਸੱਚ ਹੈ ਕੋਈ ਕਲਪਣਾ ਨਹੀਂ ਹੈ –

***ਜਹ ਮਹਾ ਭਇਆਨ ਦੂਤ ਜਮ ਦਲੈ॥ ਪੰਨਾ – 264***

ਇਹ ਕੋਈ ਕਲਪਨਾ ਨਹੀਂ ਹੈ, ਇਹ ਕੋਈ ਡਰਾਉਣ ਵਾਲੀ ਗੱਲ ਨਹੀਂ ਹੈ, ਸਚਮੁਚ ਹੀ ਜਮਦੂਤ ਹੁੰਦੇ ਹਨ।

ਇਕ ਵਾਰੀ ਇਕ ਪ੍ਰੇਤ ਨਾਲ ਮੇਰੀ ਵਾਕਫੀ ਹੋਈ। ਅਸੀਂ ਇਸ ਤਰ੍ਹਾਂ ਤਾਂ ਮੰਨਦੇ ਨਹੀਂ ਕਿ ਕੋਈ ਮਰ ਕੇ ਜਿਊਂਦਾ ਹੋ ਜਾਵੇ। ਨਾ ਕੋਈ ਪੂਰਾ ਵੇਰਵਾ ਦੇ ਸਕਦਾ ਹੈ, ਕਿਉਂਕਿ ਉਥੇ ਕੁਦਰਤ ਦਾ ਐਸਾ ਅਸੂਲ ਹੈ, ਜਿਸ ਤਰ੍ਹਾਂ ਇਥੇ ਇਹ ਟੇਪ ਲੱਗੀ ਹੋਈ ਹੈ, ਬਚਨ ਰਿਕਾਰਡ ਹੋ ਰਹੇ ਹਨ ਜੇਕਰ ਇਸ ਦਾ ਲਾਲ ਬਟਨ ਦੱਬ ਦਿਓ, ਸਾਰਾ ਮੈਟਰ wash ਹੋ ਜਾਵੇਗਾ, ਇਸੇ ਤਰ੍ਹਾਂ ਜਦੋਂ ਅਸੀਂ ਇਕ ਮੰਡਲ ਤੋਂ ਦੂਸਰੇ ਮੰਡਲ ਵਿਚ ਦਾਖਲ ਹੁੰਦੇ, ਉਸ ਵੇਲੇ ਸਾਰੀ ਯਾਦਦਾਸ਼ਤ ਖਤਮ ਹੋ ਜਾਂਦੀ ਹੈ।

***ਮੂਈ ਸੁਰਤਿ ਬਾਦੁ ਅਹੰਕਾਰੁ॥ ਪੰਨਾ – 152***

ਸੁਰਤ ਮਰ ਜਾਂਦੀ ਹੈ, ਕੋਈ ਗੱਲ ਯਾਦ ਨਹੀਂ ਰਹਿੰਦੀ। ਹਾਂ ਕੋਈ ਬਹੁਤ ਡੂੰਘੀ ਘਟਨਾ ਹੋਵੇ। ਜਿਸ ਤਰ੍ਹਾਂ ਕੋਈ ਡੂੰਘਾ ਸੁਪਨਾ ਹੋਵੇ। ਇਸ ਤਰ੍ਹਾਂ ਭਾਵੇਂ ਦੂਜੇ ਜਨਮ ਵਿਚ ਯਾਦ ਰਹਿ ਜਾਂਦੀ ਹੋਵੇ। ਸੋ ਉਹ ਰੂਹ ਦੂਸਰੇ ਜਨਮ ਵਿਚ ਮਾਨਸ ਸਰੀਰ ਹਾਸਲ ਕਰਕੇ ਕੋਈ ਸਹੀ ਵੇਰਵਾ ਨਹੀਂ ਦੇ ਸਕਿਆ ਕਰਦੀ। ਪਰ ਜੋ ਪ੍ਰੇਤ ਆਤਮਾ ਹੁੰਦੀ ਹੈ ਉਸ ਨੂੰ ਤਕਰੀਬਨ ਕਾਫੀ ਗੱਲਾਂ ਪਤਾ ਹੋਇਆ ਕਰਦੀਆਂ ਹਨ ਕਿ ਮੇਰੇ ਨਾਲ ਕਿਵੇਂ ਭਾਣਾ ਵਰਤਿਆ।

ਉਹ ਪ੍ਰੇਤ ਆਤਮਾ ਮੁਸਲਮਾਨ ਸੀ। ਉਹ ਇਕ ਪੀਰ ਸੀ। ਜਿਸ ਦਾ ਨਾਮ ਸੁਲੇਮਾਨ ਸੀ। ਮੈਂ ਕਈ ਵਾਰੀ ਦੀਵਾਨਾਂ ਵਿਚ ਦਸਿਆ ਹੈ। ਉਸ ਨੂੰ ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਚਰਨਾਂ ਵਿਚ ਲਿਆਂਦਾ ਗਿਆ, ਕਿਉਂਕਿ ਉਹ ਇਕ ਸਰਦਾਰ ਲੜਕੇ ਨੂੰ ਬਹੁਤ ਤੰਗ ਕਰ ਰਿਹਾ ਸੀ। ਉਸ ਪ੍ਰੇਤ ਆਤਮਾ ਨੂੰ ਮੈਂ ਸੰਤ ਮਹਾਰਾਜ ਜੀ ਤੋਂ ਬੜੀ ਮੁਸ਼ਕਲ ਨਾਲ ਸਮਾਂ ਲੈ ਕੇ ਮਿਲਾਇਆ। ਸੰਤ ਮਹਾਰਾਜ ਜੀ ਪਾਸ ਉਸ ਪ੍ਰੇਤ ਆਤਮਾ ਨੇ ਆਪਣੇ ਨਜਾਤ (ਮੁਕਤੀ) ਦੀ ਪ੍ਰਾਥਨਾ ਕੀਤੀ। ਸੰਤ ਮਹਾਰਾਜ ਜੀ ਨੇ ਕ੍ਰਿਪਾ ਕਰਕੇ ਉਸਨੂੰ ਸਰਦਾਰ ਗੁਰਦੇਵ ਸਿੰਘ ਜੀ ਦੇ ਪੁੱਤਰ ਬਣਾ ਕੇ ਕ੍ਰਿਪਾ ਕੀਤੀ। ਉਹ ਪ੍ਰੇਤ ਮੈਨੂੰ ਕਹਿਣ ਲੱਗਿਆ ਕਿ ਪੁਛੋ ਮੇਰੇ ਕੋਲੋਂ ਕੀ ਪੁਛਦੇ ਹੋ? ਮੈਂ ਉਹਦੇ ਕੋਲੋਂ ਬਹੁਤ ਗੱਲਾਂ ਪੁਛੀਆਂ ਕਿ ਤੁਸੀਂ ਕਿਸ ਤਰ੍ਹਾਂ ਰਹਿੰਦੇ ਹੋ? ਰਿਹਾਇਸ਼ ਕਿਸ ਤਰ੍ਹਾਂ ਦੀ ਹੈ? ਸਾਡਾ ਤੇ ਤੁਹਾਡਾ ਕੀ ਸੰਬੰਧ ਹੈ? ਤੁਹਾਡੀ ਕੀ ਖੁਰਾਕ ਹੈ? ਤੁਸੀਂ ਬੰਦਿਆਂ ਨੂੰ ਕਿਸ ਤਰ੍ਹਾਂ ਫੜਦੇ ਹੋ? ਉਸਨੇ ਮੈਨੂੰ ਸਾਰੀਆਂ ਗੱਲਾਂ ਦਾ ਜਵਾਬ ਦਿੱਤਾ। ਮੈਂ ਅਖੀਰ ਪੁਛਿਆ, ਸੁਲੇਮਾਨ! ਇਹ ਦੱਸ ਕਿ ਜਦੋਂ ਤੂੰ ਮਰਿਆ ਸੀ ਤਾਂ ਤੇਰੇ ਨਾਲ ਕਿਵੇਂ ਹੋਈ ਸੀ? ਰੋਣ ਲੱਗ ਪਿਆ। ਜਿਸ ਸਰੀਰ ਵਿਚ ਇਸ ਦਾ ਪ੍ਰਵੇਸ਼ ਸੀ ਉਸ ਵਿਚ ਹੀ ਰੋਣ ਲੱਗ ਪਿਆ। ਮੈਂ ਪੁਛਿਆ ਰੋਂਦਾ ਕਿਉਂ ਹੈ? ਕਹਿਣ ਲੱਗਾ ਇਹ ਗੱਲ ਮੇਰੇ ਯਾਦ ਨਾ ਕਰਾਓ। ਇਸ ਗੱਲ ਨੂੰ ਪੂਰਾ ਇਕ ਹਜ਼ਾਰ ਸਾਲ ਹੋ ਗਿਆ। ਹਜ਼ਾਰ ਸਾਲ ਪਹਿਲਾਂ ਮੈਂ 'ਮੁਗਲ ਖੇੜੀ' ਸਹਾਰਨਪੁਰ ਜ਼ਿਲ੍ਹਾ, ਤਹਿਸੀਲ ਹਸਨਪੁਰ ਵਿਚ ਮੇਰਾ 'ਮਜਾਰ' ਬਣਿਆ ਹੋਇਆ ਹੈ। ਉਥੇ ਪਹਿਲਾਂ ਮੈਂ ਪੀਰ ਬਣ ਕੇ ਰਹਿੰਦਾ ਸੀ। ਪਰ ਮੈਨੂੰ ਪਤਾ ਨਾ ਲਗਿਆ ਕਿ ਸੰਸਾਰ ਦੇ ਅੰਦਰ ਅੰਮ੍ਰਿਤ ਕੀ ਹੈ ਤੇ ਵਿਹੁ ਕੀ ਹੈ? ਮੈਂ ਤਾਂ ਕੇਵਲ ਵਿਹੁ ਹੀ ਇਕੱਠੀ ਕਰਦਾ ਰਿਹਾ। ਮੈਂ ਰਿਧੀਆਂ ਸਿਧੀਆਂ ਵਿੱਚ ਪੈ ਗਿਆ ਤੇ 36 ਸਾਲ ਤਪੱਸਿਆ ਕੀਤੀ। ਮੇਰੇ ਵਿਚ ਐਨੀ ਸ਼ਕਤੀ ਆ ਗਈ ਕਿ ਜਦੋਂ ਦਿਲ ਕਰੇ ਉਡ ਜਾਵਾਂ, ਗਾਇਬ ਹੋ ਜਾਵਾਂ, ਜਿਸ ਚੀਜ਼ ਤੇ ਦਿਲ ਕਰੇ ਉਹ ਲੈ ਲਵਾਂ, ਜਿਸ ਦੇ ਵੱਲ ਧਿਆਨ ਦੇਣਾ, ਉਸ ਨੂੰ ਖਿਚ ਕੇ ਕੋਲ ਲੈ ਆਉਂਦਾ ਸੀ। ਮੇਰੇ ਕੋਲ ਐਸੇ ਮੰਤ੍ਰ ਸਨ।

ਮੈਨੂੰ ਵੀ ਕਹਿੰਦਾ ਸੀ, ਤੁਸੀਂ ਸਿਖ ਲਓ। ਮੈਂ ਕਿਹਾ, ਫੇਰ ਤੇਰੇ ਨਾਲ ਮੈਂ ਆ ਰਲੂੰ, ਫੇਰ ਕੀ ਫਾਇਦਾ ਹੋਏਗਾ। ਕੀ ਫਾਇਦਾ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ - 593***

ਮੈਂ ਕਿਹਾ ਇਸ ਤਰ੍ਹਾਂ ਦੱਸ ਕਿ ਮਰਨ ਪਿਛੋਂ ਤੇਰੇ ਨਾਲ ਕਿਵੇਂ ਵਰਤਾ ਹੋਇਆ? ਪੁਛਣ ਦੀ ਦੇਰ ਸੀ ਫੇਰ ਰੋਣ ਲੱਗ ਪਿਆ। ਕਾਫੀ ਦੇਰ ਰੋਈ ਗਿਆ, ਕਹਿੰਦਾ ਮੈਂ ਕੀ ਦਸਾਂ? ਤੁਸੀਂ ਬਾਣੀ ਪੜ੍ਹਦੇ ਹੋ ਨਾ, ਮੈਂ ਵੀ ਹੁਣ ਆ ਕੇ ਸੁਣੀ ਹੈ। ਕਹਿੰਦਾ ਇਸੇ ਤਰ੍ਹਾਂ ਹੋਇਆ ਜਿਵੇਂ ਗੁਰੂ ਮਹਾਰਾਜ ਨੇ ਲਿਖਿਆ ਹੈ। ਕਹਿੰਦਾ ਜਮਦੂਤਾਂ ਨੇ ਮੈਨੂੰ ਬਹੁਤ ਮਾਰਿਆ ਬਹੁਤ ਕੁਟਿਆ, ਐਨਾ ਮਾਰਿਆ ਕਿ ਮੈਂ ਦੱਸ ਨਹੀਂ ਸਕਦਾ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸਰੀਰ ਤਾਂ ਏਥੇ ਰਹਿ ਗਿਆ, ਫੇਰ ਮਾਰਿਆ ਕਿਸ ਨੂੰ? ਇਹ ਢੁਚਰ ਹੁੰਦੀ ਹੈ ਜਾਂ ਤਾਂ ਸ਼ਰਧਾ ਨਾਲ ਸੱਚ ਮੰਨਿਆ ਜਾਵੇ ਜੇ ਵਿਵੇਕ ਬਿਰਤੀ ਨਾਲ ਗੱਲ ਮੰਨਣੀ ਹੈ ਤਾਂ ਜੋ ਗੁਰੂ ਦੀ ਬਾਣੀ ਹੈ, ਉਸ ਨੂੰ ਸੱਚ ਮੰਨੀ ਜਾਵੇ। ਉਹਦੇ ਨਾਲ ਮੁਕਾਬਲਾ ਕਰਕੇ ਦੇਖ ਲਓ ਕਿ ਗੱਲ ਠੀਕ ਹੈ ਕਿ ਨਹੀਂ। ਜੇ ਨਹੀਂ ਠੀਕ ਤਾਂ ਨਾ ਮੰਨੇ, ਜੇ ਠੀਕ ਹੈ ਤਾਂ ਮੰਨ ਲਵੇ। ਸੂਖਸ਼ਮ ਸਰੀਰ ਮਰਿਆ ਨਹੀਂ ਕਰਦਾ, ਦੁਖ ਸੁਖ ਮਹਿਸੂਸ ਕਰਦਾ ਹੈ।

ਸੋ ਸੁਲੇਮਾਨ ਕਹਿਣ ਲੱਗਾ ਕਿ ਮੈਨੂੰ ਬਹੁਤ ਮਾਰਿਆ, ਜਿਸ ਤਰ੍ਹਾਂ ਬਾਣੀ ਵਿਚ ਆਉਂਦਾ ਹੈ ਕਿ ਉਥੇ ਬਹੁਤ ਮਾਰ ਪੈਂਦੀ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***
***ਪੰਨਾ - 1281***

ਕਹਿਣ ਲੱਗਾ ਕਿ ਉਥੇ ਪੁਕਾਰ ਸੁਣਨ ਵਾਲਾ ਤਾਂ ਕੋਈ ਨਹੀਂ ਹੈ। ਬੱਸ ਕੁਟ ਪਈ ਜਾਂਦੀ ਸੀ। ਇਕ ਰਸਤਾ ਐਸਾ ਆਇਆ ਜਿਥੇ ਅੰਧਕਾਰ ਹੀ ਅੰਧਕਾਰ ਸੀ। ਇਕ ਰਸਤਾ ਐਸਾ ਆਇਆ ਜਿਥੇ ਅੱਗ ਹੀ ਅੱਗ ਸੀ। ਇਕ ਰਸਤਾ ਐਸਾ ਆਇਆ ਜਿਥੇ ਪੱਤੇ ਤਲਵਾਰਾਂ ਵਰਗੇ ਸਨ ਜੋ ਸਰੀਰ ਵਿਚ ਵੱਜੀ ਜਾਂਦੇ ਸਨ। ਇਹ ਜੋ ਪੰਜ ਤੱਤ ਦਾ ਸਰੀਰ ਹੈ, ਇਹ ਦੁਖ ਸੁਖ ਨਹੀਂ ਮੰਨਦਾ। ਦੁਖ ਸੁਖ ਮੰਨਣ ਵਾਲਾ ਸੂਖਸ਼ਮ ਸਰੀਰ ਹੋਇਆ ਕਰਦਾ ਹੈ। ਜਦੋਂ ਆਦਮੀ ਮਰਦਾ ਹੈ ਤਾਂ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ ਆਪਣੀ ਸ਼ਕਤੀ ਕੱਢ ਲੈਂਦੇ ਹਨ। ਮਨ, ਚਿਤ, ਬੁਧ ਤੇ ਅਹੰਭਾਵ, ਅੰਤਸ਼ਕਰਣ ਇਹ ਸਾਰੀਆਂ ਚੀਜ਼ਾਂ ਆਪਣੇ ਕਰਮਾਂ ਦਾ ਬੋਝ ਲੱਦ ਕੇ ਜੀਵ ਬਾਹਰ ਹੋ ਜਾਂਦਾ ਹੈ। ਜਿਸ ਦੇ ਕਰਮ ਮਾੜੇ ਹੁੰਦੇ ਹਨ, ਉਹ ਤਾਂ ਗੱਠੜੀਆਂ ਇਸ ਤਰ੍ਹਾਂ ਚੁਕੀ ਜਾਂਦਾ ਹੈ ਜਿਵੇਂ ਪਹਾੜ ਤੇ ਚੜ੍ਹਨਾ ਹੋਵੇ ਤੇ ਸਿਰ ਤੇ ਇਕ ਕੁਇੰਟਲ ਬੋਝ ਚੁਕੀ ਜਾ ਰਿਹਾ ਹੋਵੇ, ਕਿਉਂਕਿ ਔਗੁਣਾਂ ਦੇ ਭਾਰ ਚੁੱਕੀ ਜਾਂਦਾ ਹੈ -

***ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥***
***ਪੰਨਾ - 23***

ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ -

***ਧਾਰਨਾ - ਪਿਆਰੇ ਗੁਣਾਂ ਦੀ ਗਵਾ ਲਈ ਗਠੜੀ,***
***ਔਗੁਣਾਂ ਦੇ ਭਾਰ ਬੰਨ ਲਏ -2, 2.***
***ਔਗੁਣਾਂ ਦੇ ਓ ਭਾਰ ਬੰਨ ਲਏ, -2, 2.***
***ਪਿਆਰੇ ਗੁਣਾਂ ਦੀ ਗਵਾ ਲਈ ਗਠੜੀ,.-2.***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***
***ਪੰਨਾ - 315***

ਇਸ ਤਰ੍ਹਾਂ ਔਗੁਣ ਬੰਨ੍ਹ ਕੇ -

***ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥***
***ਪੰਨਾ - 23***

ਇਹ ਹਾਲ ਹੋਇਆ ਕਰਦਾ ਹੈ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***
***ਪੰਨਾ - 1425***

ਕਹਿਣ ਲੱਗਾ ਮੈਂ ਕੀ ਦੱਸਾਂ ਤੁਹਾਨੂੰ, ਇਕ ਤਾਂ ਮੇਰੇ ਸਿਰ ਤੇ ਕੀਤੇ ਹੋਏ ਗੁਨਾਹਾਂ ਦਾ ਬੋਝ। ਮੈਂ ਕਿਹਾ, ਪਰ ਤੂੰ ਤਾਂ ਪੀਰ ਸੀ, ਤੈਨੂੰ ਲੋਕ ਮੱਥਾ ਟੇਕਦੇ ਸਨ। ਫੇਰ ਗੁਨਾਹ ਕਿਹੜੇ ਹੋਏ? ਸੁਲੇਮਾਨ ਕਹਿਣ ਲੱਗਾ ਕਿ ਸਭ ਤੋਂ ਵੱਡਾ ਗੁਨਾਹ ਇਹ ਸੀ ਕਿ ਮੈਂ ਨਿਗੁਰਾ ਸੀ। ਮੈਂ ਜਿੰਦਗੀ ਭਰ ਗੁਰੂ ਨਹੀਂ ਸੀ ਧਾਰਨ ਕੀਤਾ। ਮੈਂ ਪੁਛਿਆ ਕਿ ਤੁਹਾਡਾ ਮੁਸਲਮਾਨਾਂ ਦਾ ਕੀ ਹਜ਼ਰਤ ਮੁਹੰਮਦ ਸਾਹਿਬ ਗੁਰੂ ਨਹੀਂ ਹੁੰਦਾ? ਬੜਾ ਹੱਸਿਆ ਤੇ ਕਹਿਣ ਲੱਗਾ ਕਿ ਹਜ਼ਰਤ ਮੁਹੰਮਦ ਸਾਹਿਬ ਸਾਡਾ ਪੈਗੰਬਰ ਸੀ। ਪੈਗਾਮ ਦੇਣ ਵਾਲਾ ਸੀ। ਉਸਨੇ ਦਰਗਾਹ ਵਿਚੋਂ ਪੈਗਾਮ ਲਿਆਂਦਾ। ਗੁਰੂ ਉਹ ਹੁੰਦਾ ਹੈ ਜੋ ਮਨ ਦੇ ਹਨ੍ਹੇਰੇ ਨੂੰ ਕੱਟ ਕੇ ਚਾਨ੍ਹਣਾ ਕਰ ਦੇਵੇ, ਜਿਹੜਾ ਇਹ ਦਿਖਾ ਦੇਵੇ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਨਾ - 1291***

ਜਿਹੜਾ ਇਸ ਸਰੀਰ ਦੇ ਅੰਦਰ ਅਸਲੀ ਘਰ ਦਿਖਾ ਦੇਵੇ ਜਿਸ ਨੂੰ ਨਿਜ ਘਰ ਕਹਿੰਦੇ ਹਨ, ਉਹ ਗੁਰੂ ਹੋਇਆ ਕਰਦਾ ਹੈ। ਮੈਂ ਪੁਛਿਆ, ਤੁਹਾਡੇ ਗੁਰੂ ਕੌਣ ਧਾਰਦਾ ਹੈ? ਤਾਂ ਕਹਿਣ ਲੱਗਾ ਗੁਰੂ ਸਾਰੇ ਹੀ ਧਾਰਦੇ ਹਨ। ਬਾਬੇ ਫਰੀਦ ਦਾ ਵੀ ਗੁਰੂ ਸੀ, ਬੁੱਲੇ ਸ਼ਾਹ ਦਾ ਵੀ ਗੁਰੂ ਸੀ, ਕਈਆਂ ਬਾਰੇ ਸੁਲੇਮਾਨ ਨੇ ਮੈਨੂੰ ਦੱਸਿਆ ਕਿ ਉਹਨਾਂ ਦੇ ਮੁਰਸ਼ਦ ਸਨ। ਪਰ ਮੈਂ ਤਾਂ ਬੇਮੁਰਸ਼ਦਾ ਹਿੰਡ ਵਿਚ ਰਿਹਾ। ਮੇਰੇ ਵਿਚ ਬਹੁਤ ਸ਼ਕਤੀ ਸੀ, ਪਰ ਅੰਦਰੋਂ ਮੈਂ ਪਾਪ ਕਰਦਾ ਸੀ। ਮੇਰੇ ਖਿਆਲ ਸ਼ੁਧ ਨਹੀਂ ਸਨ। ਮੇਰੀਆਂ ਬਿਰਤੀਆਂ ਸ਼ੁਧ ਨਹੀਂ ਸਨ। ਨਾਮ ਤੋਂ ਬਿਨਾਂ ਬਿਰਤੀਆਂ ਸ਼ੁਧ ਨਹੀਂ ਹੋ ਸਕਦੀਆਂ। ਫੁਰਨੇ ਸ਼ੁਧ ਨਹੀਂ ਹੋਇਆ ਕਰਦੇ। ਆਦਮੀ ਇਹਨਾਂ ਨੂੰ ਦਬਾ ਤਾਂ ਸਕਦਾ ਹੈ ਪਰ ਜਦੋਂ ਇਹ ਪਤਾ ਲੱਗ ਜਾਵੇ ਕਿ ਰਾਜ ਦਾ ਡਰ ਨਹੀਂ। ਨਾ ਲੋਕ ਲਾਜ ਹੈ, ਨਾ ਮੈਨੂੰ ਕੋਈ ਕਹਿਣ ਵਾਲਾ ਹੈ। ਜਿਹੜਾ ਬੰਦਾ ਸ਼ਰਧਾਲੂ ਨਹੀਂ ਹੁੰਦਾ ਉਹ ਗਿਰ ਜਾਇਆ ਕਰਦਾ ਹੈ। ਜ਼ੋਰ ਨਾਲ ਨੇਕ ਨਹੀਂ ਹੁੰਦਾ। ਨੇਕੀ ਦੀ ਸਰੋਤ ਨਾਲ ਸੰਬੰਧ ਜੁੜ ਜਾਵੇ, source ਨਾਲ ਸੰਬੰਧ ਜੁੜ ਜਾਵੇ ਤਾਂ ਨੇਕ ਕਿਹਾ ਜਾ ਸਕਦਾ ਹੈ। ਵਾਹਿਗੁਰੂ ਨੇਕੀ ਦਾ ਮੰਬਾ ਹੈ। ਜਿਸ ਦੀ ਸੁਰਤ ਉਸ ਦੇ ਨਾਲ ਜੁੜ ਜਾਵੇ ਉਹ ਸੁਤੇ ਹੀ ਨੇਕ ਹੋ ਜਾਇਆ ਕਰਦਾ ਹੈ। ਪਾਪ ਦਾ ਨਾਸ ਹੋ ਜਾਇਆ ਕਰਦਾ ਹੈ ਕਿਉਂਕਿ ਨਾਮ ਜਪਣ ਦੇ ਨਾਲ ਕ੍ਰੋੜਾਂ ਪਾਪਾਂ ਦਾ, ਗਲਤ ਬਿਰਤੀਆਂ ਦਾ ਨਾਸ ਹੋ ਜਾਇਆ ਕਰਦਾ ਹੈ। ਸੋ ਸੁਲੇਮਾਨ ਕਹਿਣ ਲੱਗਾ ਕਿ ਮੈਂ ਜਿੰਦਗੀ ਵਿਚ ਬੜੀਆਂ ਗਲਤ ਗੱਲਾਂ

ਕੀਤੀਆਂ ਹਨ। ਉਸਨੇ ਮੈਨੂੰ ਗੁਪਤ ਰੂਪ ਵਿਚ ਦੱਸੀਆਂ। ਪੁੱਛਣ ਲੱਗਾ ਕਿ ਕੋਈ ਸੁਣ ਤਾਂ ਨਹੀਂ ਰਿਹਾ, ਮੈਂ ਕਿਹਾ ਨਹੀਂ ਫੇਰ ਉਸ ਨੇ ਮੈਨੂੰ ਸਾਰੀਆਂ ਗੱਲਾਂ ਦੱਸੀਆਂ ਕਿ ਮੈਂ ਆਹ ਆਹ ਪਾਪ ਕੀਤੇ ਸਨ। ਮੈਂ ਸਿਰਫ ਤੁਹਾਨੂੰ ਦੱਸ ਰਿਹਾ ਹਾਂ। ਹੋਰ ਕਿਸੇ ਕੋਲ ਨਹੀਂ ਦਸਦਾ। ਕਹਿਣ ਲੱਗਾ ਕਿ ਇਹਨਾਂ ਦਾ ਬੋਝ ਐਨਾ ਸਖ਼ਤ ਸੀ ਕਿ ਮੈਂ ਰੋ ਰੋ ਕੇ ਪੈਂਡਾ ਕਟਿਆ ਸੀ। ਉਥੇ ਜਾ ਕੇ ਮੈਨੂੰ ਨਰਕ ਦਿਖਾਏ, ਇਕ ਨਰਕ ਤਾਂ ਐਸਾ ਸੀ ਜਿਥੇ ਇਸਤ੍ਰੀਆਂ ਅਗਨ ਦੀਆਂ ਸਨ। ਮੈਂ ਸੋਚਿਆ ਮੈਨੂੰ ਪਹਿਲਾਂ ਇਸ ਅਗਨ ਦੀ ਇਸਤਰੀ ਨਾਲ ਹੀ ਚੰਬੇੜਿਆ ਜਾਵੇਗਾ ਕਿਉਂਕਿ ਮੈਂ ਪਰਾਈ ਇਸਤ੍ਰੀ ਗਾਮੀ ਸੀ –

***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***

***ਪੰਨਾ – 315***

ਕੋਈ ਐਸੀ ਬਾਤ ਨਹੀਂ ਕਿ ਜਿਸ ਤੇ ਆਪਾਂ ਕਿੰਤੂ ਕਰ ਲਈਏ ਜਾਂ ਨਾਹ ਕਰ ਦਈਏ। ਨਾ ਮੰਨਣਾ ਕਿ ਮੈਂ ਨਹੀਂ ਮੰਨਦਾ। ਨਾ ਮੰਨਣਾ ਤੇਰਾ ਅਖਤਿਆਰ ਹੈ। ਪਰ ਸਾਡਾ ਗੁਰੂ ਜੋ ਕੁਝ ਕਹਿੰਦਾ ਹੈ ਅਸੀਂ ਬਗੈਰ ਕਿਸੇ ਕਿੰਤੂ ਤੋਂ ਮੰਨ ਲੈਣਾ ਹੈ। ਗੁਰੂ ਮਹਾਰਾਜ ਨੂੰ ਅਸੀਂ ਗੁਰੂ ਧਾਰਿਆ ਹੁੰਦਾ ਹੈ। ਇਹਨਾਂ ਦਾ ਕਹਿਆ ਹੋਇਆ ਇਹਨਾਂ ਦੀ ਆਗਿਆ ਹੈ ਜੋ ਕਿ ਅਸੀਂ ਸੱਤ ਸੱਤ ਕਰਕੇ ਮੰਨਦੇ ਹਾਂ। ਸੁਲੇਮਾਨ ਨੇ ਦਸਿਆ ਜਿਸ ਤਰ੍ਹਾਂ ਬਾਣੀ ਦਾ ਕਥਨ ਹੈ –

***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥*** ***ਪੰਨਾ – 264***

ਅਤਿ ਦੀ ਮੁਸ਼ਕਲ ਪੈ ਜਾਵੇ, extreme ਦੀ ਜਿਥੇ ਜਾ ਕੇ ਇਹ ਲਗਦਾ ਹੋਵੇ ਕਿ ਹੁਣ ਕੋਈ ਚਾਰਾ ਨਹੀਂ ਰਿਹਾ, ਹੁਣ ਕੋਈ ਵੀ ਰਾਹ ਨਹੀਂ ਰਿਹਾ ਸਾਰੇ ਰਾਹ ਬੰਦ ਹੋ ਜਾਣ, ਉਸ ਵੇਲੇ ਜੇ ਵਾਹਿਗੁਰੂ ਚਿਤ ਆ ਜਾਵੇ ਤਾਂ ਸਾਰੇ ਰਸਤੇ ਖੁਲ੍ਹ ਜਾਂਦੇ ਹਨ। ਇਕ ਦੀਵਾਨ ਵਿਚ ਮੈਂ ਦੱਸਿਆ ਸੀ ਕਿ ਹਿਰਨੀ ਨੂੰ ਵਾਹਿਗੁਰੂ ਚੇਤੇ ਆ ਗਿਆ। ਅਸੀਂ ਸੋਚਦੇ ਹਾਂ ਰੱਬ ਕੇਵਲ ਸਾਡਾ ਹੀ ਹੈ। ਜਾਨਵਰਾਂ ਦਾ ਕੋਈ ਹੱਕ ਨਹੀਂ। ਰੱਬ ਕਹਿੰਦਾ ਮੈਂ ਤੁਹਾਡਾ ਕਿਥੇ ਹਾਂ, ਮੈਂ ਤੁਹਾਡੇ ਨਾਲੋਂ ਜਾਨਵਰਾਂ ਦਾ ਬਹੁਤਾ ਹਾਂ। ਉਹ ਕਿਸੇ ਦੀ ਨਿੰਦਿਆ ਨਹੀਂ ਕਰਦੇ, ਚੁਗਲੀ ਨਹੀਂ ਕਰਦੇ ਕਿਸੇ ਦੇ ਹੱਕ ਤੇ ਛਾਪਾ ਨਹੀਂ ਮਾਰਦੇ। ਫੇਰ ਤੁਸੀਂ ਜਾਨਵਰਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਖੁਰਲੀਆਂ ਤੇ ਖੜਾ ਕਰ ਦਿੰਦੇ ਹੋ, ਤੁਹਾਡਾ ਕੀ ਹੱਕ ਹੈ। ਤੁਸੀਂ ਉਹਨਾਂ ਦਾ ਵੀ ਧਿਆਨ ਰੱਖੋ ਕਿ ਅਸੀਂ ਉਹਨਾਂ ਕੋਲੋਂ ਕੰਮ ਲੈਂਦੇ ਹਾਂ। ਧੁੱਪੇ ਉਹਨਾਂ ਨੂੰ ਬੰਨ੍ਹ ਦਿੰਦੇ ਹਾਂ ਤੇ ਫੇਰ ਉਹਨਾਂ ਨੂੰ ਪੁਛਦੇ ਹੀ ਨਹੀਂ ਕਿ ਛਾਵੇਂ ਵੀ ਬੰਨਣਾ ਹੈ ਜਾਂ ਨਹੀਂ। ਇਹਨਾਂ ਗੱਲਾਂ ਦਾ ਸ਼ਹਿਰ ਵਾਲਿਆਂ ਨੂੰ ਤਾਂ ਪਤਾ ਨਹੀਂ, ਪਿੰਡ ਵਾਲਿਆਂ ਨੂੰ ਪਤਾ ਹੁੰਦਾ ਹੈ। ਸੋ ਆਦਮੀ ਦਾ ਕੀ ਹੱਕ ਹੈ ਜਿਸ ਨੂੰ ਦਿਲ ਕਰੇ ਵੱਢ ਕੇ ਖਾ ਜਾਂਦੇ ਹਨ। ਕਿਸੇ ਦੀ ਜਾਨ ਲੈਣ ਦਾ ਤੇਰਾ ਕੀ ਹੱਕ ਹੈ। ਤੈਨੂੰ ਪਰਮੇਸ਼ਰ ਨੇ ਕਿਹੜੀ authority ਦਿਤੀ ਹੈ। ਕਹਿੰਦਾ, ਜੀ ਮੈਂ ਜਾਨਵਰਾਂ ਦੀ ਮੁਕਤੀ ਕਰ ਰਿਹਾ ਹਾਂ। ਭਾਈ! ਮੁਕਤੀ ਤਾਂ ਤੇਰੀ ਹੀ ਨਹੀਂ ਹੋਈ ਅਜੇ, ਤੂੰ ਕਿਸਦੀ ਮੁਕਤੀ ਕਰ ਦੇਵੇਂਗਾ। ਮੁਕਤੀ ਕਰਨੀ ਕੋਈ ਖੇਡ ਨਹੀਂ ਹੋਇਆ ਕਰਦੀ। ਗੁਰੂ ਦਸ਼ਮੇਸ਼ ਪਿਤਾ ਜੀ ਹੀ ਸਨ ਜਿਹੜੇ ਰੂਹਾਂ ਦੀ ਮੁਕਤੀ ਕਰਦੇ ਸਨ। ਲੋਕ ਆਪੇ ਹੀ ਇਹ ਗੱਲ ਬਣਾ ਲੈਂਦੇ ਹਨ। ਸੋ ਹਿਰਨੀ ਨੂੰ ਵਾਹਿਗੁਰੂ ਚੇਤੇ ਆ ਗਿਆ। ਕੇਵਲ ਇਕ ਵਾਰੀ ਧਿਆਨ ਆਉਣ ਦੀ ਲੋੜ ਹੈ ਕਿਉਂਕਿ ਜਾਨਵਰਾਂ ਦੀਆਂ ਐਸੀਆਂ ਐਸੀਆਂ ਸਾਖੀਆਂ ਹਨ ਕਿ ਉਹਨਾਂ ਨੂੰ ਪਿਛਲੇ ਜਨਮਾਂ ਦਾ ਗਿਆਨ ਵੀ ਰਿਹਾ ਹੈ।

ਇਕ ਰਿਸ਼ੀ 'ਜੜ੍ਹਭਰਤ' ਹੋਇਆ ਹੈ, ਹਿਰਨ ਬਣ ਗਿਆ ਸੀ। ਉਸ ਨੂੰ ਪੂਰਾ ਗਿਆਨ ਸੀ। ਅਗਲੇ ਜਨਮ ਵਿਚ ਆ ਕੇ ਉਸ ਨੇ ਸਾਰਾ ਹਾਲ ਲਿਖਿਆ। ਕਿਸ ਤਰ੍ਹਾਂ ਦੀ ਮੇਰੀ ਸਿਮ੍ਰਤੀ ਸੀ? ਕਿਸ ਤਰ੍ਹਾਂ ਮੈਨੂੰ ਯਾਦ ਰਹਿੰਦਾ ਸੀ।

***ਜਬ ਹੀ ਸਰਨਿ ਗਹੀ ਕ੍ਰਿਪਾ ਨਿਧਿ ਗਜ ਗਰਾਹ ਤੇ ਛੂਟਾ॥***

***ਪੰਨਾ – 632***

ਉਹ ਜਿਹੜਾ ਹਾਥੀ ਸੀ, ਉਸ ਨੂੰ ਪਿਛਲੇ ਜਨਮ ਦੀ ਸਾਰੀ ਸਿਮ੍ਰਤੀ ਸੀ, ਪਤਾ ਸੀ ਕਿ ਪਰਮੇਸ਼ਰ ਦਾ ਨਾਮ ਐਨਾ ਸਹਾਈ ਹੈ। ਉਹ ਸਹਾਇਤਾ ਕਰਦਾ ਹੈ।

***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥***

***ਪੰਨਾ – 632***

ਸੋ ਜਦੋਂ ਹਿਰਨੀ ਨੂੰ ਪ੍ਰਮੇਸ਼ਰ ਦਾ ਧਿਆਨ ਆਇਆ। ਉਸੇ ਵੇਲੇ ਸਾਰਾ ਤਾਣਾ ਉਲਟਾ ਹੋ ਗਿਆ। ਸ਼ਿਕਾਰੀ ਦੇ ਸੱਪ ਲੜ ਗਿਆ। ਸ਼ਿਕਾਰੀ ਦੀ ਗੋਲੀ ਕੁੱਤੇ ਦੇ ਜਾ ਲੱਗੀ। ਅੱਗ ਜਾਲ ਨਾ ਸਕੀ। ਸਾਰੇ ਕੰਮ ਉਲਟੇ ਹੋ ਗਏ। ਜਦੋਂ ਹੱਦ ਤੋਂ ਵੱਧ ਮੁਸ਼ਕਲ ਬਣ ਜਾਵੇ।

***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*** ***ਪੰਨਾ – 264***

ਉਥੇ ਪਰਮੇਸ਼ਰ ਦਾ ਨਾਮ ਉਧਾਰ ਕਰਦਾ ਹੈ –

***ਅਨਿਕ ਪੁਨਹਚਰਨ ਕਰਤ ਨਹੀ ਤਰੈ॥***
***ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*** ***ਪੰਨਾ – 264***

ਸੋ ਐਸਾ ਜੋ ਪਰਮੇਸ਼ਰ ਦਾ ਨਾਮ ਹੈ, ਉਹ ਸਹਾਇਤਾ ਕਰਿਆ ਕਰਦਾ ਹੈ ਸਾਧ ਸੰਗਤ ਜੀ! ਜਿਥੇ ਅਉਖਾ ਹੋ ਜਾਵੇ–

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ॥***
***ਜਿਹ ਪੈਡੈ ਮਹਾ ਅੰਧ ਗੁਬਾਰਾ॥***
***ਹਰਿ ਕਾ ਨਾਮੁ ਸੰਗਿ ਉਜੀਆਰਾ॥***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ॥***
***ਜਹ ਮਹਾ ਭਇਆਨ ਤਪਤਿ ਬਹੁ ਘਾਮ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥***
***ਜਹਾ ਤ੍ਰਿਖਾ ਮਨ ਤੁਝੁ ਆਕਰਖੈ॥***
***ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*** ***ਪੰਨਾ – 264***

ਇਸ ਤਰ੍ਹਾਂ ਮਹਾਰਾਜ ਨੇ–

ਸੋ ਇਸ ਪੂਰੇ ਸ਼ਬਦ ਵਿਚ ਸਾਰਾ ਕੁਝ ਦਸਿਆ ਹੋਇਆ ਹੈ। ਜਦੋਂ ਅਉਖਾ ਸਮਾਂ ਆ ਜਾਵੇ ਉਦੋਂ ਦੁਨੀਆਂ ਵਿਚ ਕੋਈ ਵੀ ਸਹਾਇਤਾ ਨਹੀਂ ਕਰਦਾ। ਜਦੋਂ ਆਦਮੀ ਬਿਮਾਰ ਹੋ ਜਾਵੇ, ਡਾਕਟਰ ਵੀ ਓਨੀ ਹੀ ਸਹਾਇਤਾ ਕਰ ਸਕਦੇ ਹਨ ਜਿੰਨੀ ਉਹਨਾਂ ਦੀ limit ਹੁੰਦੀ ਹੈ। ਕਿਸੇ ਹੱਦ ਤੱਕ ਹੀ ਸਹਾਇਤਾ ਕਰ ਸਕਦੇ ਹਨ। ਜਿਥੇ ਇਹਨਾਂ ਦੀ ਹੱਦ ਖਤਮ ਹੋ ਜਾਂਦੀ ਹੈ ਉਥੇ ਨਾਮ ਸਹਾਇਤਾ ਕਰਦਾ ਹੈ।

ਸਰਦਾਰ ਹਰਚਰਣ ਸਿੰਘ ਏਥੇ ਐਜੂਕੇਸ਼ਨ ਦੇ ਸੈਕਟਰੀ ਹੁੰਦੇ ਸਨ। ਉਹ ਬਿਮਾਰ ਹੋ ਗਏ। ਹਾਰਟ ਵਿਚ ਗੜਬੜ ਹੋ ਗਈ।

(ਬਾਕੀ ਪੰਨਾ 64 ਤੇ)

# ਮਾਧਵੇ ਕਿਆ ਕਹੀਐ ਭ੍ਰਮੁ ਐਸਾ ..........॥

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ : ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ - 20)*

***ਧਾਰਨਾ - ਊਚ ਨੀਚ ਮਹਿ ਜੋਤ ਸਮਾਣੀ***
***ਘਟ ਘਟ ਮਾਧੋ ਜੀਆ -2, 2.***

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥***
***ਪੰਨਾ - 617***

ਜਿੰਨੇ ਵੀ ਦਰਖਤ ਹਨ, ਹਰਿਆਲੀ ਹੈ (vegitation) ਸਭ ਵਿਚ ਅੱਗ ਹੈ। ਇਸੇ ਤਰ੍ਹਾਂ ਵਾਹਿਗੁਰੂ ਕਿਸੇ ਹਾਲਤ ਵਿਚ ਭੀ ਸਾਡੇ ਨਾਲੋਂ ਵੱਖ ਨਹੀਂ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਰੱਬ ਨੂੰ ਟੋਲਦੇ ਫਿਰਦੇ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਟੋਲਣ ਦਾ ਖਿਆਲ ਹੀ ਨਹੀਂ ਆਉਂਦਾ ਕਿ ਪ੍ਰਮੇਸ਼ਰ ਨੂੰ ਕਿਤੇ ਦੇਖੀਏ, ਪ੍ਰਮੇਸ਼ਰ ਦੀ ਪ੍ਰਾਪਤੀ ਕਰੀਏ ਕਿਉਂਕਿ ਜੇ ਵਾਹਿਗੁਰੂ ਮਿਲ ਜਾਵੇ, ਉਸ ਦੀ ਸਿਫਤ ਸਲਾਹ ਹਿਰਦੇ ਵਿਚ ਵਸ ਜਾਵੇ ਤਾਂ ਸਾਰੀ ਸ੍ਰਿਸ਼ਟੀ ਦੇ ਰਾਜਿਆਂ ਦਾ ਰਾਜਾ ਬਣ ਜਾਈਦਾ ਹੈ।

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥ ਪੰਨਾ - 5***

***ਹੋਰ ਪਾਤਸ਼ਾਹੀਆਂ ਕੂੜੀਆ ਨਾਮ ਰਤੇ ਪਾਤਸਾਹ॥***

ਵਾਹਿਗੁਰੂ ਦੇ ਗਿਆਨ ਵਾਲੇ ਜੋ ਪੁਰਸ਼ ਹਨ ਉਹ ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹੁੰਦੇ ਹਨ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਪੰਨਾ - 707***

ਸੋ ਐਡੀ ਵੱਡੀ ਪਦਵੀ ਨੂੰ ਛੱਡ ਕੇ ਕੌਡੀਆਂ ਇਕੱਠੀਆਂ ਕਰਦੇ ਫਿਰਦੇ ਹਾਂ, ਮੋਹਰਾਂ ਨਹੀਂ ਇਕੱਠੀਆਂ ਕਰ ਰਹੇ ਤੇ ਨਾਹੀ ਹੀਰੇ ਜਵਾਹਰਾਤ ਇਕੱਠੇ ਕਰਦੇ ਹਾਂ ਤੇ ਕੌਡੀਆਂ ਦੇ ਪਿਛੇ ਲੱਗ ਕੇ ਸਾਰਾ ਜਨਮ ਬਰਬਾਦ ਕਰ ਰਹੇ ਹਾਂ। ਸੋ ਇਸ ਤਰ੍ਹਾਂ ਕਰਕੇ ਜੀਵਨ ਬਰਬਾਦ ਹੁੰਦਾ ਚਲਿਆ ਜਾ ਰਿਹੈ ਤੇ ਨਾਲ ਹੁੰਦੀ ਚੀਜ਼ ਨੂੰ ਅਸੀਂ ਪਛਾਣਦੇ ਨਹੀਂ ਭੁੱਲਦੇ ਜਾ ਰਹੇ ਹਾਂ -

***ਸੰਤਹੁ ਘਟਿ ਘਟਿ ਰਹਿਆ ਸਮਾਹਿਓ॥***
***ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥***
***ਪੰਨਾ - 617***

ਹਰ ਥਾਂ ਤੇ ਪ੍ਰਮੇਸ਼ਰ ਰਵਿਆ ਹੋਇਆ ਹੈ ਤੇ ਹੁਣ ਗੱਲ ਇਸ ਨਿਰਣੇ ਤੇ ਆ ਗਈ ਕਿ ਇਹ ਸੰਸੇ ਕਰਕੇ ਨਜ਼ਰ ਨਹੀਂ ਆਉਂਦਾ ਪਰ ਅਸੀਂ ਇਸ ਨੂੰ ਮੰਨਦੇ ਨਹੀਂ ਤੇ ਇਹ ਕਿੱਡਾ ਫਰਕ ਪਾ ਦਿੰਦੈ, ਕੋਲ ਰਹਿੰਦਾ ਹੋਇਆ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ। ਇਸ ਤੋਂ ਵੀ ਅੱਗੇ ਜੇ ਕਹਿ ਦੇਈਏ ਤਾਂ ਪ੍ਰਮੇਸ਼ਰ ਆਪ ਹੀ ਸਾਰੇ ਪਰੀਪੂਰਨ ਹੈ ਦੂਜਾ ਤਾਂ ਇਥੇ ਹੈ ਨਹੀਂ, ਇਕੋ ਹੀ ਦਿਸਦਾ ਹੈ।

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਉਹ ਨਾਲ ਰਹਿੰਦਾ ਹੋਇਆ ਵੀ ਦਿਸਦਾ ਨਹੀਂ। ਕਾਰਨ ਇਹ ਹੈ ਕਿ ਸਾਨੂੰ ਸੰਸਾ ਵਿਆਪ ਗਿਆ ਹੈ, ਹਉਮੈ ਦਾ ਅੰਧਕਾਰ ਛਾ ਗਿਆ। ਇਸ ਨੂੰ ਭਾਵੇਂ ਭਰਮ ਕਹਿ ਲਵੋ, ਹਉਮੈ ਕਹਿ ਲਵੋ, ਸੰਸਾ ਇਤਿਆਦਿ ਕੁਝ ਵੀ ਕਹਿ ਦਿਓ, ਨਾਉਂ ਵੱਖਰੇ ਵੱਖਰੇ ਹੋਇਆ ਕਰਦੇ ਹਨ ਪਰ ਚੀਜ਼ ਇਕੋ ਹੀ ਹੈ। ਆਤਮ ਸੱਤਾ ਸਾਰੇ ਪਰੀਪੂਰਨ ਹੈ -

***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਸਾਰੇ ਪਰੀਪੂਰਨ ਪ੍ਰਮੇਸ਼ਰ ਨੂੰ ਇਸ ਹਉਮੈ ਨੇ ਵੰਡ ਦਿਤਾ ਜਿਵੇਂ ਚੰਦਰਮਾ ਇਕ ਹੈ ਅਤੇ ਪਾਣੀ ਦੇ ਭਰੇ ਹੋਏ ਬੇਅੰਤ ਬਰਤਨ ਪਏ ਹਨ ਅਤੇ ਤਲਾਅ ਵੀ ਹੈ, ਦਰਿਆ ਵੀ ਹੈ, ਖੂਹ ਵੀ ਹਨ, ਬਾਹਰ ਮੀਂਹ ਪਿਆ ਹੋਇਐ, ਛੋਟੀਆਂ-ਛੋਟੀਆਂ ਛੱਪੜੀਆਂ ਵਿਚ ਵੀ ਪਾਣੀ ਹੈ ਤੇ ਬਰਤਨਾਂ ਵਿਚ ਵੀ ਪਾਣੀ ਹੈ। ਸੂਰਜ ਹੋਵੇ, ਭਾਵੇਂ ਚੰਦਰਮਾ ਹੋਵੇ, ਹਰੇਕ ਦੇ ਅੰਦਰ ਨਜ਼ਰ ਆ ਰਿਹਾ ਹੈ ਤੇ ਉਸ ਨੂੰ ਕਿਵੇਂ ਵੰਡ ਕੇ ਰੱਖ ਦਿਤਾ, ਦੇਖਣ ਨੂੰ ਸਾਨੂੰ ਇਹ ਪਰਤੀਤ ਦਿੰਦੈ ਕਿ ਵੱਖਰਾ-ਵੱਖਰਾ ਹੈ ਪਰ ਸਿਆਣਾ ਬੰਦਾ ਕਹੇਗਾ ਕਿ ਇਹ ਵੱਖਰਾ-ਵੱਖਰਾ ਨਹੀਂ ਸਗੋਂ ਇਹ ਤਾਂ ਉਸ ਇਕੋ ਚੰਦਰਮਾ ਦਾ ਪਰਛਾਵਾਂ ਹੈ। ਇਸੇ ਤਰ੍ਹਾਂ ਜਿਹੜਾ ਅਕਾਸ਼ ਹੈ ਇਹ ਵੀ ਵੱਖ-ਵੱਖ ਭਾਡਿਆਂ ਵਿਚ ਤੇ ਤਲਾਅ ਤੇ ਮਕਾਨ ਆਦਿ ਵਿਚ ਵੱਖਰਾ-ਵੱਖਰਾ ਪ੍ਰਤੀਤ ਦਿੰਦਾ ਹੈ, ਘੜੇ ਦਾ ਅੱਡ ਦਿਸਦਾ ਹੈ, ਮਕਾਨ ਦਾ ਅੱਡ ਦਿਸਦੈ, ਬੱਦਲ ਹੋਏ ਹੋਣ ਉਹ ਅੱਡ ਦਿਸਦੈ, ਬੱਦਲਾਂ ਤੋਂ ਉਪਰਲਾ ਹੋਰ ਦਿਸਦੈ ਇਸ ਤੋਂ ਅਗਾਂਹ ਜੋ ਮਹਾਂ ਅਕਾਸ਼ ਹੈ, ਉਹ ਵੱਖਰਾ ਨਜ਼ਰ ਆਉਂਦਾ ਹੈ, ਲੇਕਿਨ ਅਕਾਸ਼ ਇਕੋ ਹੀ ਬਿਆਧੀ ਕਰਕੇ ਵੱਖਰਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਸਰੀਰ ਦੀ ਬਿਆਧੀ ਕਰਕੇ ਮਨ ਦੀ, ਬੁਧੀ ਦੀ, ਅੰਤਸ਼ਕਰਣ ਦੀ ਬਿਆਧੀ ਕਰਕੇ ਵਾਹਿਗੁਰੂ ਵੱਖਰਾ ਵੱਖਰਾ ਪ੍ਰਤੀਤ ਦਿੰਦਾ ਹੈ। ਕਈਆਂ ਨੂੰ ਸੰਸਾ ਹੋਣ ਕਰਕੇ ਖਿਆਲ ਹੁੰਦਾ ਹੈ ਕਿ ਜੇ ਰੱਬ ਸਾਰਿਆਂ ਦੇ ਨਾਲ ਹੁੰਦਾ ਹੈ ਤਾਂ ਇਕ ਦੇ ਦੁਖੀ ਹੋਣ ਨਾਲ ਸਾਰੇ ਕਿਉਂ ਨਹੀਂ ਦੁਖੀ ਹੁੰਦੇ? ਪ੍ਰਮੇਸ਼ਰ ਦੁਖ ਸੁਖ ਨਹੀਂ ਮੰਨਿਆ ਕਰਦਾ ਤੇ ਨਾਹੀ ਆਤਮਾ ਦੁਖ ਸੁਖ ਮੰਨਦੀ ਹੈ ਕਿਉਂਕਿ ਉਸ ਦਾ ਸੁਭਾਅ ਸਤਿ ਚਿਤ ਅਨੰਦ ਹੈ। ਉਹ ਸਤਿ ਹੈ ਅਤੇ ਨਾਮ ਹੈ, ਅਨੰਦ ਹੈ, ਉਸ ਨੂੰ ਕੋਈ ਵੀ ਦੁਖ ਸੁਖ ਪੋਹ ਨਹੀਂ ਸਕਿਆ ਕਰਦਾ, ਕੇਵਲ ਅੰਤਸ਼ਕਰਣ ਦੁਖ ਸੁਖ ਮੰਨਦਾ ਹੈ। ਇਸ ਵਿਚ ਹਉਮੈ ਨੇ ਇਸ ਨੂੰ ਵੱਖਰਾ ਕਰ ਦਿਤਾ ਸੋ ਵੱਖਰਾ ਕਰਨ ਦੀ ਸ਼ਕਤੀ ਹਉਮੈ ਦੇ ਅੰਦਰ ਹੈ, ਇਸ ਨੇ ਕਿਲਾ ਬਣਾ ਦਿੱਤਾ ਤੇ ਜੋ ਕੁਝ ਸੀ ਉਸ ਨੂੰ ਜੜ੍ਹ ਬਣਾ ਕੇ ਰੱਖ ਦਿਤਾ। ਸਾਧ ਸੰਗਤ ਜੀ! ਹਉਮੈ ਕੋਈ ਛੋਟੀ ਜਿਹੀ ਚੀਜ਼ ਨਹੀਂ ਹੈ, ਵਾਹਿਗੁਰੂ ਨੇ ਆਪ ਹੀ ਲਾਈ ਹੈ। ਇਹ ਹਉਮੈ ਜਿੰਨੀ ਦੇਰ ਤੱਕ ਆਦਮੀ ਦੇ ਸਮਝ ਵਿਚ ਨਹੀਂ ਆਉਂਦੀ ਉਦੋਂ ਤੱਕ ਵਾਹਿਗੁਰੂ ਦੇ ਨੇੜੇ ਪਹੁੰਚ ਨਹੀਂ ਸਕਿਆ ਕਰਦਾ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮਾ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ - 466***

ਆਦਮੀ ਦੇ ਵਿਚੋਂ ਜਿੰਨਾ ਚਿਰ ਹਉਮੈ ਦਾ ਅਭਾਵ ਨਹੀਂ ਹੁੰਦਾ, ਨਾਸ਼ ਨਹੀਂ ਹੁੰਦਾ, ਉਹ ਐਵੇਂ ਖਿਆਲ ਨਾ ਕਰੇ ਕਿ ਮੈਂ ਮੁਕਤ ਹੋ ਜਾਵਾਂਗਾ, ਅਸੀਂ ਤਾਂ ਮੁਕਤੀ ਬੜੀ ਸਸਤੀ ਬਣਾ ਦਿਤੀ ਕਿ ਬਸ ਚੜ੍ਹਾਈ ਕਰ ਗਏ, ਮੁਕਤੀ ਮਿਲ ਗਈ। ਜਿੰਨਾਂ ਚਿਰ ਮਨੁੱਖ ਹਉਮੈ (ਮੈਂ+ਮੇਰੀ) ਦੇ ਅਸਰ ਵਿਚ ਹੈ ਉਨਾਂ ਚਿਰ ਮੁਕਤੀ ਨਹੀਂ ਮਿਲਦੀ ਤੇ, ਉਨਾਂ ਚਿਰ ਕੀ ਵਾਪਰਦਾ ਹੈ, ਇਹ ਜੰਮਦਾ ਤੇ ਮਰਦਾ ਰਹਿੰਦਾ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨ੍ਹਿਆ ਹੋਇਆ -2, 2.***
***ਹਉਮੈ ਦਾ ਬੰਨ੍ਹਿਆ ਹੋਇਆ -2, 2.***
***ਜੰਮਦਾ ਤੇ ਮਰਦਾ ਹੈ, ............... -2.***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮਾ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ - 466***

ਬਾਰ ਬਾਰ ਜੰਮਦਾ ਹੈ ਤੇ ਬਾਰ-ਬਾਰ ਮਰਦਾ ਹੈ, ਇਹੀ ਇਕ ਰੋਗ ਲਗਿਆ ਹੋਇਆ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਬਾਕੀ ਜਾਨਵਰਾਂ ਨੂੰ ਵੀ ਰੋਗ ਲੱਗੇ ਹੋਏ ਹਨ। ਰਸਨਾ ਦਾ ਰੋਗ ਮੱਛੀ ਨੂੰ ਲੱਗਾ ਹੋਇਆ ਹੈ ਤੇ ਮੱਛੀ ਇਸ ਸੁਆਦ ਕਰਕੇ ਕੁੰਡੀ ਵਿਚ ਫਸ ਜਾਂਦੀ ਹੈ। ਅੱਖਾਂ ਦਾ ਰੋਗ ਪਤੰਗੇ ਨੂੰ ਲਾਇਆ ਹੋਇਆ ਹੈ, ਦੀਵਾ ਬਾਲ ਦਿਓ, ਉੱਤੇ ਆ ਕੇ ਸੜਦੇ ਰਹਿੰਦੇ ਹਨ। ਕੰਨਾਂ ਦਾ ਰੋਗ ਹਰਨ ਨੂੰ ਲਾਇਆ ਹੋਇਆ ਹੈ, ਪਿਛਲੇ ਜ਼ਮਾਨਿਆਂ ਵਿਚ ਘੰਡੇਹੇੜੇ ਦਾ ਸ਼ਬਦ ਵਜਾ ਕੇ ਹਰਨ ਨੂੰ ਜਿਉਂਦਾ ਫੜ ਲਿਆ ਕਰਦੇ ਸਨ। ਕਾਮ ਦਾ ਰੋਗ ਹਾਥੀ ਨੂੰ ਲਾਇਆ ਹੋਇਐ। ਇਸੇ ਤਰ੍ਹਾਂ ਭੰਵਰੇ ਨੂੰ ਵਾਸ਼ਨਾ ਦਾ ਰੋਗ ਲਾਇਆ ਹੋਇਆ ਹੈ। ਲੇਕਿਨ ਸਾਰਿਆਂ ਰੋਗਾਂ ਦਾ ਜੋ ਸ਼੍ਰੋਮਣੀ ਰੋਗ ਹੈ ਉਸ ਨੂੰ ਹਉਮੈ ਦਾ ਰੋਗ ਕਹਿੰਦੇ ਹਨ ਤੇ ਮਨੁੱਖ ਨੂੰ ਇਹ ਪੰਜੇ ਰੋਗ ਵੀ ਲੱਗੇ ਹੋਏ ਹਨ ਤੇ ਨਾਲ ਹਉਮੈ ਦਾ ਰੋਗ ਵੀ ਲੱਗਿਆ ਹੋਇਆ ਹੈ ਤੇ ਇਸ ਦਾ ਬਚਾਅ ਕਿਸ ਤਰ੍ਹਾਂ ਹੋਵੇ ਕੋਈ ਸਾਧਨ ਨਜ਼ਰ ਨਹੀਂ ਆਉਂਦਾ। ਗੁਰਬਾਣੀ ਦੀ ਵਿਚਾਰ ਦਸਦੀ ਹੈ ਕਿ ਬਾਹਰ ਨੱਠਣ ਭੱਜਣ ਦੀ ਲੋੜ ਨਹੀਂ ਕਿਉਂਕਿ ਵਾਹਿਗੁਰੂ ਅੰਦਰ ਵਸਦਾ ਹੈ -

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ।।***

***ਪੰਨਾ - 684***

ਜਿਵੇਂ ਫੁੱਲਾਂ ਦੇ ਅੰਦਰ ਵਾਸ਼ਨਾ ਵਸਦੀ ਹੈ ਤੇ ਸ਼ੀਸ਼ੇ ਦੇ ਅੰਦਰ ਪਰਛਾਵਾਂ ਹੈ ਇਸੇ ਤਰ੍ਹਾਂ ਵਾਹਿਗੁਰੂ ਅੰਦਰ ਰਹਿੰਦਾ ਹੈ।

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***

***ਪੰਨਾ - 684***

ਭਰਮ ਦੀ ਜਿਹੜੀ ਕਾਈ ਪਈ ਹੋਈ ਹੈ ਜਿਵੇਂ ਪਾਣੀ ਦੇ ਉਤੇ ਬੂਰ (ਕਾਈ) ਪਈ ਹੋਵੇ ਤਾਂ ਪਾਣੀ ਨਜ਼ਰ ਨਹੀਂ ਆਇਆ ਕਰਦਾ ਇਸੇ ਤਰ੍ਹਾਂ ਅੰਤਸ਼ਕਰਣ ਦੇ ਉਤੇ ਭਰਮ ਦੀ ਕਾਈ ਪੈ ਗਈ ਜੋ ਮਿਟਦੀ ਨਹੀਂ।

***ਧਾਰਨਾ - ਬਿਨ ਆਪਾ ਚੀਨੇ ਤੋਂ,***
***ਮਿਟਦੀ ਨਾ ਕਾਈ ਭਰਮ ਦੀ -2, 2.***

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ॥*** ***ਪੰਨਾ - 684***

ਸੋ ਭਰਮ ਇਕ ਐਸੀ ਚੀਜ਼ ਹੈ, ਜਿਸ ਨੂੰ ਸੰਸਾ ਕਹਿ ਲਵੋ, ਭਰਮ ਕਹਿ ਲਵੋ, ਹਉਮੈ ਕਹਿ ਲਵੋ, ਅਵਿਦਿਆ ਕਹਿ ਲਵੋ, ਇਸ ਨੇ ਸਾਨੂੰ ਵਾਹਿਗੁਰੂ ਨਾਲੋਂ ਤੋੜ ਦਿਤਾ। ਜੇ ਇਹ ਗੱਲ ਸਾਡੀ ਸਮਝ ਵਿਚ ਪੈ ਜਾਵੇ, ਸਾਧਨ ਕਰਨ ਉਪਰੰਤ ਮਨ ਮੰਨ ਜਾਵੇ, ਜਿੰਨਾ ਚਿਰ ਮਨ ਨਹੀਂ ਮੰਨਦਾ ਉਨਾਂ ਚਿਰ ਗੱਲ ਨਹੀਂ ਬਣਦੀ। ਇਸੇ ਕਰਕੇ ਮਹਾਰਾਜ ਨੇ ਮੰਨਣ ਦੀ ਬਹੁਤ ਹੀ ਸ਼ੋਭਾ, ਉਪਮਾ ਕੀਤੀ ਹੈ। ਮਨ ਨੂੰ ਮਨਾਉਣਾ ਆਵਸ਼ਕ ਹੈ।

***ਮੰਨੇ ਕੀ ਗਤਿ ਕਹੀ ਨ ਜਾਇ॥***
***ਜੇ ਕੋ ਕਹੈ ਪਿਛੈ ਪਛੁਤਾਇ॥***
***ਕਾਗਦਿ ਕਲਮ ਨ ਲਿਖਣਹਾਰੁ॥***
***ਮੰਨੇ ਕਾ ਬਹਿ ਕਰਨਿ ਵੀਚਾਰੁ॥***
***ਐਸਾ ਨਾਮੁ ਨਿਰੰਜਨ ਹੋਇ॥***
***ਜੇ ਕੋ ਮੰਨਿ ਜਾਣੈ ਮਨਿ ਕੋਇ॥*** ***ਪੰਨਾ - 3***

ਉਸ ਆਤਮ ਤੱਤ ਦੇ ਪਸਾਰੇ ਨੂੰ ਪ੍ਰਤੱਖ ਰੂਪ ਵਿਚ ਅਨੁਭਵ ਕਰ ਲੈਣ ਨੂੰ ਨਾਮ ਆਖਿਆ ਜਾਂਦਾ ਹੈ। ਵਾਹਿਗੁਰੂ-ਵਾਹਿਗੁਰੂ ਜਪਣ ਤੋਂ ਬਾਣੀ ਪੜ੍ਹਨ ਤੋਂ ਲੈ ਕੇ, ਅਨੁਭਵ (realization) ਤੱਕ ਸਾਰੇ ਨੂੰ ਨਾਮ ਆਖਿਆ ਜਾਂਦਾ ਹੈ। ਜਿਸ ਨੇ ਨਾਮ ਨੂੰ ਮੰਨ ਲਿਆ ਸੌ ਫੀ ਸਦੀ ਨਾਮ ਤੇ ਵਿਸ਼ਵਾਸ ਕਰਕੇ ਨਾਮ ਨੂੰ ਮੰਨ ਲਿਆ, ਕਹਿੰਦੇ ਉਸ ਦੀ ਗਤ ਕਹੀ ਨਹੀਂ ਜਾ ਸਕਦੀ। ਲੇਕਿਨ ਮੰਨਿਆ ਨਹੀਂ ਜਾਂਦਾ, ਜਦੋਂ ਚਿਤ ਵਿਚ ਸੰਸਾ ਪਿਆ ਹੋਵੇ ਤਾਂ ਕੋਈ ਕਿਸ ਤਰ੍ਹਾਂ ਮੰਨ ਸਕਦਾ ਹੈ, ਉਹ ਮੰਨਦਾ ਹੀ ਨਹੀਂ। ਇਕ ਬੰਦਾ ਨੇਕ ਹੈ ਲੇਕਿਨ ਕਿਸੇ ਨੇ ਅਕਾਰਨ ਨਿੰਦਿਆ ਕਰ ਦਿਤੀ ਕਿ ਜੀ, ਉਹ ਤਾਂ ਇਸ ਤਰ੍ਹਾਂ ਦਾ ਹੈ, ਮੈਂ ਖੁਦ ਦੇਖਿਐ। ਭਾਵੇਂ ਸਾਰੇ ਲੋਕ ਕਹਿੰਦੇ ਹੋਣ ਕਿ ਉਹ ਬਹੁਤ ਉਤਮ ਪੁਰਸ਼ ਹੈ, ਕਹੇਗਾ ਕਿ ਅਸਲੀ ਕਮਜੋਰੀ ਤਾਂ ਮੈਂ ਜਾਣਦਾ ਹਾਂ ਕਿਉਂਕਿ ਸੰਸਾ ਪੈ ਗਿਆ, ਭਰਮ ਪੈ ਗਿਆ। ਪੰਜ ਕਿਸਮ ਦੇ ਭਰਮ ਮਹਾਂਪੁਰਸ਼ ਦੱਸਦੇ ਹਨ ਤੇ ਗੁਰੂ ਗਰੰਥ ਸਾਹਿਬ ਵਿਚ ਵੀ ਵਾਕ ਆਉਂਦੇ ਹਨ ਤੇ ਸਾਰਿਆਂ ਦੀ ਨਵਿਰਤੀ ਬਾਰੇ ਵੀ ਦਸਦੇ ਹਨ ਕਿ ਕਿਹੜਾ ਭਰਮ ਕਿਸ ਤਰੀਕੇ ਨਾਲ ਨਵਿਰਤ ਹੋ ਸਕਦਾ ਹੈ।

ਮੋਟੇ ਤੌਰ ਤੇ ਇਹ ਭਰਮ ਇਸ ਪ੍ਰਕਾਰ ਹਨ। ਪਹਿਲਾ ਇਹ ਹੈ ਕਿ ਸਾਨੂੰ ਇਹ ਭਰਮ ਪੱਕਾ ਹੋ ਗਿਆ ਕਿ ਮੈਂ ਹੋਰ ਹਾਂ ਵਾਹਿਗੁਰੂ ਹੋਰ ਹੈ। ਇਹ ਦੂਰ ਨਹੀਂ ਹੋ ਸਕਦਾ ਭਾਵੇਂ ਕੋਈ ਕਿੰਨਾ ਵੀ ਜੋਰ ਲਾ ਲਵੇ, ਬਿਲਕੁਲ ਨਹੀਂ ਹਟ ਸਕਦਾ। ਅਸੀਂ ਕਹਿ ਦਿੰਦੇ ਹਾਂ ਕਿ ਅਸੀਂ ਤਾਂ ਗਰੀਬ ਹਾਂ, ਸੁਖ ਮੰਨਦੇ ਹਾਂ, ਦੁਖ ਮੰਨਦੇ ਹਾਂ, ਸਾਨੂੰ ਘਾਟਾ ਵੀ ਦੁਖੀ ਕਰਦੈ ਤੇ ਨਫਾ ਸਾਨੂੰ

ਬਹੁਤ ਫੈਲਾ ਦਿੰਦਾ ਹੈ ਤੇ ਜੇਕਰ ਸਾਡੀ ਉਪਮਾ ਕਰ ਦੇਵੇ ਤਾਂ ਖੁਸ਼ ਹੁੰਦੇ ਹਾਂ ਤੇ ਜੇ ਨਿੰਦਿਆ ਕਰ ਦੇਵੇ ਤਾਂ ਮਹਾਂਦੁਖੀ ਹੋ ਜਾਂਦੇ ਹਾਂ। ਮਹਾਰਾਜ ਜੀ ਕਹਿੰਦੇ ਹਨ ਕਿ ਭਾਈ ਇਹ ਤੇਰਾ ਭਰਮ ਹੈ ਕਿਉਂਕਿ ਤੂੰ ਅਜੇ ਜਿੰਦਗੀ ਦੀ ਅਸਲੀ ਪਉੜੀ ਤੇ ਪੈਰ ਨਹੀਂ ਰੱਖਿਆ ਤੇ ਜਿੰਦਗੀ ਦੀ ਅਸਲੀ ਪਉੜੀ 'ਜੀਵਨ ਮੁਕਤ' ਹੁੰਦੀ ਹੈ।

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥ ਪੰਨਾ - 275***

ਜੀਵਨ ਮੁਕਤ ਹਮੇਸ਼ਾ ਅਨੰਦ ਵਿਚ ਰਹਿੰਦਾ ਹੈ -

***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ - 275***

ਸਾਧ ਸੰਗਤ ਜੀ! ਸਾਡਾ ਨਿਸ਼ਾਨਾ 'ਜੀਵਨ ਮੁਕਤੀ' ਹੈ, ਪਰ ਜ਼ਿੰਦਗੀ ਲੰਘਦੀ ਤੁਰੀ ਜਾ ਰਹੀ ਹੈ ਲੇਕਿਨ ਅਜੇ ਤਕ ਇਕ ਕਦਮ ਵੀ ਨਹੀਂ ਪੁਟ ਸਕੇ। ਪਿਛਲੀ ਵਾਰੀ ਮੈਂ ਦੱਸਿਆ ਸੀ ਕਿ ਆਸਤਿਕ ਤੇ ਨਾਸਤਿਕ ਦਾ ਕੀ ਫਰਕ ਹੁੰਦਾ ਹੈ। ਜਿਸਨੇ ਹਾਲੇ ਤੱਕ ਕੋਈ ਉਪਾਅ ਨਹੀਂ ਕੀਤਾ, ਨਾ ਵਿਵੇਕ ਬਿਰਤੀ ਜਾਗੀ ਹੈ, ਨਾ ਹੀ ਵੈਰਾਗ ਆਇਐ, ਨਾ ਖਟਸੰਮਤੀ ਦਾ ਸਾਧਨ ਕੀਤਾ, ਨਾ ਹੀ ਮੋਕਸ਼ ਇੱਛਾ ਜਾਗੀ ਹੈ, ਨਾ ਹੀ ਸੁਣਨ ਦੀ, ਮੰਨਣ ਦੀ ਨਿਧਿਆਸਣ ਦੀ, ਨਾ ਹੀ ਆਪਣੇ ਸਰੂਪ ਦੀ ਪਛਾਣ ਆਈ ਹੈ, ਉਹ ਇਕ ਲਾਈਨ ਤੇ ਖੜਾ ਹੈ ਅਤੇ ਉਸੇ ਲਾਈਨ ਉਤੇ ਮਨਮੁਖ ਵੀ ਖੜਾ ਹੈ, ਦੋਵੇਂ ਇਕ ਲਾਈਨ ਤੇ ਖੜੇ ਹਨ ਪਰ ਫਰਕ ਐਨਾ ਹੈ ਕਿ ਇਕ ਨੇ ਸੂਰਜ ਵੱਲ ਮੂੰਹ ਕੀਤਾ ਹੋਇਐ ਤੇ ਇਕ ਨੇ ਪਿਠ ਕੀਤੀ ਹੋਈ ਹੈ, ਲੇਕਿਨ ਫਾਸਲਾ ਦੋਵਾਂ ਨੇ ਤਹਿ ਨਹੀਂ ਕੀਤਾ ਤੇ ਲਾਈਨ ਤੇ ਹੀ ਖੜ੍ਹੇ ਹਨ। ਜਿਹੜਾ ਆਸਤਿਕ ਪੁਰਸ਼ ਹੋ ਕੇ, ਨਿੰਦਿਆ, ਉਸਤਤਿ ਵਿਚ ਹੈ ਤੇ ਜਿਸਦੇ ਅੰਦਰ ਈਰਖਾ ਚਲਦੀ ਹੈ, ਜਿਸਦੇ ਅੰਦਰ ਚੁਗਲੀ ਚਲਦੀ ਹੈ ਉਹ ਵੀ ਉਸੇ ਲਾਈਨ ਤੇ ਖੜ੍ਹਾ ਹੈ, ਭਾਵੇਂ ਉਹਦੇ ਵਸਤ੍ਰ ਕਿਹੋ ਜਿਹੇ ਵੀ ਹਨ, ਭਾਵੇਂ ਸਿੰਘਾਂ ਵਾਲੇ ਹਨ ਜਾਂ ਸੰਤਾਂ ਵਾਲੇ ਹਨ, ਸੇਵਾ ਕਰਦੈ, ਗੁਰਦੁਆਰੇ ਵੀ ਬਣਾਉਂਦੈ, ਹੋਰ ਦਾਨ ਪੁੰਨ ਵੀ ਕਰਦੈ, ਦਿਨ ਰਾਤ ਦੌੜਿਆ ਵੀ ਫਿਰਦਾ ਹੈ ਪਰ ਜੇ ਈਰਖਾ ਨਹੀਂ ਅੰਦਰੋਂ ਗਈ ਤਾਂ ਇਕ ਕਦਮ ਵੀ ਅੱਗੇ ਨਹੀਂ ਤੁਰਿਆ, ਉਸੇ ਲਾਈਨ ਤੇ ਖੜਾ ਹੈ। ਉਸ ਨੂੰ ਭੁਲੇਖਾ ਪੈ ਗਿਆ ਕਿ ਮੈਂ ਤਿੰਨ ਵਜੇ ਸਵੇਰੇ ਜਾਗਦਾ ਹਾਂ, ਨਾਮ ਜਪਦਾ ਹਾਂ, ਬੰਦਗੀ ਕਰਦਾ ਹਾਂ, ਬਾਣੀ ਪੜ੍ਹਦਾ ਹਾਂ, ਲੇਕਿਨ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰੇਮੀਆਂ ਤੂੰ ਅਜੇ ਕੁਝ ਵੀ ਨਹੀਂ ਕਰ ਰਿਹਾ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ - 308***

ਉਸ ਦਾ ਕਦੇ ਵੀ ਭਲਾ ਨਹੀਂ ਹੋਵੇਗਾ ਜਿਸ ਦੇ ਅੰਦਰੋਂ ਈਰਖਾ ਨਹੀਂ ਗਈ। ਫੇਰ ਉਸਨੇ ਈਰਖਾ ਬਾਰੇ ਤਾਂ ਕਦੇ ਸੋਚਿਆ ਹੀ ਨਹੀਂ। ਪੁਛਿਆ ਨਾਮ ਕਿੰਨਾਂ ਜਪਦਾ ਹੁੰਦੈ ਪ੍ਰੇਮੀਆ! ਕਹਿੰਦਾ ਜੀ, ਮੈਂ ਤਾਂ ਪੰਜ ਘੰਟੇ ਦੀ ਸਮਾਧੀ ਲਾ ਲੈਂਦਾ ਹਾਂ। ਪ੍ਰੇਮੀਆਂ, ਨਾਮ ਤਾਂ ਈਰਖਾ ਨੂੰ ਕੱਟ ਦਿੰਦਾ ਹੈ ਤਾਂ ਅਜੇ ਤੈਨੂੰ ਨਾਮ ਪ੍ਰਾਪਤ ਨਹੀਂ ਹੋਇਆ, ਕਿਸੇ ਥਾਂ ਤੇ ਤੇਰੇ ਵਿਚ ਕੋਈ ਨੁਕਸ ਹੈ। ਆਹ ਟੇਪ ਰਿਕਾਰਡਰ ਲਾ ਦਿਓ, ਜੇਕਰ ਕੋਈ ਨੁਕਸ ਹੋਵੇ ਇਸ ਨੇ ਫੜਨਾ ਹੀ ਨਹੀਂ ਭਾਵੇਂ ਜਿੰਨਾ ਚਿਰ ਮਰਜ਼ੀ ਰੀਲ ਚਲਦੀ ਰਹੇ। ਇਸੇ ਤਰ੍ਹਾਂ ਦੇ ਨਾਲ ਆਦਮੀ ਨੇਕੀ ਦੇ ਕੰਮ ਕਰਦਾ ਤਾਂ ਹੈ, ਪਰ ਸਾਵਧਾਨੀ ਤੇ ਵਿਚਾਰ ਨਹੀਂ ਆਈ। ਜਿੰਨਾ ਚਿਰ ਵਿਚਾਰ ਨਹੀਂ ਆਈ, ਉਨਾਂ ਚਿਰ ਰੂਹਾਨੀ ਜੀਵਨ ਤੇ ਤੁਰਨਾ ਮੁਸ਼ਕਲ ਹੈ, ਤੁਰਿਆ ਨਹੀਂ ਜਾ ਸਕਦਾ ਤੇ ਇਸ ਭੁਲੇਖੇ ਦੇ ਅੰਦਰ ਹੀ ਮਾਰਿਆ ਜਾਂਦੈ, ਕੁਝ ਬਣਿਆ ਨਹੀਂ ਕਰਦਾ। ਸੋ ਇਸ ਭੁਲੇਖੇ ਦੇ ਅੰਦਰ ਇਸ ਨੂੰ ਭੇਦ ਭਰਮ ਲੱਗਿਆ ਹੋਇਐ ਕਿ ਮੈਂ ਹੋਰ ਹਾਂ ਤੇ ਵਾਹਿਗੁਰੂ ਹੋਰ ਹੈ ਕਿਉਂਕਿ 'ਮੈਂ' ਆਪਣੀ ਦੇਹ ਨੂੰ ਕਹਿੰਦਾ ਹੈ, ਸਰੀਰ ਨੂੰ ਆਖਦੈ, ਇਸ ਦਾ ਦੇਹ ਅਭਿਮਾਨ ਨਹੀਂ ਟੁਟਦਾ, ਜਿੰਨਾ ਚਿਰ ਦੇਹ ਅਭਿਮਾਨ ਨਹੀਂ ਟੁੱਟਦਾ ਉਨਾਂ ਚਿਰ ਇਸ ਨੂੰ ਪਤਾ ਨਹੀਂ ਲੱਗ ਸਕੇਗਾ ਕਿ 'ਮੈਂ ਕੌਣ ਹਾਂ?'

ਦੂਸਰਾ ਕਰਤੱਤ੍ਵ ਭਰਮ ਹੁੰਦਾ ਹੈ ਕਿ ਮੈਂ ਪੁੰਨ ਕੀਤਾ, ਮੈਂ ਦਾਨ ਕੀਤਾ, ਮੈਂ ਫਲਾਣੀ ਤੀਰਥ ਯਾਤਰਾ ਤੇ ਗਿਆ, ਮੈਂ ਉਥੇ ਜਾ ਕੇ ਲੰਗਰ ਲਵਾਇਆ। ਇਸ ਤਰ੍ਹਾਂ ਜਦੋਂ ਕਰਤੱਤਵ ਭਰਮ ਵਿਚ ਆਏਗਾ ਤਾਂ ਇਸ ਨੂੰ ਕਰਮ ਚਿੰਬੜ ਜਾਣਗੇ ਤੇ ਇਹ ਕਰਮ ਚਿੰਬੜ ਕੇ ਇਸ ਦੀ ਜੀਵ ਆਤਮਾ ਦੇ ਨਾਲ ਹੀ ਤੁਰ ਜਾਣਗੇ ਤੇ ਇਸ ਨੂੰ ਦੁਖ ਸੁਖ ਦਾ ਹੇਤੂ ਬਣਾ ਦੇਣਗੇ। ਨਰਕ ਵੀ ਭੋਗੇਗਾ, ਸਵਰਗ ਵੀ ਭੋਗੇਗਾ। ਦੋ ਪ੍ਰਕਾਰ ਦੇ ਵੱਡੇ ਕਰਮ ਹੁੰਦੇ ਹਨ, ਸਾਕਾਮ ਕਰਮ ਤੇ ਨਿਸ਼ਕਾਮ ਕਰਮ। ਸਾਕਾਮ ਕਰਮ ਉਹ ਹੁੰਦੇ ਹਨ ਜਿਵੇਂ ਕੋਈ ਮਜ਼ਦੂਰ ਮਜ਼ਦੂਰੀ ਕਰਦਾ ਹੋਵੇ ਤੇ ਸ਼ਾਮ ਨੂੰ ਮਜ਼ਦੂਰੀ ਮੰਗਦਾ ਹੋਵੇ। ਇਹ ਕੁਛ ਨਹੀਂ ਹੁੰਦਾ ਕੇਵਲ ਜਿੰਦਗੀ ਦੀ ਮਜ਼ਦੂਰੀ ਹੋਇਆ ਕਰਦੀ ਹੈ। ਜਿਹੜੇ ਨਿਸ਼ਕਾਮ ਕਰਮ ਹੁੰਦੇ ਹਨ, ਇਹ ਹਿਰਦੇ ਦੀ ਮਲੀਨਤਾ ਨੂੰ ਦੂਰ ਕਰਕੇ ਅੰਤਸ਼ਕਰਣ ਨੂੰ ਨਿਰਮਲ ਕਰਦੇ ਹਨ। ਪ੍ਰਮੇਸ਼ਰ ਦੇ ਨਾਮ ਦਾ, ਗਿਆਨ ਦਾ ਅਧਿਕਾਰੀ ਉਹ ਹੁੰਦਾ ਹੈ ਜਿਹੜਾ ਨਿਸ਼ਕਾਮ ਕਰਮ ਕਰਦਾ ਹੋਵੇ। ਜਿਹੜਾ ਸੁਕਾਮ ਕਰਮ ਕਰਦੈ ਕਿ ਮੈਂ ਆਹ ਕੀਤਾ ਤੇ ਮੈਂ ਫਲਾਣਾ ਪੁੰਨ ਕਰਦਾ ਹਾਂ ਉਸ ਦਾ ਨਤੀਜਾ ਵੱਧ ਤੋਂ ਵੱਧ ਇਹ ਹੋਵੇਗਾ ਕਿ ਉਹ ਸਵਰਗ ਲੋਕ ਵਿਚ ਚਲਾ ਜਾਏਗਾ। ਜੇ ਬਹੁਤ ਹੀ ਜ਼ਿਆਦਾ ਦਾਨ ਪੁੰਨ ਕਰਦੈ ਨਾਲ ਸਾਧਨਾ ਵੀ ਕਰਦਾ ਹੈ ਤਾਂ ਬ੍ਰਹਮ ਲੋਕ ਵਿਚ ਚਲਿਆ ਜਾਵੇਗਾ। ਲੇਕਿਨ ਇਕ ਦੀ ਬਾਂਹ ਵਿਚ ਸੋਨੇ ਦੀ ਬੇੜੀ (ਹਥਕੜੀ) ਲੱਗੀ ਹੋਈ ਹੈ ਤੇ ਦੂਜੀ ਨੂੰ ਲੋਹੇ ਦੀ ਲੱਗੀ ਹੋਈ ਹੈ ਤੇ ਹਨ ਦੋਵੇਂ ਹੀ ਹਥਕੜੀਆਂ। ਇਸ ਨੂੰ ਕਰਤੱਤ੍ਵ ਭਰਮ ਹੁੰਦਾ ਹੈ ਕਿ ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ।

ਤੀਜਾ ਸੰਗ ਭਰਮ ਹੋਇਆ ਕਰਦੈ ਕਿ ਜਿਸ ਤਰ੍ਹਾਂ ਦੇ

ਨਾਲ ਇਕ ਬਲੌਰ ਹੈ, ਉਸ ਦੇ ਕੋਲ ਲਾਲ ਰੰਗ ਦਾ ਗੁਲਾਬ ਦਾ ਫੁਲ ਰੱਖ ਦੇਈਏ ਤਾਂ ਉਹ ਲਾਲ ਰੰਗ ਦਾ ਹੀ ਪ੍ਰਤੀਤ ਦੇਣ ਲੱਗ ਪਵੇਗਾ। ਇਸ ਤਰ੍ਹਾਂ ਨਾਲ ਆਤਮਾ ਦੇ ਪ੍ਰਕਾਸ਼ ਨਾਲ ਜਿਹੜਾ ਅੰਤਸ਼ਕਰਣ ਹੈ ਇਹ ਦੇਹ ਦਾ ਸੰਗ ਕਰਕੇ ਆਪਣੇ ਆਪ ਨੂੰ ਦੇਹ ਸਮਝਣ ਲੱਗ ਜਾਂਦਾ ਹੈ ਕਿ ਮੈਂ ਸਰੀਰ ਹਾਂ। ਫੇਰ ਕਹਿੰਦੈ ਜੀ ਮੇਰੀ ਜਾਤ, ਮੈਂ ਤਾਂ ਜੀ ਗਿੱਲ ਹਾਂ, ਮੈਂ ਰਾਮਗੜ੍ਹੀਆ ਹਾਂ, ਮੈਂ ਜੱਟ ਹਾਂ, ਮੈਂ ਆਹਲੂਵਾਲੀਆ ਹਾਂ, ਜਾਤਾਂ ਤੇ ਆ ਗਿਆ ਪਰ ਆਤਮਾ ਦੀ ਤਾਂ ਕਈ ਜਾਤ ਨਹੀਂ ਹੈ। ਫੇਰ ਗੋਤ ਮਿਲਾਣ ਲੱਗ ਜਾਂਦੈ ਕਿ ਮੇਰਾ ਫਲਾਣਾ ਗੋਤ, ਫੇਰ ਰੰਗਤ ਗਿਣਦੈ ਕਿ ਮੈਂ ਕਾਲਾ ਹਾਂ ਜਾਂ ਮੈਂ ਬਹੁਤ ਸੁੰਦਰ ਹਾਂ। ਸ਼ੀਸ਼ੇ ਦੇ ਸਾਹਮਣੇ ਖੜ੍ਹ ਕੇ ਦੇਖੀ ਜਾਂਦੈ ਕਿਉਂਕਿ ਆਪਣੇ ਆਪ ਨੂੰ ਦੇਹ ਮੰਨਦਾ ਹੈ। ਦੇਹ ਅਧਿਆਸ ਨਾ ਟੁੱਟਣ ਕਰਕੇ ਬਿਰਤੀ ਉਪਰ ਨਹੀਂ ਜਾਂਦੀ। ਰੰਗ ਮੰਨਦੈ, ਵਰਨ ਮੰਨਦੈ, ਤੇ ਕਹਿੰਦੈ ਕਿ ਮੈਂ ਗ੍ਰਿਸਤੀ ਹਾਂ, ਮੈਂ ਤਿਆਗੀ ਹਾਂ, ਮੈਂ ਵਿਰਕਤ ਹਾਂ। ਜਿਹੜਾ ਕਹਿੰਦੈ ਮੈਂ ਵਿਰਕਤ ਹਾਂ, ਮੈਂ ਗ੍ਰਿਹਸਤੀ ਹਾਂ ਦੋਵੇਂ ਕਰਤੱਤਵ ਭਰਮ ਵਿਚ ਪਏ ਹੋਏ ਹਨ। ਇਸੇ ਤਰ੍ਹਾਂ ਕੋਈ ਆਪਣੇ ਆਪ ਨੂੰ ਬਿਹੰਗਮ ਕਹਿੰਦੈ, ਇਸੇ ਤਰ੍ਹਾਂ ਜੰਮਣਾ, ਮਰਨਾ, ਨਰਕ, ਸੁਰਗ, ਪੁੰਨ, ਪਾਪ, ਇਹ ਸਾਰੇ ਦੁਖ ਸੁਖ ਮੰਨ ਕੇ ਅਹੰਭਾਵ ਧਾਰਨਾ, ਇਹ ਕਰਤੱਤਵ ਭਰਮ ਹੋਇਆ ਕਰਦਾ ਹੈ। ਤੀਸਰਾ ਵਿਕਾਰ ਭਰਮ ਹੁੰਦਾ ਹੈ, ਉਹ ਇਹ ਹੁੰਦੈ ਕਿ ਵਾਹਿਗੁਰੂ ਦਾ ਕਾਰਜ, ਜਗਤ ਨੂੰ ਸਮਝਣਾ, ਕਿ ਵਾਹਿਗੁਰੂ ਕਾਰਨ ਹੈ ਤੇ ਸੰਸਾਰ ਕਾਰਜ ਹੈ। ਇਸ ਬਾਰੇ ਮਹਾਰਾਜ ਦਾ ਫੁਰਮਾਨ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਪੰਨਾ – 922***

ਇਹ ਉਸਦਾ ਕਾਰਜ ਨਹੀਂ ਹੈ ਤੇ ਕਾਰਨ ਵੀ ਵਾਹਿਗੁਰੂ ਨਹੀਂ ਹੈ ਸਗੋਂ ਵਾਹਿਗੁਰੂ ਤੇ ਸੰਸਾਰ ਇਕੋ ਹੀ ਹੈ।

ਪੰਜਵਾਂ ਬ੍ਰਹਮ ਤੇ ਜਗਤ ਦਾ ਭਰਮ, ਜਿਸ ਨੂੰ ਇਹ ਪੈ ਜਾਵੇ ਕਿ ਵਾਹਿਗੁਰੂ ਨੇ ਜਗਤ ਨੂੰ ਬਣਾਇਐ, ਜਗਤ ਹੋਰ ਚੀਜ਼ ਹੈ ਤੇ ਵਾਹਿਗੁਰੂ ਹੋਰ ਚੀਜ਼ ਹੈ। ਸੋ ਇਹ ਅਭਿਮਾਨ ਹਉਮੈ ਦੇ ਮਜ਼ਬੂਤ ਥੰਮ (pillars) ਹਨ। ਜਿੰਨੀ ਦੇਰ ਤਕ ਇਹ ਭਰਮ ਦੂਰ ਨਹੀਂ ਹੁੰਦੇ ਉਨਾਂ ਚਿਰ ਕੁਝ ਨਹੀਂ ਬਣ ਸਕਦਾ ਅਤੇ ਹਉਮੈ ਦਾ ਵੱਡਾ ਥੰਮ ਦੇਹ ਅਧਿਆਸ ਹੋਇਆ ਕਰਦਾ ਹੈ। ਸੂਖਮ ਅਭਿਮਾਨ ਤਾਂ ਟੁਟ ਜਾਇਆ ਕਰਦਾ ਹੈ ਲੇਕਿਨ ਸਥੂਲ ਸਰੀਰ ਦਾ ਜੋ ਅਭਿਮਾਨ ਹੈ ਇਹ ਨਹੀਂ ਨਾਸ਼ ਹੋਇਆ ਕਰਦਾ ਤੇ ਜੋ ਸੂਖਮ ਹੈ ਉਹ ਗਿਆਨ ਦੇ ਨਾਲ ਨਾਸ਼ ਹੋ ਜਾਂਦਾ ਹੈ।

ਇਸ ਤਰ੍ਹਾਂ ਇਹ ਦੇਹ ਨੂੰ ਮੰਨ ਕੇ ਚਲਦਾ ਹੈ ਤਾਂ ਦੇਹ ਕੀ ਹੈ? ਇਹਦੇ ਵਿਚ ਪੰਜ ਚੋਰ ਹਨ, ਪੰਜ ਵਿਸ਼ੇ ਹਨ, ਪੰਜ ਕਲੇਸ਼, ਇਹ ਦੁਖਾਂ ਦਾ ਅਖਾੜਾ ਬਣਿਆ ਹੋਇਆ ਹੈ, ਜਿਵੇਂ ਪਸ਼ੂ ਝੋਟੇ, ਸਾਂਢ ਆਦਿ ਭਿੜਦੇ ਹਨ ਤੇ ਇਸ ਤਰ੍ਹਾਂ ਭਿੜਦੇ ਰਹਿੰਦੇ ਹਨ ਤੇ ਆਦਮੀ ਦੁਖੀ ਹੋ ਜਾਂਦਾ ਹੈ। ਉਹ ਆਪ ਵੀ ਦੁਖੀ ਹੁੰਦੈ ਤੇ ਸੰਸਾਰ ਨੂੰ ਵੀ ਦੁਖੀ ਕਰਦਾ ਹੈ ਕਿਉਂਕਿ ਉਸਨੇ ਦੇਹ ਅਭਿਮਾਨ ਨਹੀਂ ਛੱਡਿਆ।

ਨਾਮਦੇਵ ਭਗਤ ਜੀ ਦੇ ਜੀਵਨ ਦੇ ਅੰਦਰ ਇਕ ਐਸੇ ਦੇਹ ਅਭਿਮਾਨ ਦੀ ਸਾਖੀ ਆਉਂਦੀ ਹੈ ਕਿ ਇਕ ਵਾਰ ਆਪ ਸੰਗਤਾਂ ਦੀ ਬੇਨਤੀ ਨੂੰ ਮੰਨ ਕੇ ਤੀਰਥ ਯਾਤਰਾ ਨੂੰ ਚਲ ਪਏ। ਦਿੱਲੀ ਵੀ ਆਏ ਤੇ ਪੰਜਾਬ ਵਿਚ ਘਮਾਣ ਆਦਿ ਕਈ ਥਾਵਾਂ ਤੇ ਆਏ ਤੇ ਇਥੇ ਕਾਫੀ ਦੇਰ ਰਹੇ ਵੀ ਹਨ। ਉਸ ਤੋਂ ਬਾਅਦ ਰਾਜਸਥਾਨ ਵੱਲ ਨੂੰ ਹੋ ਕੇ ਸਾਰੇ ਸੰਤ ਇਕੱਠੇ ਹੋ ਗਏ ਅਖੀਰ ਜਦੋਂ ਇਹ ਵਿਦਾ ਹੋ ਗਏ, ਕਬੀਰ ਸਾਹਿਬ ਆਪਣੇ ਥਾਂ ਨੂੰ ਰਵਾਨਾ ਹੋ ਗਏ, ਰਵਿਦਾਸ ਜੀ ਆਪਣੇ ਅਸਥਾਨ ਨੂੰ ਰਵਾਨਾ ਹੋ ਗਏ ਤੇ ਨਾਮਦੇਵ ਜੀ ਵੀ ਆਪਣੇ ਦੱਖਣ ਵਾਲੇ ਘਰ ਨੂੰ ਹੌਲੀ-ਹੌਲੀ ਸਨੇ-ਸਨੇ ਬੰਬਈ ਵੱਲ ਦੀ ਹੁੰਦੇ ਹੋਏ ਉਥੇ ਪਹੁੰਚ ਜਾਂਦੇ ਹਨ। ਅੱਗੇ ਜਾ ਕੇ ਕੀ ਦੇਖਦੇ ਹਨ ਕਿ ਉਹਨਾਂ ਦਾ ਘਰ ਉਥੇ ਹੈ ਨਹੀਂ ਤੇ ਉਥੇ ਇਕ ਛੋਟਾ ਜਿਹਾ ਰਾਜਾ ਸੀ, ਉਸਨੇ ਆਪਣਾ ਪਲਾਨ ਬਣਾਇਆ ਕਿ ਇਥੇ ਕੋਠੀ ਪਾ ਲਈਏ ਰਹਿਣ ਵਾਸਤੇ, ਮਹਿਲ ਬਣਾ ਲਈਏ। ਉਸਦੇ ਮਿਸਤਰੀ ਕਹਿਣ ਲੱਗੇ ਦੇਖੋ ਮਹਾਰਾਜ! ਆਹ ਜਿਹੜੇ ਦੋ ਚਾਰ ਘਰ ਹਨ ਇਹ ਚੰਗੇ ਨਹੀਂ ਲੱਗਦੇ ਇਹ ਢੁਆ ਦਿਓ ਤੇ ਦੂਜਾ ਇਹਦੀ ਇਕਸਾਰਤਾ (symmetry) ਨਹੀਂ ਬਣਨੀ, ਇਹ ਨਕਸ਼ਾ ਤਾਂ ਹੀ ਠੀਕ ਬਣ ਸਕਦਾ ਹੈ ਜੇਕਰ ਇਹ ਘਰ ਢਾਹ ਦਿੱਤੇ ਜਾਣ। ਰਾਜੇ ਨੇ ਹੁਕਮ ਦੇ ਕੇ ਸਾਰੇ ਘਰ ਢੁਵਾ ਦਿੱਤੇ। ਇਕ ਪ੍ਰੇਮੀ ਨੇ ਕਿਹਾ ਕਿ ਇਨ੍ਹਾਂ ਵਿਚ ਨਾਮਦੇਵ ਜੀ ਦਾ ਘਰ ਹੈ ਉਹ ਭਗਤ ਹਨ। ਰਾਜਾ ਕਹਿਣ ਲੱਗਿਆ, ਤਾਂ ਕੀ ਹੈ, ਬਥੇਰੇ ਭਗਤ ਦੇਖੇ ਹਨ ਕਿਉਂਕਿ ਜਦੋਂ ਦੇਹ ਅਭਿਮਾਨੀ ਹੋ ਜਾਂਦੈ ਤਾਂ ਨਾਸਤਿਕ ਬੁੱਧੀ ਹੋ ਜਾਂਦੀ ਹੈ। ਜਿਸ ਵੇਲੇ ਨਾਮਦੇਵ ਜੀ ਨੇ ਆ ਕੇ ਦੇਖਿਆ ਕਿ ਘਰ ਸਾਡਾ ਕਿਧਰ ਗਿਆ, ਇਥੇ ਤਾਂ ਮਹਿਲ ਬਣਿਆ ਪਿਆ ਹੈ। ਸਾਰਿਆਂ ਨੇ ਦੱਸਿਆ ਕਿ ਮਹਾਰਾਜ! ਤੁਹਾਡੀ ਗੈਰ ਹਾਜਰੀ ਦੇ ਅੰਦਰ ਇਸ ਰਾਜੇ ਨੇ ਤੁਹਾਡਾ ਘਰ ਢਾਹ ਦਿੱਤਾ ਤੇ ਇਸਨੇ ਬੜਾ ਮਜ਼ਬੂਤ ਮਹਿਲ ਬਣਾਇਆ ਹੈ, ਨਾਮਦੇਵ ਜੀ ਉਸ ਨੂੰ ਮਿਲਣ ਚਲੇ ਗਏ ਤੇ ਸੁਨੇਹਾ ਭੇਜਿਆ ਕਿ ਨਾਮਦੇਵ ਰਾਜੇ ਨੂੰ ਮਿਲਣਾ ਚਾਹੁੰਦੇ ਹਨ। ਉਸ ਨੂੰ ਪਤਾ ਲੱਗ ਗਿਆ ਕਿ ਹੁਣ ਇਹ ਮੇਰੇ ਨਾਲ ਘਰ ਦੀ ਬਾਬਤ ਗੱਲ ਕਰੇਗਾ ਤੇ ਕਿਹਾ ਕਿ ਉਨ੍ਹਾਂ ਨੂੰ ਅੰਦਰ ਲੈ ਆਵੋ। ਨਾਮਦੇਵ ਜੀ ਕੋਲ ਜਾ ਕੇ ਕਹਿਣ ਲੱਗੇ ਦੇਖੋ ਰਾਜਨ! ਪ੍ਰਮੇਸ਼ਰ ਕਿਸੇ ਨੂੰ ਮਾਇਆ ਦਿੰਦੈ, ਸ਼ਕਤੀ ਦਿੰਦੈ ਤਾਂ ਉਸ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਇਨਸਾਫ ਕਰੇ।

***ਰਾਜੇ ਚੁਲੀ ਨਿਆਵ ਕੀ............॥ ਪੰਨਾ – 1240***

ਜੇਕਰ ਰਾਜਾ ਨਿਆ ਨਾ ਕਰੇ ਤਾਂ ਉਹ ਆਪਣੇ ਧਰਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਮੈਂ ਗਰੀਬ ਆਦਮੀ ਹਾਂ ਤੇ ਇਥੇ ਬੈਠ ਕੇ ਭਜਨ-ਬੰਦਗੀ ਕਰਦਾ ਸੀ ਤੇ ਮੇਰੀ ਛੋਟੀ ਜਿਹੀ ਕੁਟੀਆ ਸੀ ਤੇ ਤੁਸੀਂ ਢਾਹ ਕੇ ਆਪਣੇ ਮਹਿਲ ਬਣਾ ਲਏ ਤੇ ਇਸ ਤਰ੍ਹਾਂ ਕਹਿੰਦੇ ਹਨ –

*ਧਾਰਨਾ - ਰਾਜਾ ਮੰਦਰ ਬਣਾ ਲਏ ਆਪਣੇ,*
*ਢਾਹ ਕੇ ਮੇਰੀ ਰਾਮ ਕੁਟੀਆ -2, 2.*
*ਢਾਹ ਕੇ ਮੇਰੀ ਜੀ ਰਾਮ ਕੁਟੀਆ -2, 2.*
*ਰਾਜਾ ਮੰਦਰ ਬਣਾ ਲਏ ਆਪਣੇ, ...... -2.*

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥*
*ਪੰਨਾ - 692*

ਕਹਿਣ ਲੱਗੇ, "ਰਾਜਨ! ਛੋਟੀ ਜਿਹੀ ਕੁਟੀਆ ਸੀ, ਬੈਠ ਕੇ ਭਜਨ ਕਰਦੇ ਸੀ ਤੇ ਦਿਨ-ਕਟੀ ਕਰ ਰਿਹਾ ਸੀ, ਕਿਸੇ ਦਾ ਮਕਾਨ ਜੋਰ ਜਬਰੀ ਢਾਹ ਕੇ ਆਪਣਾ ਬਣਾ ਲੈਣਾ ਇਹ ਤਾਂ ਠੀਕ ਨਹੀਂ ਹੈ, ਤੈਨੂੰ ਪ੍ਰਮੇਸ਼ਰ ਨੇ ਸ਼ਕਤੀ ਦਿੱਤੀ ਹੈ, ਤੈਨੂੰ ਇਨਸਾਫ ਦੀ ਗੱਦੀ ਤੇ ਬਿਠਾਇਆ ਹੈ। ਕਹਿਣ ਲੱਗਿਆ ਨਾਮਦੇਵ! ਕੀ ਹੋ ਗਿਆ ਜੇ ਢਾਹ ਦਿੱਤੀ, ਮੇਰੇ ਮਹਿਲ ਦੀ ਇਕਸਾਰਤਾ (symmetry) ਨਹੀਂ ਸੀ ਬਣਦੀ ਇਸ ਕਰਕੇ ਢਾਹੁਣੀ ਪਈ। ਨਾਮਦੇਵ ਜੀ ਕਹਿਣ ਲੱਗੇ, ਦੇਖੋ! ਕਿੱਡੇ ਕਿੱਡੇ ਲੰਮੀਆਂ ਉਮਰਾਂ ਵਾਲੇ ਲੰਘ ਗਏ, ਉਨ੍ਹਾਂ ਨੇ ਸਾਦੇ ਰਹਿ ਕੇ ਜੀਵਨ ਬਤੀਤ ਕਰ ਦਿਤਾ ਤੇ ਹੁਣ ਜਿੰਨੀ ਉਮਰ ਥੋੜ੍ਹੀ ਹੈ ਉਨੀ ਹੀ ਪਕਿਆਈ ਜ਼ਿਆਦਾ ਕੀਤੀ ਜਾਂਦੀ ਹੈ -

*ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥*
*ਪੰਨਾ - 692*

ਮਾਰਕੰਡਾ ਰਿਸ਼ੀ ਜੀ ਨੂੰ ਸਭ ਤੋਂ ਵੱਡੀ ਉਮਰ ਵਾਲੇ ਮੰਨਦੇ ਹਨ।

*ਲਖ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ।*
*ਭਾਈ ਗੁਰਦਾਸ ਜੀ, ਵਾਰ 1/5*

ਉਹ ਕੋਈ ਕਿਲਾ, ਕੋਈ ਕੋਟ, ਕੋਈ ਮਕਾਨ ਨਹੀਂ ਸੀ ਬਣਾਉਂਦੇ ਤੇ ਉਮਰਾਂ ਉਨ੍ਹਾਂ ਦੀਆਂ ਲੱਖਾਂ ਸਾਲਾਂ ਦੀਆਂ ਸਨ। ਹੁਣ ਤਾਂ ਉਮਰ 50 ਸਾਲ ਦੀ, ਕਿਸੇ ਦੀ 60 ਦੀ, ਕਿਸੇ ਦੀ 70 ਦੀ ਤੇ ਇਸ ਤੋਂ ਵੱਧ ਵੱਧਦਾ ਹੀ ਨਹੀਂ ਕੋਈ। ਜੇ ਵਧੇਗਾ ਤਾਂ ਰੋਗੀ ਹੋਏਗਾ। ਰਾਜਨ! ਐਡਾ ਪੱਕਾ ਕੰਮ, ਪੰਜਾਹ ਸਾਲ ਦੀ ਤਾਂ ਉਮਰ ਤੇਰੀ ਵੈਸੇ ਹੀ ਹੋਈ ਪਈ ਹੈ ਤੇ ਤੂੰ ਸੌ ਵਰ੍ਹਿਆਂ ਦੀ ਪਿੜ ਬੰਨ੍ਹ ਲਈ। ਕਹਿਣ ਲੱਗਿਆ, ਮੈਂ ਤਾਂ ਮਹਿਲ ਬਣਾ ਲਿਆ ਤੇ ਜੇ ਤੇਰਾ ਕੋਈ ਹਮਾਇਤੀ ਹੈ ਤਾਂ ਲੈ ਆ, ਜੋ ਕਰਨਾ ਹੈ ਕਰ ਲੈ ਕਿਉਂਕਿ ਜਿਹੜਾ ਅਭਿਮਾਨੀ ਪੁਰਸ਼ ਹੋਇਆ ਕਰਦੈ, ਉਹ ਬਹੁਤ ਗਲਤ ਗੱਲਾਂ ਕਰਿਆ ਕਰਦਾ ਹੈ। ਅਭਿਮਾਨੀ ਅੰਨ੍ਹਾ ਹੋਇਆ ਕਰਦੈ ਤੇ ਹਿਰਦੇ ਵਿਚ ਅੰਧ-ਧੁੰਦ ਪੈਦਾ ਕਰ ਦਿਆ ਕਰਦਾ ਹੈ ਤੇ ਉਸ ਦੀ ਬਿਰਤੀ ਵੀ ਅੰਨੀ ਹੋ ਜਾਇਆ ਕਰਦੀ ਹੈ। ਨਾਮਦੇਵ ਜੀ ਕਹਿਣ ਲੱਗੇ, ਦੇਖੋ ਤੁਸੀ ਲੋਕ ਤਾਂ ਬੰਦੇ ਨਾਲ ਰੱਖਦੇ ਹੋ ਤੇ ਤੁਹਾਡੇ ਤਾਂ ਬਹੁਤ ਬੰਦੇ ਹਨ ਪਰ ਸਾਡਾ ਤਾਂ ਕੋਈ ਵੀ ਨਹੀਂ ਹੈ ਰਾਜਨ! ਜੇਕਰ ਸਾਡਾ ਹੈ ਤਾਂ ਉਹ ਇਕੋ ਪ੍ਰਮੇਸ਼ਰ ਹੀ ਹੈ, ਹੋਰ ਸਾਡਾ ਕੋਈ ਨਹੀਂ ਹੈ।

*ਧਾਰਨਾ - ਕਰਤਾ ਰਾਮ ਸਨੇਹੀ,*
*ਹਮਰੋ ਕਰਤਾ ਰਾਮ ਸਨੇਹੀ -2, 4.*

ਰਾਜਾ ਕਹਿਣ ਲੱਗਿਆ, "ਨਾਮਦੇਵ! ਮੈਂ ਬਹੁਤੀਆਂ ਗੱਲਾਂ ਨਹੀਂ ਸੁਣਿਆ ਕਰਦਾ ਤੇ ਨਾਹੀ ਮੇਰੇ ਕੋਲ ਐਨਾ ਸਮਾਂ ਹੈ, ਜੇ ਤੇਰਾ ਕੋਈ ਹਮਾਇਤੀ ਹੈ ਤਾਂ ਜਾ ਕੇ ਲੈ ਆ। ਕਹਿਣ ਲੱਗੇ ਰਾਜਨ! ਸਾਡਾ ਤਾਂ ਹੋਰ ਕੋਈ ਹਮਾਇਤੀ ਹੈ ਨਹੀਂ, ਇਕੋ ਪ੍ਰਮੇਸ਼ਰ ਸਾਡਾ ਹਮਾਇਤੀ ਹੈ ਪਰ ਉਸ ਨੂੰ ਐਨੀਆਂ ਛੋਟੀਆਂ-ਛੋਟੀਆਂ ਗੱਲਾਂ ਤੇ ਨਹੀਂ ਬੁਲਾਇਆ ਜਾਂਦਾ, ਅਸੀਂ ਉਸ ਨੂੰ ਬੁਲਾਉਂਦੇ ਨਹੀਂ ਪਰ ਉਹ ਆਪ ਹੀ ਆ ਜਾਇਆ ਕਰਦਾ ਹੈ। ਦੇਖੋ ਪ੍ਰਹਿਲਾਦ ਛੋਟਾ ਜਿਹਾ ਬੱਚਾ ਸੱਤ ਸਾਲ ਦੀ ਉਮਰ ਸੀ, ਉਸਨੇ ਸਾਰੀ ਹਕੂਮਤ ਦੇ ਨਾਲ ਟੱਕਰ ਲਾ ਲਈ, ਸਾਰੇ ਹੀ ਜੋਰ ਲਾ ਕੇ ਬਹਿ ਗਏ ਤੇ ਉਹਦਾ ਜਿਹੜਾ ਹਮਾਇਤੀ ਸੀ ਉਸਨੇ ਆਪ ਸਹਾਇਤਾ ਕੀਤੀ।

*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ॥*
*ਭਾਈ ਗੁਰਦਾਸ ਜੀ ਦੀ ਵਾਰ 10/2*

ਨਾ ਜਲ ਨੇ ਡੋਬਿਆ ਤੇ ਨਾ ਅੱਗ ਨੇ ਸਾੜਿਆ, ਨਾ ਹੀ ਪਹਾੜ ਤੋਂ ਸੁੱਟੇ ਜਾਣ ਕਰਕੇ ਉਸ ਨੂੰ ਕੋਈ ਤਕਲੀਫ ਹੋਈ, ਆਕਰਸ਼ਣ ਸ਼ਕਤੀ (gravitation) ਹੀ ਬਦਲ ਦਿੱਤੀ।

*ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥*
*ਪੰਨਾ - 1165*

ਪ੍ਰਮੇਸ਼ਰ ਨੇ ਪ੍ਰਕਿਰਤੀ ਦਾ ਸੁਭਾਅ ਬਦਲ ਦਿਤਾ, ਜਿਹੜਾ ਹੁਕਮ ਚਲ ਰਿਹਾ ਸੀ ਉਸ ਦਾ ਕਾਰਜ ਬਦਲ ਦਿਤਾ ਕਿ ਪ੍ਰਹਿਲਾਦ ਨੂੰ ਜਾਲਣਾ ਨਹੀਂ, ਪਾਣੀ ਤੇ ਹੁਕਮ ਹੋ ਗਿਆ ਕਿ ਡੋਬਣਾ ਨਹੀਂ, ਨਾ ਹੀ ਗਿੱਲਾ ਕਰਨਾ ਹੈ, ਧਰਤੀ ਨੂੰ ਕਹਿ ਦਿਤਾ ਕਿ ਜੇ ਟੋਆ ਪੁਟ ਕੇ ਇਸ ਨੂੰ ਦੱਬ ਦੇਣ ਤਾਂ ਇਸ ਨੂੰ ਦੱਬਣਾ ਨਹੀਂ, ਆਪਣੀ ਵਿਸ਼ੇਸ਼ ਸ਼ਕਤੀ ਦੇ ਨਾਲ ਹੁਕਮ ਦੇ ਦਿਤਾ ਤੇ ਮਾਇਆ ਫੇਰ ਦਿਤੀ ਤੇ ਪ੍ਰਕਿਰਤੀ ਦਾ ਸੁਭਾਅ ਬਦਲ ਦਿਤਾ। ਕਹਿਣ ਲੱਗੇ ਰਾਜਨ! ਉਹ ਆਪਣੀ ਮੌਜ ਨਾਲ ਆਇਆ ਕਰਦੈ, ਪਰ ਹੈ ਐਸਾ ਤਕੜਾ ਕਿ ਜੇ ਕਿਤੇ ਆ ਜਾਵੇ ਤਾਂ ਜਿਹਦੇ ਵੱਲ ਹੋ ਜਾਵੇ ਤਾਂ ਉਸ ਦੀ ਹਾਰ ਨਹੀਂ ਹੋਇਆ ਕਰਦੀ।

*ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ,*
*ਜਿਹਦੇ ਹੋ ਜਾਏ ਵੱਲ -2, 2.*
*ਜਿਹਦੇ ਹੋ ਜਾਏ ਵੱਲ ............2*
*ਉਹ ਤਾਂ ਕਦੇ ਵੀ ਨਾ ਹਾਰਦਾ, ..... -2.*

*ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ॥*
*ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ॥*
*ਆਪਿ ਉਪਾਵਣਹਾਰ ਆਪੇ ਹੀ ਮਾਰਦਾ॥*
*ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ॥*
*ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥*
*ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ॥*
*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥*
*ਪੰਨਾ - 519*

ਕਹਿਣ ਲੱਗੇ ਰਾਜਨ! ਸਾਡਾ ਤਾਂ ਇਕੋ ਹੀ ਵਾਹਿਗੁਰੂ ਹੈ ਤੇ ਸੰਸਾਰ ਦੇ ਵਿਚ ਹੋਰ ਸਾਡਾ ਕੋਈ ਹਮਾਇਤੀ ਨਹੀਂ ਹੈ। ਦੱਸ ਅਸੀਂ ਕਿਸ ਨੂੰ ਬੁਲਾਈਏ। ਤੂੰ ਐਨੀ ਕੁ ਗਲ ਪਿਛੇ ਝਗੜਾ ਕਰਦੈਂ। ਇਹ ਦੇਹ ਤਾਂ ਚਾਰ ਦਿਨ ਦੀ ਪ੍ਰਾਹੁਣੀ ਹੈ

ਤੇ ਪਤਾ ਨਹੀਂ ਕਿਹੜੇ ਵੇਲੇ ਇਸ ਤੇ ਕਾਲ ਰੂਪੀ ਬਾਜ ਦਾ ਝਪਟਾ ਪੈ ਜਾਣੈ, ਅਚਿੰਤੇ ਹੀ ਬਾਜ ਪੈਂਦੇ ਹਨ –

***ਫਰੀਦਾ ਦਰਿਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥***
***ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥***
***ਪੰਨਾ – 1383***

ਉਹ ਤਾਂ ਗੱਲਾਂ ਚਿਤ ਚੇਤੇ ਵੀ ਨਹੀਂ ਹੁੰਦੀਆਂ ਜੋ ਪ੍ਰਮੇਸ਼ਰ ਕਰ ਦਿਆ ਕਰਦੈ ਤੇ ਅਚਿੰਤ ਹੀ ਝਪਟਾ ਪੈ ਜਾਂਦੈ, ਝਪਟਾ ਪੈਂਦੀ ਸਾਰ ਖਤਮ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥***
***ਪੰਨਾ – 692***

ਕਾਲ ਤਾਂ ਸ਼ਿਕਾਰੀ ਵਾਂਗੂ ਹਥ ਵਿਚ ਰਾਈਫਲ, ਹਥਿਆਰ ਆਦਿ ਮਾਰਨ ਵਾਲੀਆਂ ਚੀਜ਼ਾਂ ਲੈ ਕੇ ਤੁਰਿਆ ਫਿਰਦੈ ਤੇ ਇਕੱਠੇ ਹਜ਼ਾਰ-ਹਜ਼ਾਰ ਲੱਖ-ਲੱਖ ਬੰਦੇ ਮਾਰ ਦਿੰਦੈ ਤੇ ਇਥੇ ਕਾਹਦਾ ਭਰੋਸਾ ਹੈ। ਇਸ ਦੇਹ ਦਾ ਭਰੋਸਾ ਕਰਦੈ ਇਸ ਦਾ ਕੀ ਅਭਿਮਾਨ ਕਰਦੈ, ਪਿਆਰਿਆ!

***ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥***
***ਪੰਨਾ – 692***

***ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥***
***ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥***
***ਪੰਨਾ – 1374***

***ਧਾਰਨਾ – ਤੇਰੀ ਦੇਹੀ ਨੇ ਖਾਕ ਬਣ ਜਾਣਾ,***
***ਜਿਸਦਾ ਤੂੰ ਮਾਣ ਕਰਦੈਂ –2, 2.***
***ਮੇਰੇ ਪਿਆਰੇ, ਜਿਸਦਾ ਤੂੰ ਮਾਣ ਕਰਦੈਂ –2, 2.***
***ਤੇਰੀ ਦੇਹੀ ਨੇ ਖਾਕ ਬਣ ਜਾਣਾ, .... –2.***

***ਪੁਤਰੀ ਤੇਰੀ ਬਿਧ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥ ਪੰਨਾ – 374***

ਮਿਟੀ ਦਾ ਪੁਤਲਾ ਦੌੜਿਆ ਫਿਰਦੈ, ਨਚਦੈ, ਫਿਰਦੈ, ਖੁਸ਼ ਹੁੰਦੈ, ਰੋਂਦੈ, ਕਮਾਲ ਦੀ ਗੱਲ ਹੈ –

***ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਪੰਨਾ – 487***

ਕਹਿਣ ਲੱਗੇ ਕਿ ਇਸ ਤਰੀਕੇ ਨਾਲ, ਵਿਧੀ ਨਾਲ ਤੇ ਮਰਿਆਦਾ ਨਾਲ ਬਣਾਈ ਹੋਈ ਦੇਹ ਹੈ –

***ਪੁਤਰੀ ਤੇਰੀ ਬਿਧ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥ ਪੰਨਾ – 374***

ਇਹ ਗੱਲ ਸੱਚ ਕਰਕੇ ਮੰਨ ਲੈ ਤੇ ਸਮਝ ਲੈ ਇਸ ਨੇ ਮਿੱਟੀ ਬਣ ਜਾਣਾ ਹੈ ਕਿਵੇਂ ਵਿਉਂਤ ਨਾਲ ਬਣਾਈ ਹੋਈ ਹੈ? ਸਾਧ ਸੰਗਤ ਜੀ! ਧਿਆਨ ਦੇ ਕੇ ਸਰਵਣ ਕਰਨਾ। ਪੰਜਾਂ ਤੱਤਾਂ ਦੇ ਤਾਮਸੀ ਅੰਸ਼ ਤੋਂ ਮਾਸ, ਹੱਡੀਆਂ, ਖੂਨ, ਬਾਕੀ ਨਾੜੀਆਂ, ਰੋਮ ਆਦਿ ਇਹ ਸਭ ਚੀਜ਼ਾਂ ਬਣੀਆਂ ਹੋਈਆਂ ਹਨ ਤੇ ਇਹਦੇ ਰਜੋਗੁਣੀ ਅੰਸ਼ ਤੋਂ ਕਰਮ ਇੰਦਰੇ ਬਣਾਏ ਹੋਏ ਹਨ, ਸਤੋਗੁਣੀ ਅੰਸ਼ ਤੋਂ ਪੰਜ ਗਿਆਨ ਇੰਦਰੇ ਹਨ। ਹਰ ਇੰਦਰੇ ਵਿਚ ਅੱਧਾ ਹਿੱਸਾ ਇਕ ਤੱਤ ਦਾ ਹੈ ਤੇ 1/8 ਬਾਕੀ ਤੱਤਾਂ ਦਾ ਹੈ। ਸਰੀਰ ਦੇ ਵਿਚ ਸਪਰਸ਼ ਹੈ, ਇਹਦੇ ਵਿਚ ਅੱਧਾ ਅਕਾਸ਼ ਹੈ 1/8 ਬਾਕੀ ਦੇ ਤੱਤ ਹਨ। ਨੇਤਰਾਂ ਦੇ ਅੰਦਰ ਅੱਧਾ ਹਿੱਸਾ ਤੇਜ ਦਾ ਹੈ ਤੇ 1/8, 1/8 ਬਾਕੀ ਦੇ ਤੱਤ ਹਨ। ਜ਼ੁਬਾਨ ਦੇ ਅੰਦਰ ਅੱਧਾ ਪਾਣੀ ਦਾ ਹੈ ਤੇ ਬਾਕੀ 1/8, 1/8 ਦੇ ਹਿਸਾਬ ਨਾਲ ਚਾਰੇ ਤੱਤ ਹਨ। ਕੰਨਾਂ ਦੇ ਅੰਦਰ ਅੱਧਾ ਤੱਤ ਅਕਾਸ਼ ਦਾ ਹੈ ਤੇ ਬਾਕੀ 1/8 ਦੇ ਹਿਸਾਬ ਨਾਲ ਚਾਰੇ ਤੱਤ ਹਨ। ਸਪਰਸ਼ ਦੇ ਅੰਦਰ, ਛੋਹ (ਚਮੜੀ) ਦੇ ਅੰਦਰ ਅੱਧਾ ਹਵਾ ਦਾ ਤੇ ਬਾਕੀ ਦੇ 1/8, 1/8 ਦੇ ਹਿਸਾਬ ਨਾਲ ਚਾਰੇ ਤੱਤ ਹਨ। ਨੱਕ ਦੇ ਅੰਦਰ, ਗੰਧ ਜਿਸ ਨੂੰ ਕਹਿੰਦੇ ਹਨ ਇਸ ਦੇ ਅੰਦਰ ਅੱਧਾ ਮਿਟੀ ਹੈ ਤੇ ਬਾਕੀ ਦੇ ਚਾਰ ਤੱਤ 1/8 ਦੇ ਹਿਸਾਬ ਨਾਲ ਹਨ। ਇਸ ਤਰ੍ਹਾਂ ਇਹ ਪੰਜੀ ਪ੍ਰਕਿਰਤੀਆਂ ਤੋਂ ਬਣਿਆ ਹੋਇਆ ਸਰੀਰ ਹੈ। ਇਸ ਸਰੀਰ ਦੇ ਅੰਦਰ ਜੋ ਸੂਖਸ਼ਮ ਅੰਸ਼ ਹੈ ਜੋ ਪੰਜਾਂ ਤੱਤਾਂ ਦਾ ਹੈ ਉਸ ਨੂੰ ਮਨ ਕਹਿੰਦੇ ਹਨ। ਪੰਜ ਪ੍ਰਾਣ ਹਨ, ਪੰਜ ਗਿਆਨ ਇੰਦਰੇ ਹਨ, ਪੰਜ ਕਰਮ ਇੰਦਰੇ ਹਨ, ਮਨ ਹੈ, ਬੁਧੀ ਹੈ ਤੇ ਬੁਧੀ ਅੰਤਸ਼ਕਰਣ ਦਾ ਵਿਸ਼ਾ ਹੈ, ਚਿੱਤ ਹੈ, ਇਸ ਨੂੰ ਜਾਗਰਤ ਕਹਿੰਦੇ ਹਨ। ਇਹ ਚੇਤਨ ਤੱਤ ਹੈ ਤੇ ਇਹਨਾਂ ਸਾਰਿਆਂ ਦੇ ਜੋ ਉਤਮ (supereme) ਹੈ, ਹਉਮੈ ਦੀ ਗੰਢ ਹੈ ਜਿਸ ਨੂੰ ਅਹੰਭਾਵ ਕਹਿੰਦੇ ਹਨ। ਇਸ ਪ੍ਰਕਾਰ ਤੇਰੀ ਦੇਹ ਬਣੀ ਹੋਈ ਹੈ, ਇਹ ਕਿਸੇ ਖਾਸ ਕੰਮ ਵਾਸਤੇ ਤੈਨੂੰ ਪ੍ਰਾਪਤ ਹੋਈ ਹੈ। ਐ ਜੀਵ ਆਤਮਾ! ਤੈਨੂੰ ਘੁੰਮਦੇ ਨੂੰ ਬਹੁਤ ਜੁਗ ਬੀਤ ਗਏ –

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***
***ਪੰਨਾ – 631***

ਤੈਨੂੰ ਫਿਰਦੇ ਫਿਰਦੇ ਨੂੰ ਬਹੁਤ ਜੁਗ ਹੋ ਗਏ ਤੇ ਅਨੇਕਾ ਜੂਨਾਂ ਵਿਚ ਘੁੰਮ ਚੁਕਿਆ ਹੈ –

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥ ਪੰਨਾ – 176***

ਬੇਅੰਤ ਜੂਨੀਆਂ ਵਿਚ ਘੁੰਮਦੇ ਘੁੰਮਦੇ ਨੂੰ, ਤੈਨੂੰ ਇਹ ਮਨੁੱਖ ਦੀ ਦੇਹ ਬੜੀ ਹੀ ਵਿਧੀ ਦੇ ਨਾਲ ਥਾਟ ਕੇ ਦਿੱਤੀ ਗਈ ਹੈ ਤੇ ਇਹਦੇ ਨਾਲ ਤੂੰ ਕੁਝ ਖਾਸ ਕੰਮ ਕਰਨ ਵਾਸਤੇ ਆਇਆ ਹੈਂ –

***ਮੂਲੁ ਸਮਾਲਹੁ ਅਚੇਤ ਗਵਾਰਾ॥***
***ਇਤਨੇ ਕਉ ਤੁਮ ਕਿਆ ਗਰਬੇ॥ ਪੰਨਾ – 374***

ਇਹ ਅਭਿਮਾਨ ਕਰਦਾ ਫਿਰਦੈ ਕਿ ਮੇਰੀ ਕੋਠੀ ਹੈ, ਮੇਰਾ ਕੰਮਕਾਰ ਬਹੁਤ ਚਲਦੈ, ਮੇਰੇ ਕੋਲ ਬਹੁਤ ਪੈਸਾ ਹੈ, ਮੈਂ ਬੀ. ਐਡ ਕੀਤੀ ਹੋਈ ਹੈ, ਮੈਂ ਵੱਡੀ ਸਰਵਿਸ ਤੇ ਲੱਗਿਆ ਹੋਇਆ ਹਾਂ, ਮੈਂ ਵੱਡਾ ਵਿਦਵਾਨ ਹਾਂ, ਬਸ ਐਨੀ ਕੁ ਗੱਲ ਤੇ ਗਰਬ ਕਰ ਰਿਹੈਂ, ਤੂੰ ਆਪਣਾ ਮੂਲ ਸੰਭਾਲ, ਆਪਣੇ ਆਪੇ ਵੱਲ ਨੂੰ ਤੁਰਨ ਦੀ ਕੋਸ਼ਿਸ਼ ਕਰ ਕਿ ਤੇਰਾ ਮੂਲ (source) ਕੀ ਹੈ ਤੇ ਤੂੰ ਕਿਥੋਂ ਆਇਆ ਹੈਂ? ਉਸ ਮੂਲ ਨੂੰ ਸੰਭਾਲ ਪਿਆਰਿਆ, ਵਿਚਾਰ ਕਰ ਤੂੰ ਹੈਂ ਕੀ?

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥***
***ਅਵਰ ਵਸਤੁ ਤੁਝ ਪਾਹਿ ਅਮਾਨ॥ ਪੰਨਾ – 374***

ਤਿੰਨ ਸੇਰ ਤਾਂ ਬਹੁਤਾ ਹੈ, ਹੁਣ ਤਾਂ ਥੋੜ੍ਹਾ-ਥੋੜ੍ਹਾ ਹੀ ਖਾਇਆ ਜਾ ਸਕਦਾ ਹੈ, ਫੇਰ ਵੀ ਗੁਰੂ ਮਹਾਰਾਜ ਜੀ ਨੇ ਤਿੰਨ ਸੇਰ ਲਿਖ ਦਿਤਾ, ਵਿਚੇ ਪਾਣੀ, ਵਿਚੇ ਦਾਲ, ਆਟਾ, ਦੁਧ, ਚਾਹ ਆਦਿ ਸਾਰੀਆਂ ਚੀਜ਼ਾਂ ਪਾ ਕੇ, ਬਸ ਇਹ ਸਾਰੀ ਦਿਹਾੜੀ ਦੀ ਲੋੜ ਹੈ ਤੇ ਤਿੰਨ ਸੇਰ ਦਾ ਅਹਾਰ ਗਿਣਿਆ ਗਿਆ ਹੈ, ਬਾਕੀ ਜਿਹੜੀਆਂ ਚੀਜ਼ਾਂ ਤੇਰੇ ਕੋਲ ਹਨ, ਜਿਵੇਂ ਬੈਂਕ ਵਿਚ ਪੈਸਾ ਪਿਐ, ਜ਼ਮੀਨ-ਜਾਇਦਾਦ ਹੈ, ਬੜੇ ਵੱਡੇ ਕਾਰੋਬਾਰ ਹਨ, ਇਹ ਤਾਂ ਸਭ ਤੈਨੂੰ ਨਿਗਰਾਨੀ ਕਰਨ ਵਾਸਤੇ ਹਨ, ਇਨ੍ਹਾਂ ਦੀ ਤੂੰ ਸਿਰਫ ਨਿਗਰਾਨੀ ਕਰ ਰਿਹੈ ਜਿਵੇਂ ਖੋਤਾ ਬੋਝ ਚੁਕ ਕੇ ਟੁਰ ਰਿਹਾ ਹੁੰਦਾ ਹੈ ਪਰ ਇਹ ਤੇਰੇ ਕਿਸੇ ਕੰਮ ਦੀਆਂ ਨਹੀਂ ਹਨ।

***ਅਵਰ ਵਸਤੁ ਤੁਝ ਪਾਹਿ ਅਮਾਨ॥ ਪੰਨਾ - 374***

ਇਹ ਤਾਂ ਬੇਗਾਨਿਆਂ ਵਾਸਤੇ ਅਮਾਨਤ ਹੈ ਜਿਨ੍ਹਾਂ ਨੇ ਪੈਦਾ ਹੋਣੈ, ਕਿਸੇ ਦਾ ਜਵਾਈ ਲੈ ਜਾਵੇਗਾ, ਕਿਸੇ ਦਾ ਪੁੱਤਰ ਲੈ ਜਾਵੇਗਾ, ਕਿਸੇ ਦਾ ਕੋਈ ਮਿੱਤਰ ਹੀ ਲੈ ਜਾਵੇਗਾ, ਇਹ ਤਾਂ ਨਿਗਰਾਨੀ ਦਾ ਕੰਮ ਰਿਹਾ ਹੈ ਜਿਵੇਂ ਅਮਾਨਤ ਰੱਖੀ ਹੁੰਦੀ ਹੈ -

***ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਪੰਨਾ - 374***

ਇਸ ਸਰੀਰ ਦੇ ਵਿਚ ਕੀ ਹੈ ? ਵਿਸ਼ਟਾ ਹੈ, ਇਹਦੇ ਵਿਚ ਹੱਡੀਆਂ ਹਨ ਤੇ ਰਕਤ ਹੈ, ਖੂਨ ਹੈ ਤੇ ਪਲਾਸਟਿਕ ਦੇ ਪਤਲੇ ਜਿਹੇ ਪਰਦੇ ਵਿਚ ਇਹ ਸਾਰਾ ਗੰਦ-ਮੰਦ ਲਪੇਟਿਆ ਹੋਇਆ ਹੈ।

***ਇਸੁ ਊਪਰਿ ਲੇ ਰਾਖਿਓ ਗੁਮਾਨ॥ ਪੰਨਾ - 374***

ਇਹਦੇ ਉਤੇ ਤੂੰ ਘੁਮੰਡ ਕਰਦੈਂ, ਇਹਦੇ ਕਰਕੇ ਕਹਿਨੈਂ ਕਿ ਮੈਂ ਸੁੰਦਰ ਹਾਂ, ਮੇਰਾ ਸਰੀਰ ਸੁੰਦਰ ਹੈ, ਮੇਰਾ ਰੰਗ ਗੋਰਾ ਹੈ ਤੇ ਖੜ੍ਹ ਕੇ ਸ਼ੀਸ਼ੇ ਸਾਹਮਣੇ ਆਪ ਨੂੰ ਦੇਖਦਾ ਰਹਿੰਦੈ, ਇਹ ਤਾਂ ਪ੍ਰੇਮੀਆ ਤੇਰਾ ਦੇਹ ਅਧਿਆਸ ਹੈ, ਦੇਹ ਨੂੰ ਕੀ ਦੇਖਦੈਂ, ਇਹ ਗੰਦ ਮੂਤ ਦਾ ਥੈਲਾ ਹੈ। ਪਰ ਇਸਦੇ ਵਿਚ ਇਕ ਚੀਜ਼ ਹੈ ਉਹ ਵੀ ਤੈਨੂੰ ਦੱਸ ਦਿੰਦੇ ਹਾਂ ਕਿ -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਪੰਨਾ - 374***

ਇਹਦੇ ਅੰਦਰ ਜਿਹੜੀ ਅਸਲੀ ਚੀਜ਼ ਹੈ ਜੇਕਰ ਉਹ ਬੁਝ ਲਵੇ ਤਾਂ ਤੇਰੀ ਇਹ ਗੰਦੀ ਦੇਹ ਇਤਨੀ ਪਾਕ ਹੋ ਜਾਏਗੀ ਕਿ ਤੇਰੇ ਚਰਨਾਂ ਦੀ ਧੂੜੀ ਨੂੰ ਤੀਰਥ ਵੀ ਲੋਚਣਗੇ। ਜਿਸਨੇ ਇਹ ਗੱਲ ਬੁੱਝ ਲਈ, ਉਹਦੇ ਚਰਨਾਂ ਦੀ ਧੂੜੀ ਜੇ ਮਿਲ ਜਾਵੇ ਤਾਂ ਇੰਨੀ ਸਮਰੱਥ ਹੋ ਜਾਵੇਗੀ ਕਿ ਉਹ ਆਪਣੀ ਮੈਲ ਤਾਂ ਗਵਾਏਗੀ ਹੀ, ਤੇ ਉਹਨਾਂ ਦੀ ਵੀ ਮੈਲ ਗਵਾਏਗੀ ਜਿਨ੍ਹਾਂ ਵਿਚ ਅਨੇਕਾਂ ਪਾਪੀ ਆਪਣੀ ਮੈਲ ਸੁੱਟ ਜਾਂਦੇ ਹਨ -

***ਧਾਰਨਾ - ਤੀਰਥ ਵੀ ਲੋਚਦੇ ਸੰਤਾਂ ਦੀ ਧੂੜੀ ਤਾਂਈ -2, 2.***
***ਸੰਤਾਂ ਦੀ ਧੂੜੀ ਤਾਂਈ -2, 2.***
***ਤੀਰਥ ਵੀ ਲੋਚਦੇ, ............... -2.***

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਪੰਨਾ - 1263***

ਕਿਉਂਕਿ ਸਾਧੂ ਨੇ ਲੀਨਤਾ (realization) ਪ੍ਰਾਪਤ ਕਰ ਲਈ ਇਸ ਸਰੀਰ ਵਿਚ ਜਿਹੜਾ ਕੁਝ ਸੀ ਉਸ ਨੂੰ ਬੁੱਝ ਲਿਆ। ਉਸ ਦੇ ਬੁੱਝਣ ਨਾਲ ਕੀ ਹੋਇਆ ? ਇਹ ਨਾਪਾਕ ਦੇਹ, ਗੰਦ-ਮੂਤ ਦਾ ਥੈਲਾ ਇੰਨਾ ਪਵਿੱਤਰ ਹੋ ਗਿਆ ਕਿ ਤੀਰਥ ਵੀ ਯਾਚਨਾ ਕਰਦੇ ਹਨ ਕਿ ਹੇ ਪ੍ਰਭੂ ! ਸਾਡੇ ਵਿਚ ਸੰਸਾਰੀ ਲੋਕਾਂ ਨੇ ਮੈਲ ਭਰ ਦਿਤੀ, ਤੂੰ ਆਪਣਾ ਕੋਈ ਪਿਆਰਾ ਭੇਜ, ਜਿਹੜਾ ਤੇਰੇ ਨਾਲ ਮਿਲਿਆ ਹੋਇਐ, ਉਹਦੇ ਚਰਨਾਂ ਦੇ ਸਪਰਸ਼ ਦੇ ਨਾਲ ਸਾਡੇ ਵਿਚ ਪਈ ਹੋਈ ਸਾਰੇ ਲੋਕਾਂ ਦੇ ਪਾਪਾਂ ਦੀ ਮੈਲ ਦੂਰ ਹੋ ਜਾਏਗੀ। ਮਹਾਰਾਜ ਜੀ ਫੁਰਮਾਉਂਦੇ ਹਨ -

***ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥***
***ਪੰਨਾ - 468***

ਉਸ ਪਿਆਰੇ ਦੇ ਚਰਨਾਂ ਦੀ ਧੂੜ ਜੇ ਮਿਲ ਜਾਵੇ ਤਾਂ ਅਸੀਂ ਮਸਤਕ ਉਤੇ ਲਾ ਲਈਏ ਪਰ ਅਖੀਰ ਤੇ ਫੁਰਮਾਨ ਹੈ ਕਿ -

***ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ॥***
***ਪੰਨਾ - 468***

ਸੰਤਾਂ ਦੀ ਧੂੜੀ ਕੋਈ ਮਾਮੂਲੀ ਚੀਜ਼ ਨਹੀਂ ਹੈ ਕਿ ਐਵੇਂ ਪ੍ਰਾਪਤ ਹੋ ਜਾਵੇ ਕਿਉਂਕਿ ਉਸਨੇ ਜਿਥੇ ਵੀ ਚਰਨ ਪਾਉਣੇ ਹਨ, ਉਹ ਹਰ ਥਾਂ ਪਵਿੱਤਰ ਹੁੰਦਾ ਚਲਿਆ ਜਾਂਦੈ ਤੇ ਤੀਰਥ ਬਣ ਜਾਂਦਾ ਹੈ ਤੇ ਜਿਥੇ ਜਾ ਕੇ ਬੈਠ ਜਾਂਦੇ ਹਨ ਉਹ ਥਾਂ ਸੋਭਨੀਕ ਹੋ ਜਾਂਦਾ ਹੈ।

***ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥***
***ਪੰਨਾ - 450***
***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਪੰਨਾ - 319***

ਸੋ ਇਸ ਤਰ੍ਹਾਂ ਨਾਲ ਫੁਰਮਾਨ ਹੈ ਕਿ -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਪੰਨਾ - 374***

ਜੇਕਰ ਤੂੰ ਉਸ ਵਸਤੂ ਨੂੰ ਬੁੱਝ ਗਿਆ ਜਿਹੜੀ ਕਿ ਦੇਹ ਦੇ ਅੰਦਰ ਤੱਤ ਵਸਤੂ ਹੈ, ਤਾਂ ਤੂੰ ਪਾਕ ਹੋ ਗਿਆ, ਪਵਿੱਤਰ ਹੋ ਗਿਆ ਤੇ ਤੀਰਥਾਂ ਦਾ ਵੀ ਪੂਜਨੀਕ ਹੋ ਗਿਆ, ਜਿਥੇ ਤੂੰ ਬੈਠ ਜਾਵੇਂਗਾ ਉਸ ਥਾਂ ਨੂੰ ਤੀਰਥ ਬਣਾ ਦੇਵੇਂਗਾ ਤੇ ਤੇਰੇ ਸਤਿਸੰਗ ਵਿਚ ਅਠਾਹਠ ਤੀਰਥ ਨਿਵਾਸ ਕਰਨਗੇ ਜੇ ਤੂੰ ਉਹ ਗੱਲ ਬੁੱਝ ਗਿਆ -

***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374***

ਕੱਪੜੇ ਭਾਵੇਂ ਸੌ-ਸੌ ਰੁਪਏ, ਹਜ਼ਾਰ-ਹਜ਼ਾਰ ਰੁਪਏ ਮੀਟਰ ਦੇ ਪਹਿਨ ਲੈ ਤੇ ਭਾਵੇਂ ਲੱਖਾਂ ਰੁਪਈਆਂ ਦੇ ਗਹਿਣੇ ਪਾ ਲੈ ਪਰ ਫਿਰ ਵੀ ਤੂੰ ਨਾਪਾਕ ਹੈ ਤੇ ਤੇਰੇ ਨਾਲ ਜਿਹੜੀ ਚੀਜ਼ ਲਗੇਗੀ ਉਹ ਵੀ ਅਪਵਿੱਤਰ ਹੋ ਜਾਵੇਗੀ ਕਿਉਂਕਿ ਤੇਰੇ ਅੰਦਰੋਂ ਹਰ ਵਕਤ ਪਰਮਾਣੂ ਨਿਕਲ ਰਹੇ ਹਨ, ਲਹਿਰਾਂ ਨਿਕਲ ਰਹੀਆਂ ਹਨ ਤੇ ਉਹ ਸਭ ਚੀਜ਼ਾਂ ਨੂੰ ਦੂਸ਼ਤ ਕਰ ਰਹੀਆਂ ਹਨ ਤੇ ਐਸੇ ਬੰਦਿਆਂ ਨੇ ਤਾਂ ਸਾਰਾ ਸੰਸਾਰ ਦੂਸ਼ਿਤ ਕਰ ਦਿਤਾ-

***ਸਗਲੀ ਧਰਤੀ ਸਾਧ ਕੀ ਤਸਕਰ ਬੈਸੇ ਗਾਇ॥***

ਚੋਰਾਂ ਨੇ ਆ ਕੇ ਸਾਰੀ ਧਰਤੀ ਭ੍ਰਿਸ਼ਟ ਕਰ ਦਿਤੀ ਕਿਉਂਕਿ ਇਹ ਧਰਤੀ ਤਾਂ ਸਾਧੂਆਂ ਵਾਸਤੇ ਬਣੀ ਸੀ ਜਿਨ੍ਹਾਂ ਨੇ ਆਪਣਾ ਅੰਦਰ ਸ਼ੁਧ ਕੀਤਾ ਹੋਇਆ ਹੈ ਤੇ ਅੰਦਰਲੀ ਵਸਤੂ ਨੂੰ ਬੁੱਝ ਲਿਆ ਹੋਇਆ ਹੈ।

ਸੋ ਇਸ ਕਰਕੇ – ***'ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥'*** ***(ਪੰਨਾ – 374)*** ਤੇ ਉਹ ਵਸਤੂ ਕਿਹੜੀ ਹੈ? ਜੇ ਸਾਨੂੰ ਪਤਾ ਲੱਗ ਜਾਵੇ ਕਿ ਸਾਡੇ ਸਰੀਰ ਅੰਦਰ ਕੋਈ ਐਸੀ ਵਸਤੂ ਵੀ ਹੈ ਜਿਸਨੂੰ ਜਾਣ ਕੇ, ਬੁੱਝ ਕੇ ਮਹਾਂਪਵਿੱਤਰ ਤੇ ਪਾਕ ਬਣਿਆ ਜਾ ਸਕਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥ ਪੰਨਾ – 309***

ਇਹਦੇ ਵਿਚ ਵਾਹਿਗੁਰੂ ਨੇ ਆਪਣੀ ਜੋਤ ਰੱਖੀ ਹੋਈ ਹੈ।

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ॥***
***ਹਰਿ ਜੋਤਿ ਰਖੀ ਤੁਧੁ ਵਿਚਿ***
***ਤਾ ਤੂ ਜਗ ਮਹਿ ਆਇਆ॥ ਪੰਨਾ – 921***

ਤੇਰੇ ਸਰੀਰ ਵਿਚ ਵਾਹਿਗੁਰੂ ਨੇ ਆਪਣੀ ਨਿਜ ਜੋਤ ਰੱਖ ਦਿਤੀ। ਇਸ ਪ੍ਰਸੰਗ ਵਿਚ ਇਕ ਸਾਖੀ ਆਉਂਦੀ ਹੈ ਕਿਉਂਕਿ ਸਾਖੀਆਂ ਪ੍ਰਤੀਕ ਹੋਇਆ ਕਰਦੀਆਂ ਹਨ। ਮੋਟੀ ਬੁੱਧੀ ਵਾਲਿਆਂ ਨੂੰ ਗੱਲ ਸਮਝਾਉਣ ਵਾਸਤੇ ਮਹਾਂਪੁਰਸ਼ਾਂ ਨੇ ਤਰੀਕਾ ਕੱਢਿਆ ਹੋਇਆ ਹੈ। ਉਹ ਸੱਚ ਤੇ ਅਧਾਰਤ ਹੋਣ ਕਰਕੇ ਬਹੁਤ ਵੱਡੀ ਗੱਲ ਸਮਝਾ ਦਿੰਦੀਆਂ ਹਨ। ਈਸਾਈਤ ਤੇ ਇਸਲਾਮ ਧਰਮ ਦੇ ਅੰਦਰ ਇਕ ਮਿਥਿਹਾਸ ਆਉਂਦਾ ਹੈ ਕਿ ਪ੍ਰਮੇਸ਼ਰ ਨੇ ਜਦੋਂ ਆਦਮੀ ਦੀ ਨਰ–ਨਰਾਇਣੀ ਦੇਹ ਬਣਾਈ, ਉਸ ਵੇਲੇ ਆਪਣੀ ਜੋਤ ਇਹਦੇ ਵਿਚ ਪਾ ਦਿਤੀ ਜਿਸ ਨੂੰ ਰੂਹ ਆਖਦੇ ਹਨ ਕਿਉਂਕਿ ਇਹ ਸਰੀਰ ਦੋ ਚੀਜ਼ਾਂ ਦਾ ਬਣਿਆ ਹੋਇਐ, ਇਕ ਇਹਦੇ ਵਿਚ ਪੰਜ ਤੱਤ ਹਨ ਤੇ ਇਕ ਇਹਦੇ ਵਿਚ ਰੂਹ ਹੈ। ਰੂਹ ਜਿਹੜੀ ਹੈ ਉਹ ਪ੍ਰਮੇਸ਼ਰ ਨੇ ਇਹਦੇ ਵਿਚ ਆਪਣੀ ਜੋਤ ਪਾ ਦਿਤੀ। ਉਹ ਥੋੜ੍ਹੀ ਦੇਰ ਬਾਅਦ ਸਰੀਰ ਵਿਚੋਂ ਬਾਹਰ ਨਿਕਲ ਗਈ। ਕਹਿਣ ਲੱਗੇ ਕੀ ਗੱਲ, ਬਾਹਰ ਕਿਉਂ ਨਿਕਲ ਆਏ, ਜਵਾਬ ਮਿਲਿਆ ਕਿ ਮਹਾਰਾਜ ਹਾਂ ਤਾਂ ਮੈਂ ਤੁਹਾਡੀ ਜੋਤ, ਤੁਹਾਡੇ ਨਾਲ ਜੁੜਿਆ ਹੋਇਆਂ ਤੇ ਤੁਸੀਂ ਮੈਨੂੰ ਆਪਣੇ ਨਾਲੋਂ ਅੱਡ ਕਰ ਦਿਤਾ ਪਰ ਉਥੇ ਅਨ੍ਹੇਰਾ ਬਹੁਤ ਹੈ ਤੇ ਸੁਨਸਾਨ ਹੈ। ਕਹਿਣ ਲੱਗੇ, "ਹੁਣ ਜਾਹ! ਅੰਦਰ ਟਿਕ, ਉਹ ਕਾਫੀ ਦੇਰ ਨਾ ਨਿਕਲੀ ਪਰ ਫੇਰ ਵਾਪਸ ਆ ਗਈ। ਪ੍ਰਮੇਸ਼ਰ ਕਹਿਣ ਲਗੇ ਕੀ ਗੱਲ ਹੁਣ ਕਿਉਂ ਆਈ? ਕਹਿਣ ਲੱਗੀ, ਮੈਨੂੰ ਨਾਦ ਤਾਂ ਸੁਣਨ ਲੱਗ ਗਿਆ, ਪਰ ਅਨ੍ਹੇਰਾ ਪਿਐ। ਪ੍ਰਮੇਸ਼ਰ ਨੇ ਫੇਰ ਕਿਹਾ ਕਿ ਹੁਣ ਜਾਹ, ਮੈਂ ਇਸ ਦਾ ਸੰਬੰਧ (connection) ਆਪਣੀ ਦਰਗਾਹ ਦੇ ਨਾਲ ਜੋੜ ਦਿੰਦਾ ਹਾਂ। ਅਕਾਲ ਪੁਰਖ ਨੇ ਆਪਣੀ ਦਰਗਾਹ ਨਾਲ ਜੋੜ ਦਿਤਾ। ਅੰਦਰ ਚਾਨ੍ਹਣਾ ਵੀ ਹੋ ਗਿਆ ਤੇ ਸੰਗੀਤ ਵੀ ਆ ਗਿਆ। ਬਹੁਤ ਵਧੀਆ ਗੱਲ ਬਣ ਗਈ ਕਿਉਂਕਿ ਵਿਚਾਰ ਕਰ ਕੇ ਦੇਖ ਕਿ –

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਪੰਨਾ – 309***

ਇਹੋ ਜਿਹੇ ਸਰੀਰ ਵਿਚ ਗੋਹਝ, ਅਮੁੱਲੇ ਰਤਨ ਹਨ ਜਿਹਨਾਂ ਦਾ ਕੋਈ ਮੁਲ ਨਹੀਂ, ਅਮੋਲਕ ਹਨ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

ਐਸੀ ਉਚੀ ਚੀਜ਼ ਪ੍ਰਮੇਸ਼ਰ ਨੇ ਇਸ ਸਰੀਰ ਵਿਚ ਰੱਖ ਦਿਤੀ, ਐਸੇ ਗੋਹਝ ਰਤਨ ਰਖ ਦਿਤੇ ਤੇ ਇਹਨਾਂ ਨੂੰ ਕੌਣ ਕੱਢ ਸਕੇਗਾ?

***................ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥***
***ਪੰਨਾ – 309***

ਕੋਈ ਗੁਰਮੁਖ ਸੱਜਣ, ਸੇਵਕਾਂ ਦੇ ਵਾਂਗੂੰ ਇਸ ਨੂੰ ਖੋਜ ਖੋਜ ਕੇ ਕੱਢ ਲੈਂਦਾ ਹੈ। ਇਸ ਨੂੰ ਖੋਜਣਾ ਪੈਂਦਾ ਹੈ ਕਿਉਂਕਿ ਇਹਦੇ ਵਿਚ ਕੋਈ ਐਸੀ ਚੀਜ਼ ਹੈ –

***ਸੁੰਨ ਮੰਡਲ ਇਕੁ ਜੋਗੀ ਬੈਸੇ॥***
***ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ ਪੰਨਾ – 685***

ਐਸਾ ਜੋਗੀ ਜੁੜਿਆ ਹੋਇਆ ਪ੍ਰਮੇਸ਼ਰ ਆਪਣੇ ਆਪ ਸਮਾਧੀ ਸਥਿਤ ਬੈਠਾ ਹੈ ਜਿਸ ਦਾ ਕੋਈ ਲਿੰਗ ਨਹੀਂ ਹੈ, ਕੋਈ ਉਸ ਦੇ ਬਾਰੇ ਦੱਸ ਨਹੀਂ ਸਕਦਾ। ਉਹ ਗੁਹਜ ਰਤਨ ਜਿਸ ਨੂੰ ਆਤਮਾ ਕਹਿੰਦੇ ਹਨ ਉਹ ਇਸ ਪ੍ਰਕਾਰ ਹੈ–

***ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥***
***ਪੰਨਾ – 309***

ਹੈਰਾਨੀ ਦੀ ਗੱਲ ਹੈ ਕਿ ਪ੍ਰਮੇਸ਼ਰ ਤਾਂ ਇਹਦੇ ਅੰਦਰ ਆਪ ਹੀ ਬੈਠਾ ਹੈ, ਜਿਸ ਨੇ ਆਪਣਾ ਨਾਮ ਆਤਮਾ ਰੱਖਿਆ ਹੋਇਐ। ਮਹਾਰਾਜ ਜੀ ਕਹਿੰਦੇ ਹਨ ਕਿ –

***ਆਤਮਾ ਪਰਾਤਮਾ ਏਕੋ ਕਰੈ॥ ਪੰਨਾ – 661***

ਆਤਮਾ ਤੇ ਪ੍ਰਮਾਤਮਾ ਵਿਚ ਭੇਦ ਨਾ ਸਮਝੋ ਉਹ ਇਕੋ ਹੀ ਹੈ। ਉਹ ਇਹਦੇ ਵਿਚੇ ਹੀ ਹੈ।

***ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥***
***ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥***
***ਪੰਨਾ – 309***

ਇਸ ਸਰੀਰ ਦੇ ਵਿਚ ਪ੍ਰਮੇਸ਼ਰ ਦੀ ਜੋਤ ਹੈ ਜੇ ਤੂੰ ਉਸ ਨੂੰ ਬੁੱਝ ਲਿਆ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਪੰਨਾ – 374***

ਤੇ ਉਸਦੀ ਨਿਸ਼ਾਨੀ ਵੀ ਹੈ ਕੋਈ, ਮਹਾਰਾਜ ਫੁਰਮਾਉਂਦੇ ਹਨ ਹਾਂ ਭਾਈ ਨਿਸ਼ਾਨੀ ਹੈ, ਉਸ ਦੀ ਨਿਸ਼ਾਨੀ ਹੈ ਕਿ –

***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥***
***ਪੰਨਾ – 339***

ਇਹ ਸੁਰਤ ਨੌਂ ਦਰਵਾਜਿਆਂ ਵਿਚ ਭੁੱਲੀ ਫਿਰਦੀ ਹੈ ਤੇ ਜਿਥੇ ਅਸਲੀ ਚੀਜ਼ ਹੈ ਉਥੇ ਨਹੀਂ ਜਾਂਦੀ। ਅੱਖਾਂ ਨਾਲ ਦੇਖ ਕੇ ਬਾਹਰ ਭੁੱਲ ਗਈ, ਕੰਨਾਂ ਦੇ ਨਾਲ ਸੁਣ ਕੇ ਭੁੱਲ ਗਈ, ਜ਼ੁਬਾਨ ਦੇ ਨਾਲ ਸਵਾਦ ਦੇਖ ਦੇਖ ਕੇ ਭੁਲ ਗਈ, ਗੱਲਾਂ ਝੂਠੀਆਂ, ਕੱਚੀਆਂ, ਨਿੰਦਿਆ, ਈਰਖਾ, ਬਖੀਲੀ ਤੇ ਇਸ ਤਰ੍ਹਾਂ ਸਾਰੇ ਦਰਵਾਜ਼ਿਆਂ ਦੇ ਰਾਹੀਂ ਇਹ ਕਾਮਣ (ਸੁਰਤੀ) ਭੁੱਲੀ ਫਿਰਦੀ ਹੈ, ਆਪਣੇ ਘਰ ਨੂੰ ਨਹੀਂ ਜਾਂਦੀ। ਜਦੋਂ ਇਸ ਨੇ ਇਨ੍ਹਾਂ ਦਰਵਾਜਿਆਂ ਰਾਹੀਂ ਦੇਖਣਾ ਬੰਦ ਕਰ ਦਿਤਾ ਤੇ ਇਹ ਨੌਂ ਦਰਵਾਜੇ ਬੰਦ ਕਰ ਲਏ, ਫੇਰ ਕੀ ਹੋਏਗਾ?

***ਨਉ ਦਰ ਠਾਕੇ ਧਾਵਤੁ ਰਹਾਏ॥***
***ਦਸਵੈ ਨਿਜ ਘਰਿ ਵਾਸਾ ਪਾਏ॥ ਪੰਨਾ - 124***

ਫੇਰ ਇਹ ਇਧਰ ਉਧਰ ਨੱਠੀ ਨਹੀਂ ਫਿਰੇਗੀ ਜਦੋਂ ਨੌਂ ਦਰਵਾਜੇ ਬੰਦ ਕਰ ਲਏ, ਫੇਰ ਇਹ ਆਪਣੇ ਨਿਜ ਘਰ ਵਿਚ ਬੈਠੇਗੀ ਤੇ ਫੇਰ ਬਾਹਰ ਨਹੀਂ ਜਾਵੇਗੀ। ਇਹ ਆਪਣੇ ਅਸਲੀ ਘਰ ਵਿਚ ਵਾਸਾ ਕਰੇਗੀ -

***ਦਸਵੈ ਨਿਜ ਘਰਿ ਵਾਸਾ ਪਾਏ॥ ਪੰਨਾ - 124***

ਦਸਵਾਂ ਘਰ ਜੋ ਗੁਪਤ ਰੱਖਿਆ ਹੋਇਐ, ਉਧਰ ਨੂੰ ਚਲ ਪਵੇਗੀ, ਉਥੇ ਕੀ ਹੁੰਦਾ ਹੈ?

***ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ***
***ਗੁਰਮਤੀ ਸਬਦੁ ਸੁਣਾਵਣਿਆ॥ ਪੰਨਾ - 124***

ਦਿਨ ਰਾਤ ਹੋ ਰਿਹੈ, ਨਾਦ ਵਜ ਰਹੇ ਹਨ ਤੇ ਬਾਹਰਲਾ ਪਾਸਾ ਸਭ ਫਿੱਕਾ ਲੱਗ ਰਿਹਾ ਹੈ, ਉਥੇ ਅੰਮ੍ਰਿਤ ਦੇ ਝਰਨੇ ਵਰਸ ਰਹੇ ਹਨ।

***ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥ ਪੰਨਾ - 1069***

ਫੇਰ ਕੀ ਹੋਇਆ?

***ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥ ਪੰਨਾ - 1069***

***ਤਹ ਅਨਹਦ ਸਬਦ ਵਜਹਿ ਧੁਨਿ ਬਾਣੀ***
***ਸਹਜੇ ਸਹਜਿ ਸਮਾਈ ਹੇ॥ ਪੰਨਾ - 1069***

ਭਾਈ ਪ੍ਰੇਮੀਆਂ, ਤੇਰੇ ਅੰਦਰ ਅੰਦਰ ਦਿਨ ਰਾਤ ਅਨਹਦ ਵੱਜ ਰਿਹਾ ਹੈ। ਐਸਾ ਨਾਦ ਹੋ ਰਿਹਾ ਕਿ ਜੇ ਇਕ ਵਾਰੀ ਵੀ ਸੁਣ ਲਵੇਂ ਤਾਂ ਮਹੀਨਿਆਂ ਬੱਧੀ ਮਸਤੀ ਨਹੀਂ ਉਤਰਿਆ ਕਰਦੀ। ਐਸਾ ਨਾਦ ਹੈ, ਜਿਸਨੇ ਜਾਣ ਲਿਆ, ਉਹੀ ਇਸ ਚੀਜ਼ ਨੂੰ ਜਾਣਦੈ ਬਾਕੀ ਤਾਂ ਸਾਰੀ ਦੁਨੀਆਂ ਭੁੱਲੀ ਫਿਰਦੀ ਹੈ ਤੇ ਫਿਕੇ ਦੁਆਰਿਆਂ ਵਿਚ ਘੁੰਮਦੀ ਫਿਰਦੀ ਹੈ। ਲੇਕਿਨ ਮਿਲਦਾ ਉਦੋਂ ਹੀ ਹੈ ਜਦੋਂ ਪ੍ਰਮੇਸ਼ਰ ਤਰੁੱਠ ਕੇ ਚਾਬੀ ਦੇ ਦੇਵੇ।

***ਦਸਵੈ ਦੁਆਰਿ ਕੁੰਚੀ ਜਬ ਦੀਜੈ॥***
***ਤਉ ਦਇਆਲ ਕੋ ਦਰਸਨੁ ਕੀਜੈ॥ ਪੰਨਾ - 341***

ਸ਼ਬਦ ਦੀ, ਮੰਤਰ ਦੀ ਕੁੰਜੀ ਲੈਣੀ ਪੈਂਦੀ ਹੈ ਤੇ ਜਦੋਂ ਉਹ ਕੁੰਜੀ ਮਿਲ ਜਾਵੇ ਤਾਂ ਫਿਰ ਮਿਲ ਜਾਂਦਾ ਹੈ, ਇਸ ਤਰ੍ਹਾਂ ਫੁਰਮਾਉਂਦੇ ਹਨ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭਿ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਪੰਨਾ - 947***

ਜਿਹੜਾ ਦਸਵਾਂ ਦਰਵਾਜਾ ਬੰਦ ਪਿਆ ਸੀ ਗੁਰੂ ਦੇ ਸ਼ਬਦ ਦੀ ਚਾਬੀ ਮਿਲਣ ਨਾਲ ਖੁਲ੍ਹ ਗਿਆ, ਫੇਰ ਕੀ ਹੋਇਆ, ਕਹਿੰਦੇ ਵਾਜੇ ਵਜਣ ਲੱਗ ਪਏ, ਨਾਦ ਸੁਣ ਰਹੇ ਹਨ। ਮਹਾਰਾਜ ਜੀ ਨੇ ਪੰਜ ਕਿਸਮ ਦੇ ਸ਼ਬਦ ਤੇ ਦਸ ਕਿਸਮ ਦੇ ਨਾਦ ਵੀ ਦੱਸੇ ਹਨ, ਦੋਵੇਂ ਚੀਜ਼ਾਂ ਹਨ। ਐਸੇ ਥਾਂ ਤੇ ਸੁਰਤੀ ਦਾ ਵਾਸਾ ਹੋ ਕੇ ਉਥੇ ਗੁਰੂ ਦਾ ਸ਼ਬਦ ਸੁਣਾਈ ਦਿੰਦਾ ਹੈ। ਸਾਧ ਸੰਗਤ ਜੀ! ਗੁਰੂ ਦਾ ਸ਼ਬਦ ਕੀ ਹੈ? ਗੁਰੂ ਦਾ ਸ਼ਬਦ ਇਕੋ-ਇਕ ਵਰਤਦਾ ਹੈ, ਸੁਣਾਈ ਦਿੰਦਾ ਹੈ ਤੇ ਦਿਖਾਈ ਵੀ ਦਿੰਦਾ ਹੈ। ਉਥੇ ਗਿਆਨ ਦਾ ਪ੍ਰਕਾਸ਼ ਹੈ ਤੇ ਉਥੇ ਨਜ਼ਰ ਕੀ ਆਉਂਦੈ?

***ਸਭਿ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਪੰਨਾ - 947***

ਸੋ ਐਸੀ ਜੋ ਖੋਜ ਹੈ?

***ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ॥***
***ਪੰਨਾ - 1123***

ਆਹ ਜਿਹੜਾ ਮਨ ਦਸਾਂ ਦੁਆਰਿਆਂ ਰਾਹੀਂ ਛਾਲਾਂ ਮਾਰਦਾ ਫਿਰਦੈ, ਕਦੀ ਏਧਰ ਨੂੰ ਤੇ ਕਦੇ ਉਧਰ ਨੂੰ, ਇਸ ਨੂੰ ਰੋਕ ਲਵੇ ਪਰ ਇਹ ਗਿਆਨ ਪ੍ਰਾਪਤੀ ਤੋਂ ਬਿਨਾਂ ਨਹੀਂ ਰੁਕਿਆ ਕਰਦਾ। ਜਦੋਂ ਗਿਆਨ ਹੋ ਜਾਵੇ, ਨਾਮ ਦੇ ਵਿਚ ਬਿਰਤੀ ਲੱਗ ਜਾਵੇ। ਫੇਰ ਧਿਆਤਾ, ਧਿਆਨ, ਧੇਅ ਤੇ ਗਿਆਤਾ, ਗਿਆਨ, ਗੇਅ ਦੀ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ -

***ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥***
***ਪੰਨਾ - 1123***

ਜਦੋਂ ਦਸਵਾਂ ਦੁਆਰ ਖੁਲ੍ਹ ਗਿਆ, ਪ੍ਰਮੇਸ਼ਰ ਸਾਖਸ਼ਾਤ ਅਨੁਭਵ ਦੀ ਨਗਰੀ ਦੇ ਅੰਦਰ ਨਜ਼ਰ ਆ ਗਿਆ ਫੇਰ ਇਹ ਮਨ ਨਸ਼ਾ ਪੀ ਲੈਂਦੈ ਤੇ ਫੇਰ ਇਹਦਾ ਨਸ਼ਾ ਉਤਰਿਆ ਨਹੀਂ ਕਰਦਾ।

***ਧਾਰਨਾ - ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ,***
***ਨਾਮ ਖੁਮਾਰੀ -2, 2.***
***ਨਾਮ ਖੁਮਾਰੀ ਨਾਨਕਾ, - 2, 2.***
***ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ, .. -2.***

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥***
***ਜਨਮਸਾਖੀ***
***ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥***
***ਪੰਨਾ - 1123***

ਨਸ਼ਾ ਹੋ ਗਿਆ ਤੇ ਹੁਣ ਵਿਸਮਾਦ ਵਿਚ ਚਲਿਆ ਗਿਆ। ਸੋ ਇਹ ਮਨ ਨੂੰ ਜਿਤ ਲੈਂਦੈ ਜਦੋਂ ਇਸ ਅਵਸਥਾ ਤੇ ਪਹੁੰਚ ਜਾਂਦਾ ਹੈ –

***ਸੋਇ ਮੁਕਤ ਜਿ ਮਨੁ ਜਿਣਹਿ..........॥***
***ਪੰਨਾ – 490***

ਜਦੋਂ ਮਨ ਜਿਤ ਲਿਆ ਤਾਂ ਮਾਇਆ ਦਾ ਅਸਰ ਨਹੀਂ ਪੈਂਦਾ ਮੁੜ ਕੇ, ਨਾ ਹਉਮੈ ਦਾ ਅਸਰ ਹੁੰਦੈ ਨਾ ਮਾਇਆ ਦਾ ਅਸਰ ਹੁੰਦਾ ਹੈ।

***ਫਿਰਿ ਧਾਤੁ ਨ ਲਾਗੈ ਆਇ॥***
***ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ॥***
***ਪੰਨਾ – 490***

ਹਰ ਵਕਤ ਅਨੁਭਵ ਦੇ ਨਗਰ ਵਿਚ ਰਹਿੰਦਾ ਹੈ, ਜਿਧਰ ਨੂੰ ਦੇਖਦੈ, ਇਕੋ ਹੀ ਨਜ਼ਰ ਆਉਂਦਾ ਹੈ, ਦੂਜਾ ਆਇਆ ਹੀ ਨਹੀਂ ਕਰਦਾ। ਸਾਰੇ ਭੇਤ ਖੁਲ੍ਹ ਜਾਂਦੇ ਹਨ – ਰੂਹਾਨੀਅਤ ਦੇ। ਜਿੰਨੇ ਵੀ ਵੇਦ, ਕਤੇਬ, ਸਿਮ੍ਰਤੀਆਂ, ਸਾਸ਼ਤਰ ਅੱਖਾਂ ਨਾਲ ਦੇਖਦੀ ਸਾਰ ਸਪਸ਼ਟ (decipher) ਹੋ ਜਾਂਦੇ ਹਨ, ਭਾਵੇਂ ਅੱਖਰਾਂ ਦੇ ਅਰਥ ਨਾ ਆਉਂਦੇ ਹੋਣ ਲੇਕਿਨ ਉਸ ਦਾ ਭਾਵ ਸਾਰਾ ਉਸ ਦੀ ਸਮਝ ਵਿਚ ਆ ਜਾਇਆ ਕਰਦਾ ਹੈ –

***ਜਗਤੁ ਉਪਾਇ ਖੇਲੁ ਰਚਾਇਆ॥***
***ਪਵਣੈ ਪਾਣੀ ਅਗਨੀ ਜੀਉ ਪਾਇਆ॥ ਪੰਨਾ – 1031***

ਇਹ ਜੀਵ ਪਾਣੀ ਤੇ ਅਗਨ ਆਦਿ ਵਿਚ ਪਾ ਦਿਤਾ ਇਸ ਤਰ੍ਹਾਂ ਸੰਸਾਰ ਦਾ ਖੇਲ੍ਹ ਰਚਾ ਦਿਤਾ।

***ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ॥***
***ਪੰਨਾ – 1031***

ਦਸਵਾਂ ਗੁਪਤ ਰੱਖ ਦਿਤਾ ਕਿ ਗੁਰਮੁਖਾਂ ਨੂੰ ਮਿਲ ਕੇ ਨਾਮ ਦੀ ਕਮਾਈ ਕਰਕੇ ਇਹ ਖੁਲ੍ਹ ਜਾਵੇਗਾ –

***ਧਾਵਤੁ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥***
***ਪੰਨਾ – 441***

ਤੇ ਉਥੇ ਮਿਲਣਾ ਕੀ ਹੈ?

***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ***
***ਜਿਤੁ ਸਬਦਿ ਜਗਤੁ ਥੰਮਿ ਰਹਾਇਆ॥ ਪੰਨਾ – 441***

ਵਾਹਿਗੁਰੂ ਦੇ ਇਸ ਸ਼ਬਦ ਨਾਲ, ਧੁਨ ਨਾਲ ਓਅੰਕਾਰ, ਧੁਨ ਨਾਲ ਵੀ ਕਹਿੰਦੇ ਹਨ ਕਿ ਇਹ ਜਗਤ ਥੰਮਿਆ ਹੋਇਆ ਹੈ। ਉਸ ਸ਼ਬਦ ਦਾ ਉਚਾਰਨ ਹੁੰਦੈ, ਉਸ ਸ਼ਬਦ ਦੇ ਨਾਲ ਆਵਾਜ਼ਾਂ ਮਾਰਦਾ ਹੈ –

***ਦਿਲਾ ਕਾ ਮਾਲਕੁ ਕਰੇ ਹਾਕੁ॥ ਪੰਨਾ – 897***

ਆਵਾਜ਼ ਆ ਰਹੀ ਹੈ, ਐ ਜੀਵ! ਤੂੰ ਭਟਕ ਗਿਆ, ਦੂਰ ਚਲਿਆ ਗਿਆ ਕਿਥੇ ਚਲਿਆ ਗਿਆ? ਅੰਦਰ ਆਵਾਜ਼ ਆਉਂਦੀ ਹੈ ਤੇ ਇਹ ਪਰਤਵੀ ਆਵਾਜ਼ ਦਿੰਦੈ। ਉਪਰੋਂ ਆਵਾਜ਼ ਆਉਂਦੀ ਹੈ ਇਹ ਜਵਾਬ ਦਿੰਦੈ –

ਵਾਹਿ............ਗੁਰੂ..........। ਉਧਰੋਂ ਆਵਾਜ਼ ਆਉਂਦੀ ਹੈ ਇਹ ਵੀ ਆਵਾਜ਼ ਦਿੰਦੈ, ਖਿਚ ਕੇ ਆਪਣੇ ਕੋਲ ਕਰ ਲੈਂਦੈ, ਦੋਹਾਂ ਦੀ ਆਵਾਜ਼ ਰਲ ਜਾਂਦੀ ਹੈ।

***ਦਿਲਾ ਕਾ ਮਾਲਕੁ ਕਰੇ ਹਾਕੁ॥ ਪੰਨਾ – 897***

ਉਹ ਹਾਕਾਂ ਮਾਰ ਰਿਹਾ ਹੈ ਲੇਕਿਨ ਸੁਣਦੀਆਂ ਕਿਉਂ ਨਹੀਂ? ਕਿਉਂਕਿ –

***ਮਾਇਆਧਾਰੀ ਅਤਿ ਅੰਨਾ ਬੋਲਾ॥ ਪੰਨਾ – 313***

ਆਖਰੀ ਹੱਦ ਤੱਕ ਅੰਨ੍ਹਾਂ ਤੇ ਬੋਲਾ ਹੋ ਗਿਆ, ਨਾ ਕੁਝ ਦਸਦੈ ਨਾ ਸੁਣਦੈ,

***ਸਬਦੁ ਨਾ ਸੁਣਈ ਬਹੁ ਰੋਲ ਘਚੋਲਾ॥ ਪੰਨਾ – 313***

ਮਾਇਆ ਦੇ ਰੋਲੇ-ਘਚੌਲੇ ਵਿਚ ਪੈ ਕੇ ਫਿਕੀਆਂ ਚੀਜ਼ਾਂ ਨਾਲ ਮਨ ਲਾ ਲਿਆ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ਪੰਨਾ – 267***

ਸਾਧ ਸੰਗਤ ਜੀ! ਇਹ ਇਨ੍ਹਾਂ ਚੀਜ਼ਾਂ ਵਿਚ ਪੈ ਗਿਆ, ਗੁਰੂ ਦਾ ਸਾਥ ਛੱਡ ਗਿਆ ਤੇ ਹੁਣ ਗੁਰੂ ਦੇ ਬਚਨ ਮੰਨਦਾ ਨਹੀਂ ਹੈ। ਜੇਕਰ ਮੰਨ ਲਵੇ ਤਾਂ ਇਹ ਸਾਰੀਆਂ ਚੀਜ਼ਾਂ ਖਤਮ ਹੋ ਜਾਂਦੀਆਂ ਹਨ। ਮਹਾਰਾਜ ਜੀ ਦਾ ਹੁਕਮ ਹੈ ਕਿ ਜਿਹੜਾ–

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਨਾ – 1291***

ਇਸ ਸਰੀਰ ਦੇ ਅੰਦਰ ਜਿਹਦੇ ਵਿਚ ਮਨ ਹੋਰ ਝੂਠਾ ਘਰ ਬਣਾ ਕੇ ਬੈਠਾ ਹੋਇਐ, ਅਹੰ, ਮੇਰੀ-ਮੇਰਾ ਭਾਵ ਦਾ, ਉਸ ਨੂੰ ਜੇਕਰ ਸਹੀ ਘਰ ਦਿਖਾ ਦੇਵੇ, ਅਨੁਭਵ ਦਾ ਘਰ ਦਿਖਾ ਦੇਵੇ, ਜਿਵੇਂ ਭਾਈ ਵੀਰ ਸਿੰਘ ਜੀ ਕਹਿੰਦੇ ਹਨ ਕਿ ਜਿਸ ਥਾਂ ਦੇ ਉਤੇ ਬੁਧੀ ਦੇ ਖੰਭ ਸੜ ਜਾਂਦੇ ਹਨ ਫੇਰ ਵੀ ਸਾਡਾ ਚਿਤ ਕਰਦਾ ਹੈ ਕਿ ਅਸੀਂ ਮਲੋ-ਮਲੀ ਉਥੇ ਉਡਾਰੀ ਮਾਰੀਏ ਤੇ ਸਾਨੂੰ ਸਮਝਦਾਰ ਬੰਦੇ ਰੋਕਦੇ ਹਨ ਤੇ ਸਾਨੂੰ ਵਹਿਮੀ ਆਖਦੇ ਹਨ–

***ਜਿਨ੍ਹਾਂ ਉਚਜਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,***
***ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।***
***ਪਜਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,***
***ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਜਾਰੀਆਂ।***
***'ਗਜਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,***
***'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'***
***'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।***
***ਡਾ. ਭਾਈ ਵੀਰ ਸਿੰਘ ਜੀ***

ਕਹਿੰਦੇ ਤੈਨੂੰ ਨਹੀਂ ਪਤਾ ਜਿਸ ਘਰ ਵਿਚ ਸਾਡਾ ਵਾਸਾ ਹੋ ਗਿਆ ਉਹ ਤਾਂ ਅੰਮ੍ਰਿਤ ਦਾ ਘਰ ਹੈ, ਰਸ ਦਾ ਘਰ ਹੈ। ਅਸਲੀ ਘਰ ਇਸ ਸਰੀਰ ਦੇ ਵਿਚ ਹੀ ਹੈ, ਹੇਠਲਾ ਘਰ ਫਿਕਾ ਹੈ, ਦੁਖਾਂ ਦਾ ਭਰਿਆ ਹੋਇਐ, ਈਰਖਾ ਦਾ ਭਰਿਆ ਹੋਇਐ, ਨਿੰਦਿਆ ਦਾ ਭਰਿਆ ਹੋਇਐ, ਚਲਾਕੀਆਂ ਦਾ ਭਰਿਆ ਹੋਇਆ ਇਕ ਖੰਡਰ ਹੈ, ਵੀਰਾਨ ਥਾਂ ਹੈ, ਲੇਕਿਨ ਉਪਰਲਾ

ਘਰ, ਸਤਿ-ਚਿਤ-ਅਨੰਦ ਦਾ ਘਰ ਹੈ। ਜਿਥੇ ਸਦਾ ਹੀ ਅਨੰਦ ਰਹਿੰਦਾ ਹੈ। ਸਦਾ ਹੀ ਉਥੇ ਨਾਮ ਦੀ ਧੁਨੀ ਵੱਜਦੀ ਹੈ।

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਪੰਨਾ - 1291***

ਉਥੇ ਪੰਜਾਂ ਸ਼ਬਦਾਂ ਦੀ ਧੁੰਨਕਾਰ ਹੁੰਦੀ ਹੈ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਪੰਨਾ - 1291***

ਸੁਲਤਾਨ, ਵਾਹਿਗੁਰੂ ਨੂੰ ਜੇਕਰ ਬੁਝ ਲਿਆ ਪਰ ਸਾਧ ਸੰਗਤ ਜੀ! ਉਸ ਨੂੰ ਅਨੁਭਵ ਦੇ ਨਾਲ ਬੁਝਿਆ ਜਾਂਦੈ।

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਪੰਨਾ - 374***

ਉਹ ਤੇਰੇ ਅੰਦਰ ਹੀ ਹੈ, ਜੇ ਬੁੱਝ ਲਿਆ ਤਾਂ ਤੂੰ ਮਹਾਂ ਪਵਿੱਤਰ ਹੈਂ ਤੇ ਤੇਰੇ ਚਰਨਾਂ ਦੀ ਧੂੜੀ ਨੂੰ ਤੀਰਥ ਦੀ ਕੀ ਗੱਲ, ਦੇਵਤੇ ਵੀ ਲੋਚਣਗੇ।

***ਜਨ ਕੀ ਧੂੜ ਤੀਰਥ ਕੋਟ ਗੰਗਾ॥***

ਉਸ ਪੁਰਸ਼ ਜਿਸ ਨੇ ਲੀਨਤਾ (realization) ਪ੍ਰਾਪਤ ਕਰ ਲਈ, ਗੰਗਾ ਦੇ ਕਰੋੜਾਂ ਤੀਰਥਾਂ ਦਾ ਇਸ਼ਨਾਨ ਵੀ ਉਸ ਦੇ ਚਰਨਾਂ ਦੀ ਧੂੜੀ ਦੀ ਬਰਾਬਰੀ ਨਹੀਂ ਕਰ ਸਕਦਾ। ਪਰ ਜੇ ਵਾਹਿਗੁਰੂ ਕਿਰਪਾ ਕਰ ਦੇਵੇ -

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌ,***
***ਗੁਰਮੁਖਿ ਪਾਵੈ ਸੁ ਤੇ ਅਨਤ ਨ ਪਾਵਈ।***
***ਉਨਮਨੀ ਜੋਤਿ ਪਟੰਤਰ ਦੀਜੈ ਕੌਣ ਜੋਤਿ,***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ।***
***ਅਨਹਦ ਨਾਦ ਸਮਸਰ ਨਾਦ ਬਾਦ ਕੌਨ,***
***ਸ੍ਰੀ ਗੁਰੂ ਸੁਨਾਵੈ ਜਾਹਿ ਸੋਈ ਲਿਵ ਲਾਵਈ।***
***ਨਿਝਰ ਅਪਾਰ ਧਾਰ ਤੁਲ ਨ ਅੰਮ੍ਰਿਤ ਰਸ,***
***ਅਪਿਉ ਪੀਆਵੈ ਜਾਹਿ ਤਾਹੀ ਮੈ ਸਮਾਵਈ।***
***ਕਬਿੱਤ ਭਾਈ ਗੁਰਦਾਸ ਜੀ***

ਭਾਈ ਗੁਰਦਾਸ ਜੀ ਦਸਦੇ ਹਨ ਕਿ ਇਹ ਜਿਹੜਾ ਨਿਜ ਘਰ ਦਾ ਅਸਥਾਨ ਹੈ ਜਿਸ ਨੂੰ ਥਿਰ ਘਰ ਕਹਿੰਦੇ ਹਨ-

***ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥***
***ਸਤਿਗੁਰਿ ਤੁਮਰੇ ਕਾਜ ਸਵਾਰੇ॥ ਪੰਨਾ - 201***

ਇਸ ਨੂੰ ਥਿਰ ਘਰ ਵੀ ਕਹਿੰਦੇ ਹਨ, ਸੋ ਦਰ ਵੀ ਕਹਿੰਦੇ ਹਨ, ਪਰ ਇਹ ਦਿਖਾਉਂਦਾ ਕੌਣ ਹੈ? ਉਨਮਨੀ ਜੋਤ, ਜਿਹੜੀ ਅਮੰਨ ਦੀ ਜੋਤ ਹੈ, ਕਿਹਦੇ ਵਰਗੀ ਦੱਸੀਏ? ਜੇ ਵਾਹਿਗੁਰੂ ਦਇਆ ਕਰਕੇ ਦਿਖਾ ਦੇਵੇ। ਕਿਹੜਾ ਨਾਦ ਕਿਹਦੇ ਵਰਗਾ ਦੱਸੀਏ ਕਿ ਉਹਦੇ ਵਰਗਾ ਹੈ ਪਰ ਇਹ ਤਾਂ ਕਹਿਣ ਮਾਤਰ ਹੁੰਦਾ ਹੈ ਕਿ ਸਾਰੰਗੀ ਦੀ ਆਵਾਜ਼ ਵਾਂਗੂੰ ਸੁਣਦਾ ਹੈ ਲੇਕਿਨ ਜਿਹੜਾ ਸੁਣਦਾ ਹੈ ਉਹਦੇ ਤਾਂ ਰੋਮਾਂਚ ਖੜ੍ਹੇ ਹੋ ਜਾਂਦੇ ਹਨ। ਉਹ ਨੇਤਰ ਨਹੀਂ ਖੋਲਦਾ ਕਿਉਂਕਿ ਹਰ ਵਕਤ ਜੀਅ ਕਰਦੈ ਕਿ ਅੰਦਰ ਨੂੰ ਜਾਵਾਂ, ਅੰਦਰ ਨੂੰ ਜਾਵਾਂ, ਇਹ ਚੀਜ਼ ਹੀ ਐਸੀ ਅਦਭੂਤ ਹੈ। ਅਸਲੀ ਘਰ ਮਿਲ ਗਿਆ। ਕੋਈ ਦੁਨੀਆ ਦਾ ਰਸ, ਉਸਦੀ ਬਰਾਬਰੀ ਨਹੀਂ ਕਰ ਸਕਦਾ, ਉਹ ਜਿਹੜੀ ਨਿਝਰ ਧਾਰ ਅੰਦਰ ਹਰ ਵਕਤ ਚੋਂਦੀ ਹੈ -

***ਅਪਿਉ ਪੀਆਵੈ ਜਾਹਿ ਤਾਹੀ ਮੈ ਸਮਾਵਈ।***
***ਕਬਿੱਤ ਭਾਈ ਗੁਰਦਾਸ ਜੀ***

ਵਾਹਿਗੁਰੁ ਕਿਰਪਾ ਕਰਕੇ ਉਥੇ ਪਹੁੰਚਾ ਦੇਵੇ ਉਹ ਤਾਂ ਉਹਦੇ ਵਿਚ ਹੀ ਸਮਾਅ ਜਾਂਦਾ ਹੈ।

ਨਾਮਦੇਵ ਜੀ ਕਹਿਣ ਲੱਗੇ ਗੁਰਮੁਖਾ! -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374***

ਤੇਰੀਆਂ ਸਾਰੀਆਂ ਹੀ ਗੱਲਾਂ ਫਿੱਕੀਆਂ ਹਨ, ਤੇਰਾ ਜੀਵਨ ਵੀ ਫਿੱਕਾ ਹੈ, ਕਿਸੇ ਕੰਮ ਦਾ ਨਹੀਂ ਹੈ ਕਿਉਂਕਿ ਦੇਹ ਅਭਿਮਾਨੀ ਦਾ ਜੀਵਨ ਬੜਾ ਮਾੜਾ ਹੋਇਆ ਕਰਦਾ ਹੈ। ਉਹ ਆਪ ਹੀ ਇਕੱਲਾ ਦੁਖੀ ਨਹੀਂ ਹੋਇਆ ਕਰਦਾ ਸਗੋਂ ਦੇਹ ਅਭਿਮਾਨ ਹੋਣ ਕਰਕੇ ਸਾਰੀ ਦੁਨੀਆਂ ਨੂੰ ਦੁਖੀ ਕਰਿਆ ਕਰਦਾ ਹੈ। ਆਪਣੇ ਨਿਜ ਘਰ ਦਾ ਉਸ ਨੂੰ ਪਤਾ ਨਹੀਂ ਹੋਇਆ ਕਰਦਾ। ਇਕ ਵਾਰੀ ਬਾਬਾ ਫਰੀਦ ਤੁਰੇ ਜਾਂਦੇ ਹਨ ਕਿ ਦੇਖਦੇ ਹਨ ਕਿ ਇਕ ਘਰ ਵਿਚ ਰੋਣ ਦੀ ਆਵਾਜ ਆ ਰਹੀ ਹੈ "ਹਾਇ! ਨਾ ਮਾਰੋ, ਨਾ ਮਾਰੋ! ਮੇਰੀ ਭੁਲ ਬਖਸ਼ ਦਿਓ।" ਇਹ ਦਰਦਨਾਕ ਆਵਾਜ਼ ਸੁਣ ਕੇ ਬਾਬਾ ਜੀ ਰੁਕ ਗਏ ਤੇ ਦਰਵਾਜਾ ਖਟ ਖਟਾਇਆ। ਅੰਦਰੋਂ ਇਕ ਬੀਬੀ ਆਈ ਉਸ ਨੂੰ ਕਹਿਣ ਲੱਗੇ ਬੀਬੀ ਕਿਉਂ ਮਾਰਦੇ ਹੋ ਇਸ ਨੂੰ, ਇਸ ਤੇ ਰਹਿਮ ਕਰੋ। ਦੇਖਿਆ ਕਿ ਕ੍ਰੋਧ ਦੀ ਭਰੀ ਹੋਈ ਹੈ। ਕਹਿਣ ਲੱਗੀ, ਬਾਬਾ ਜੀ ਇਹ ਗ੍ਰਿਹਸਤੀਆਂ ਦੇ ਘਰ ਹਨ, ਤੁਸੀਂ ਸਾਧੂ ਸੰਤ ਹੋ, ਮੈਂ ਤੁਹਾਨੂੰ ਕੀ ਦੱਸਾਂ! ਕੀ ਹੋਇਆ ਤੇ ਕੀ ਨਹੀਂ ਹੋਇਆ? ਕਹਿੰਦੇ ਬੀਬਾ ਦੱਸ ਤਾਂ ਸਹੀ। ਕਹਿੰਦੀ, ਦੱਸਣਾ ਕੀ ਹੈ, ਇਸ ਦਾਸੀ ਨੂੰ ਮੈਂ ਕਈ ਵਾਰੀ ਸਮਝਾ ਚੁੱਕੀ ਹਾਂ ਕਿ ਮੋਟਾ ਸੁਰਮਾ ਨਾ ਰਗੜਿਆ ਕਰ। ਇਹਦੇ ਸੁਰਮੇ 'ਚ ਅੱਜ ਮੋਟਾ ਦਾਣਾ ਚਲਿਆ ਗਿਆ, ਮੈਂ ਕੱਜਲ ਪਾਇਆ ਸੀ ਤੇ ਮੇਰੇ ਅੱਖਾਂ 'ਚੋਂ ਪਾਣੀ ਨਿਕਲ ਗਿਆ ਤੇ ਉਹ ਕੱਜਲ ਦੀ ਧਾਰ ਮੇਰੇ ਚੇਹਰੇ ਤੇ ਆ ਗਈ ਤੇ ਹੁਣ ਦੇਖੋ ਇਹ ਕਿੰਨਾ ਭੱਦਾ ਲੱਗ ਰਿਹੈ ਮੈਂ ਇਸ ਕਰਕੇ ਇਸ ਨੂੰ ਸਜ਼ਾ ਦਿੱਤੀ ਹੈ। ਬਾਬਾ ਜੀ ਕਹਿਣ ਲੱਗੇ ਬੀਬਾ ਇਸ ਤਰ੍ਹਾਂ ਕਰਨਾ ਠੀਕ ਨਹੀਂ, ਕਹਿਣ ਲੱਗੀ, ਬਾਬਾ ਆਪਣੇ ਰਸਤੇ ਪੈ ਤੇ ਇਹ ਉਪਦੇਸ਼ ਆਪਣੇ ਚੇਲਿਆਂ ਨੂੰ ਦੇਹ, ਇਹ ਤਾਂ ਵੇਸਵਾ ਦਾ ਘਰ ਹੈ ਇਥੇ ਇਸ ਦਾ ਕੋਈ ਫਾਇਦਾ ਨਹੀਂ। ਫਰੀਦ ਜੀ ਆਪਣੇ ਰਸਤੇ ਪਏ ਤੇ ਮਨ ਵਿਚ ਵਿਚਾਰ ਕਰਦੇ ਹਨ ਕਿ ਦੇਖੋ ਕਿ ਇਹ ਰੂਪ ਦਾ ਕਿੰਨਾ ਮਾਣ ਕਰਦੀ ਹੈ ਤੇ ਇਸ ਦੇਹ ਨੇ ਤਾਂ ਬਿਨਸ ਜਾਣਾ ਹੈ, ਇਸ ਨੂੰ ਐਨਾ ਵੀ ਨਹੀਂ ਪਤਾ, ਕਿੰਨੀ ਬੇਖਬਰ ਤੇ ਨਾਦਾਨ ਹੈ। ਇਸ ਨੂੰ ਆਪਣੀ ਗਲਤੀ ਦੇ ਅੰਜਾਮ ਦਾ ਪਤਾ ਨਹੀਂ ਹੈ। ਇਸ ਘਟਨਾ ਤੋਂ ਕਈ ਸਾਲ ਬੀਤਣ ਉਪਰੰਤ ਫਰੀਦ ਜੀ ਆਪਣੇ ਮੁਰੀਦਾਂ ਸਮੇਤ ਜਾ ਰਹੇ ਹਨ ਤੇ ਕੀ ਦੇਖਦੇ ਹਨ ਕਿ ਇਕ ਜੰਗਲ ਅੰਦਰ ਦਰਖਤ ਉੱਤੇ ਇਕ ਖੋਪਰੀ ਪਈ ਹੈ ਜਿਹੜਾ ਗੱਲ ਤੋਂ ਉਪਰਲਾ ਹਿੱਸਾ ਹੁੰਦਾ ਹੈ। ਉਹਦੇ ਵਿਚ ਮੂੰਹ ਵੀ ਨਹੀਂ ਖੋਲ੍ਹ ਹੁੰਦਾ ਹੈ ਆਲੇ ਵਾਂਗੂ ਹੈ, ਤੇ ਕੰਨਾਂ ਵਾਲੀ ਥਾਂ ਵੀ ਖਾਲੀ ਹੁੰਦਾ ਹੈ। ਪੁੱਠੀ ਖੋਪਰੀ ਡਿਗੀ

ਹੋਈ ਹੈ ਤੇ ਉਹਦੇ ਵਿਚ ਕਿਸੇ ਪੰਛੀ ਨੇ ਬੱਚੇ ਦਿੱਤੇ ਹੋਏ ਹਨ ਤੇ ਉਸ ਖੋਪਰੀ ਦੀਆਂ ਅੱਖਾਂ ਦੇ ਵਿਚੋਂ ਦੀ ਚੁੰਜਾਂ ਕੱਢ ਕੱਢ ਕੇ ਦੇਖ ਰਹੇ ਹਨ। ਆਪ ਨੇ ਅਗੰਮ ਵਾਚਿਆ ਤੇ ਸਿੱਜਦਾ ਕਰਨ ਲੱਗ ਪਏ। ਮੁਰੀਦ ਕਹਿਣ ਲੱਗੇ, ਮੁਰਸ਼ਦ! ਇਥੇ ਸਿਜਦਾ ਕਰਨ ਵਾਲੀ ਕਿਹੜੀ ਚੀਜ਼ ਹੈ? ਕਹਿਣ ਲੱਗੇ ਪ੍ਰਮੇਸ਼ਰ ਦੇ, ਅੱਲਾਹ-ਤਾਲਾ ਦੇ ਕੌਤਕ ਦੇਖ ਕੇ ਹੈਰਾਨ ਹੋ ਰਿਹਾ ਹਾਂ। ਮੁਰੀਦ ਕਹਿਣ ਲੱਗੇ ਕਿ ਮਹਾਰਾਜ! ਸਾਡੀ ਵੀ ਸਮਝ ਗੋਚਰੇ ਕਰੋ ਕਿ ਇਹ ਕੀ ਕੌਤਕ ਹੈ। ਕਹਿਣ ਲੱਗੇ ਇਹ ਉਸ ਬੀਬੀ ਦੀ ਖੋਪਰੀ ਹੈ ਜਿਸਨੇ ਇਕ ਦਿਨ ਥੋੜਾ ਜਿਹਾ ਮੋਟਾ ਸੁਰਮਾ ਹੋਣ ਕਰਕੇ ਆਪਣੀ ਗੋਲੀ ਨੂੰ ਜਾਨੋ ਮਾਰਨ ਵਾਲੀ ਕਰ ਦਿਤਾ ਸੀ ਤੇ ਜਦੋਂ ਅਸੀਂ ਸਮਝਾਇਆ ਤਾਂ ਸਾਡੇ ਨਾਲ ਵੀ ਗਲਤ ਬੋਲਦੀ ਸੀ। ਆਹ ਦੇਖੋ! ਇਹਨਾਂ ਅੱਖਾਂ ਨੇ ਸਾਰਾ ਸੰਸਾਰ ਮੋਹਿਆ ਹੋਇਆ ਸੀ। ਪਰ ਹੁਣ ਕੀ ਹੈ, ਉਸ ਵੇਲੇ ਇਕ ਕੱਜਲ ਦੀ ਰੇਖਾ ਸਹਿੰਦੀ ਨਹੀਂ ਸੀ ਤੇ ਹੁਣ ਪੰਛੀ ਸੂਏ ਪਏ ਹਨ। ਇਸ ਤਰ੍ਹਾਂ ਪੜ੍ਹ ਲਵੋ।

***ਧਾਰਨਾ - ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,***
***ਪੰਛੀਆਂ ਨੇ ਪਾ ਲਏ ਆਲ੍ਹਣੇ -2, 2.***
***ਮੇਰੇ ਪਿਆਰੇ, ਬਈ ਪੰਛੀਆਂ ਨੇ ਪਾ ਲਏ ਆਲ੍ਹਣੇ -2***
***ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ-2.***

***ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥***
***ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥***
***ਪੰਨਾ - 1378***

ਇਸ ਤਰ੍ਹਾਂ ਦੋਵੇਂ ਪੱਖ ਹਨ। ਇਕ ਉਹ ਹੈ ਜਿਸਦਾ ਦੇਹ ਅਧਿਆਸ ਪੱਕਿਆ ਹੋਇਐ, ਉਸ ਨੂੰ ਦੇਹ ਅਭਿਮਾਨੀ ਕਹਿੰਦੇ ਹਨ। ਇਕ ਉਹ ਹੈ ਜੋ ਆਤਮਾ ਦਾ ਰਸ ਮਾਣਦਾ ਹੈ ਉਹ ਆਤਮ ਗਿਆਨੀ ਹੈ। ਇਹਦੇ ਵਿਚ ਪਰਮ ਸੁਖ ਹੈ ਅਤੇ ਦੇਹ ਅਭਿਮਾਨੀ ਵਿਚ ਪਰਮ ਦੁਖ ਹੈ। ਇਹ ਜ਼ਹਿਰ ਦਾ ਘਰ ਹੋਇਆ ਕਰਦੈ, ਦੁਖਾਂ ਦਾ ਘਰ ਹੋਇਆ ਕਰਦੈ, ਆਪ ਵੀ ਦੁਖੀ ਤੇ ਸੰਸਾਰ ਵੀ ਦੁਖੀ, ਮਹਾਂ ਅਪਵਿੱਤਰ ਹੋਇਆ ਕਰਦੈ।

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥***
***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374***

ਕਿਉਂਕਿ ਉਸ ਦੇ ਅੰਦਰ ਨਾਪਾਕ ਚੀਜ਼ਾਂ ਦਾ ਨਿਵਾਸ ਹੋ ਜਾਂਦਾ ਹੈ। ਪੰਜ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ, ਪੰਜ ਚੋਰ - ਕਾਮ, ਕਰੋਧ, ਲੋਭ, ਮੋਹ, ਅਹੰਕਾਰ ਪੰਜ ਠੱਗ, ਰਾਜ ਮਾਲ, ਰੂਪ, ਜਾਤ, ਜੋਬਨ। ਹੰਸ, ਹੇਤ, ਲੋਭ, ਕ੍ਰੋਧ ਚਾਰ ਅੱਗ ਦੀਆਂ ਨਦੀਆਂ -

***ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥***
***ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥***
***ਪੰਨਾ - 147***

ਪੰਜ ਕਲੇਸ਼, ਅਵਿਦਿਆ, ਅਸਿਮਿਤਾ, ਰਾਗ ਦਵੈਸ਼ ਤੇ ਅਭਿਨਿਵੇਸ਼, ਇਨ੍ਹਾਂ ਪੰਜਾਂ ਕਲੇਸ਼ਾਂ ਕਰਕੇ ਮਨ ਕਦੇ ਵੀ ਸੁਖੀ ਨਹੀਂ ਹੋ ਸਕਿਆ ਕਰਦਾ। ਅਵਿਦਿਆ (ignorance) ਅਣਜਾਣਪੁਣੇ ਨੂੰ ਕਹਿੰਦੇ ਹਨ, ਆਪਣੇ ਅੰਦਰ ਜਾਨਣ ਦੀ ਕੋਸ਼ਿਸ਼ ਨਹੀਂ ਕਰਨੀ ਕਿ ਮੇਰੇ ਅੰਦਰ ਆਤਮਾ ਪਰੀਪੂਰਨ ਹੈ, ਇਸ ਤੋਂ ਭੁੱਲੇ ਰਹਿਣਾ।

ਅਸਿਮਿਤਾ ਹੁੰਦੀ ਹੈ, ਬਿਰਤੀ ਦਾ ਸਮਾਨ ਨਾ ਰਹਿਣਾ, ਕਦੇ ਗਿਆਨੀ ਬਣ ਜਾਣਾ, ਕਦੇ ਮਹਾਂ ਅਗਿਆਨੀ ਬਣ ਜਾਣਾ। ਰਾਗ ਹੁੰਦਾ ਹੈ ਕਿ ਕਿਸੇ ਨਾਲ ਮੋਹ ਪਾ ਲੈਣਾ ਤੇ ਉਸ ਵਿਚ ਪ੍ਰਵਿਰਤ ਰਹਿਣਾ। ਦ੍ਵੈਸ਼ ਹੁੰਦੀ ਹੈ ਕਿ ਦੂਸਰੇ ਦੇ ਨਾਲ ਵੈਰ ਭਾਵਨਾ ਰੱਖਣੀ ਤੇ ਇਸ ਤਰ੍ਹਾਂ ਅਭਿਨਿਵੇਸ਼ ਹੁੰਦਾ ਹੈ ਕਿ ਗੁਰੂ ਦੇ ਬਚਨਾਂ ਨੂੰ ਟਿਚ ਕਰਕੇ ਸਮਝਣਾ, ਆਪਣੀ ਬੁੱਧੀ ਦੇ ਮੁਤਾਬਿਕ ਚਲਣਾ ਲੇਕਿਨ ਮਹਾਂਪੁਰਸ਼ਾਂ ਦੇ ਬਚਨ ਨਹੀਂ ਮੰਨਣੇ। ਇਸੇ ਤਰ੍ਹਾਂ ਤਿੰਨ ਤਾਪ ਹੋਇਆ ਕਰਦੇ ਹਨ ਤੇ ਉਨ੍ਹਾਂ ਦੇ ਨਾਲ ਵੀ ਹਰ ਵਕਤ ਦੁਖੀ ਹੁੰਦਾ ਰਹਿੰਦੈ। ਅਧਿਆਤਮਕ ਦੁਖ ਹਨ - ਰੋਗ ਲੱਗ ਜਾਣਾ, ਬੀਮਾਰੀ ਚਿੰਬੜ ਜਾਣੀ। ਭੁਖ ਪਿਆਸ ਨਾਲ ਦੁਖੀ ਹੁੰਦੇ ਰਹਿਣਾ। ਅਧਿਭੂਤਿਕ ਕਿ ਦੁਸ਼ਮਣਾਂ ਦੇ ਡਰ ਤੋਂ ਦੁਖੀ ਰਹਿਣਾ ਕਿ ਕੋਈ ਚੋਰ ਨਾ ਆਵੇ, ਕੋਈ ਦੁਸ਼ਮਣ ਨਾ ਮਾਰਨ ਆ ਜਾਵੇ, ਕੋਈ ਅੱਗ ਨਾ ਲਾ ਜਾਵੇ, ਜੰਗਲੀ ਜਾਨਵਰਾਂ ਦਾ ਡਰ ਆਦਿ, ਇਨ੍ਹਾਂ ਤੁਰਦੀਆਂ ਫਿਰਦੀਆਂ ਚੀਜ਼ਾਂ ਦੇ ਦੁਖ ਨੂੰ ਅਧਿਭੂਤਕ ਦੁਖ ਕਹਿੰਦੇ ਹਨ। ਅਧਿਦੇਵਕ ਦੁਖ ਹੁੰਦੇ ਹਨ - ਜਿਹੜੇ ਅਸਮਾਨੀ ਦੁਖ ਹੁੰਦੇ ਹਨ, ਆਫਤਾਂ ਹੋਇਆ ਕਰਦੀਆਂ ਹਨ ਜਿਵੇਂ ਭੂਚਾਲ ਆ ਗਿਆ, ਗੜ੍ਹੇ ਪੈ ਗਏ, ਮੀਂਹ ਪੈ ਗਿਆ, ਗ੍ਰਹਿਆਂ ਦਾ ਡਰ ਜਿਵੇਂ ਰਾਹੂ, ਕੇਤੂ, ਸ਼ਨਿੱਚਰ ਤੇ ਸਾੜਸਤੀ ਦਾ ਦੁਖ ਤੇ ਇਹ ਦੁਖ ਮਨਮੁਖਾਂ ਨੂੰ ਲਗਿਆ ਕਰਦੇ ਹਨ। ਬਾਕੀ ਇਹਦੇ ਅੰਦਰ ਈਰਖਾ ਦੀ ਸਿਉਂਕ ਲਗੀ ਹੁੰਦੀ ਹੈ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ ਤੇ ਅੰਦੇਸ਼ਾ ਇਹ ਸਾਰੇ ਵਿਨਾਸ਼ਕਾਰੀ ਕਿਰਮ (pest) ਅਖਵਾਉਂਦੇ ਹਨ, ਇਹ ਕਿਸੇ ਦੇ ਜੀਵਨ ਨੂੰ ਸਿਰੇ ਨਹੀਂ ਲੱਗਣ ਦਿੰਦੇ ਤੇ ਰੂਹਾਨੀ ਜੀਵਨ ਨੂੰ ਵੀ ਬਰਬਾਦ ਕਰ ਦਿੰਦੇ ਹਨ। ਸੋ ਇਹ ਦੁਖਾਂ ਦਾ ਭਰਿਆ ਹੋਇਆ ਸਰੀਰ, ਘੋਰ ਜੰਗਲ ਕਹਾਉਂਦਾ ਹੈ, ਇਹ ਤਾਂ ਮਹਾਂ ਅਪਵਿੱਤਰ ਹੈ ਤੇ ਇਸ ਨੂੰ ਪਵਿੱਤਰ ਨਹੀਂ ਕਹਿ ਸਕਦੇ, ਪਵਿੱਤਰ ਤਾਂ ਹੀ ਹੋਏਗਾ ਜੇਕਰ -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374***

ਨਾਮਦੇਵ ਜੀ ਨੇ ਰਾਜੇ ਨੂੰ ਸਮਝਾਇਆ, ਕਹਿੰਦੇ ਦੇਖ ਰਾਜਨ! ਸਰੀਰ ਏਸ ਵਾਸਤੇ ਤਾਂ ਨਹੀਂ ਮਿਲਿਆ ਕਿ ਤੂੰ ਅਭਿਮਾਨ ਕਰਕੇ ਗਰੀਬਾਂ ਦੇ ਘਰ ਢਾਹੁੰਦਾ ਫਿਰੇਂ ਤੇ ਫੇਰ ਤੂੰ ਕਹਿਨੈ ਕਿ ਮੈਂ ਬੜੀ ਗਹਿਰੀ ਨੀਂਵ ਰੱਖੀ ਹੈ, ਬਹੁਤ ਵਧੀਆ ਮੰਦਰ ਬਣਾਇਐ।

ਰਾਜਾ ਕਹਿੰਦਾ ਹੁਣ ਮੈਂ ਢਾਹ ਦਿੱਤਾ ਕਿਉਂਕਿ ਮੇਰੇ ਮਹਿਲ ਦੀ ਇਕਸਾਰਤਾ ਖਰਾਬ ਹੁੰਦੀ ਹੈ ਇਨ੍ਹਾਂ ਗਰੀਬਾਂ ਦੀਆਂ ਝੁੱਗੀਆਂ ਕਰਕੇ, ਮੈਂ ਤਾਂ ਬਾਕੀ ਦੀਆਂ ਝੁੱਗੀਆਂ ਢੁਹਾ ਦੇਣੀਆਂ ਹਨ ਕਿਉਂਕਿ ਇਥੇ ਮੈਂ ਪਾਰਕ ਬਣਾਉਣਾ ਹੈ। ਨਾਮਦੇਵ ਜੀ ਕਹਿਣ ਲੱਗੇ ਰਾਜਨ! ਵੱਡੇ ਵੱਡੇ ਸੰਸਾਰ ਤੇ ਆਏ -

***ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥***

***ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝ ਨਾ ਖਾਈ॥***
***ਪੰਨਾ - 693***

ਇਹੋ ਜਿਹੇ ਵੀ ਆਏ ਜਿਨ੍ਹਾਂ ਨੂੰ ਮਰੇ ਹੋਇਆਂ ਨੂੰ ਵੀ ਕਿਸੇ ਨੇ ਸੰਭਾਲਿਆ ਨਹੀਂ ਤੇ ਜਦੋਂ ਜਿਉਂਦਾ ਤੁਰਦਾ ਸੀ ਐਨੀ ਫੌਜ ਉਸ ਦੇ ਨਾਲ ਹੁੰਦੀ ਸੀ ਕਿ ਅੱਠਤਾਲੀ ਮੀਲ ਤੱਕ ਫੌਜ ਹੀ ਫੌਜ ਹੁੰਦੀ ਸੀ ਤੇ ਇਹ ਛੱਤਰ ਸੀ ਉਨ੍ਹਾਂ ਪਾਸ, ਇਹੋ ਜਿਹੇ ਪਰਤਾਪੀ ਰਾਜੇ ਵੀ ਨਾ ਰਹੇ ਤੇ ਉਨ੍ਹਾਂ ਦੀ ਦੇਹ ਨੂੰ ਗਿਰਝਾਂ ਨੇ ਵੀ ਖਾਣਾ ਉਚਿਤ ਨਹੀਂ ਸਮਝਿਆ।

***ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥***
***ਪੰਨਾ - 693***

***ਇਕੁ ਲਖੁ ਪੂਤ ਸਵਾ ਲਖੁ ਨਾਤੀ॥***
***ਤਿਹ ਰਾਵਨ ਘਰ ਦੀਆ ਨ ਬਾਤੀ॥ ਪੰਨਾ - 481***

ਇਹੋ ਜਿਹੇ ਵੀ ਸੰਸਾਰ ਤੋਂ ਚਲੇ ਗਏ।

***ਧਾਰਨਾ - ਜਿਹਦੇ ਦਰ ਤੇ ਝੂਲਦੇ ਹਾਥੀ,***
***ਲੱਦ ਗਏ ਨੇ ਰੌਣ ਵਰਗੇ ਪਿਆਰਿਓ -2, 2.***
***ਪਿਆਰਿਓ, ਲੱਦ ਗਏ ਨੇ ......... -2, 2.***
***ਜਿਹਦੇ ਦਰ ਤੇ ਝੂਲਦੇ ਹਾਥੀ, .... -2.***

ਕਹਿੰਦੇ ਦੇਖ ਰਾਜਨ ਤੂੰ ਤਾਂ ਛੋਟਾ ਜਿਹਾ ਰਾਜਾ ਹੈਂ ਤੇ ਕਹਿੰਦੇ ਹਨ ਕਿ ਰਾਵਣ ਨੇ ਤਾਂ ਕਾਲ ਨੂੰ ਪਾਵੇ ਨਾਲ ਬੰਨ੍ਹਿਆ ਹੋਇਆ ਸੀ। ਉਸ ਨੇ ਜੋਤਸ਼ੀਆਂ ਨੂੰ ਪੁਛਿਆ ਕਿ ਮੇਰੇ ਕਾਲ ਕਿਵੇਂ ਆਏਗਾ? ਕਹਿਣ ਲੱਗੇ ਤੇਰਾ ਕਾਲ ਅਯੁੱਧਿਆ ਦੇ ਰਾਜਾ ਦਸ਼ਰਥ ਦੇ ਲੜਕੇ ਸ੍ਰੀ ਰਾਮ ਚੰਦਰ ਜੀ ਦੇ ਹੱਥੋਂ ਹੋਵੇਗਾ। ਰਾਜਾ ਦਸ਼ਰਥ ਜੁਆਨੀ ਦੀ ਉਮਰ ਵਿਚ ਆਪਣੇ ਰਾਜ ਵਿਚ ਘੁੰਮ ਰਿਹਾ ਸੀ ਤੇ ਇਸ ਨੇ ਘਾਤ ਲਾ ਕੇ ਫੜ ਲਿਆ ਤੇ ਲੰਕਾ ਲੈ ਆਇਆ। ਇਥੇ ਇਸ ਨੇ ਇਕ ਬਗੈਰ ਹਵਾ - (airtight) ਸੰਦੂਕ ਬਣਾਇਆ ਜਿਹਦੇ ਵਿਚ ਪਾਣੀ ਨਾ ਜਾ ਸਕੇ ਤੇ ਇਸ ਨੂੰ ਉਹਦੇ ਵਿਚ ਬੰਦ ਕਰਕੇ ਸਮੁੰਦਰ ਵਿਚ ਸੁੱਟ ਦਿੱਤਾ। ਤਾਲਾ ਲਾ ਦਿਤਾ ਤੇ ਤਾਲੇ ਦੀਆਂ ਚਾਬੀਆਂ ਆਪਣੇ ਕੋਲ ਰੱਖ ਕੇ ਪਲੰਘ ਨਾਲ ਬੰਨ ਦਿੱਤੀਆਂ। ਉਧਰਲੇ ਪਾਸੇ ਜਿੰਨੀ ਉਸ ਬਕਸੇ ਅੰਦਰ ਹਵਾ ਸੀ ਉਹਦੇ ਨਾਲ ਉਹ ਜਿਉਂਦਾ ਰਿਹਾ ਤੇ ਸੰਦੂਕ ਇਕ ਮਗਰ ਮੱਛ ਦੀ ਪਿੱਠ ਤੇ ਜਾ ਕੇ ਗਿਰ ਗਿਆ ਤੇ ਉਹ ਮੱਛ ਉਪਰ ਨੂੰ (north ਵਲ ਨੂੰ) ਤੁਰ ਪਿਆ। ਅਖੀਰ ਉਸ ਨੇ ਬਾਹਰ ਨਿਕਲ ਕੇ ਬਰੇਤੀ ਤੇ ਲਿਆ ਕੇ ਸੁੱਟ ਦਿਤਾ। ਉਥੇ ਕਿਸੇ ਨੇ ਖੋਲ੍ਹ ਲਿਆ। ਕੀ ਦੇਖਿਆ ਕਿ ਇਸ ਵਿਚ ਤਾਂ ਰਾਜਾ ਦਸ਼ਰਥ ਹੈ। ਰਾਵਣ ਕਾਲ ਨੂੰ ਜਿਤ ਨਹੀਂ ਸਕਿਆ ਅਖੀਰ ਰਾਮ ਚੰਦਰ ਜੀ ਦੇ ਹੱਥੋਂ ਉਸ ਦਾ ਕਾਲ ਹੋਇਆ। ਲੰਕਾ ਸੋਨੇ ਦੀ ਬਣਾਈ ਹੋਈ ਸੀ ਤੇ ਕਿੱਡਾ ਵੱਡਾ ਪਰਵਾਰ ਸੀ -

***ਇਕੁ ਲਖੁ ਪੂਤ ਸਵਾ ਲਖੁ ਨਾਤੀ॥***
***ਤਿਹ ਰਾਵਨ ਘਰ ਦੀਆ ਨਾ ਬਾਤੀ॥ ਪੰਨਾ - 481***

ਐਡੇ ਵੱਡੇ ਪਰਵਾਰ ਵਾਲਾ, ਸੋਨੇ ਦੀ ਲੰਕਾ ਵਾਲਾ, ਤੇ ਜਿਸ ਨੇ ਕਾਲ ਨੂੰ ਬੰਨਿਆ ਹੋਇਆ ਸੀ, ਉਹ ਵੀ ਚਲਿਆ ਗਿਆ ਤੇ ਤੂੰ ਆਪਣੇ ਸਰੀਰ ਦਾ ਤੇ ਮਹਿਲਮਾੜੀਆਂ ਦਾ ਇੰਨਾ ਮਾਣ ਕਿਉਂ ਕਰਦਾ ਹੈਂ, ਰਾਜਨ! ਪ੍ਰਮੇਸ਼ਰ ਦਾ ਭਜਨ ਕਰਿਆ ਕਰ, ਸੰਤਾਂ ਦਾ ਉਪਦੇਸ਼ ਸੱਤ ਹੋਇਆ ਕਰਦੈ। ਉਹ ਮਿੱਤਰ ਨੂੰ ਵੀ ਤੇ ਸ਼ਤਰੂ ਨੂੰ ਵੀ ਸੱਚਾ ਉਪਦੇਸ਼ ਕਰਦੇ ਹਨ। ਰਾਜਨ ਕਹਿਣ ਲੱਗਿਆ, ਵਾਹ ਜੀ ਵਾਹ! ਭਗਤ ਜੀ ਤੁਸੀਂ ਤਾਂ ਬੜਾ ਉਪਦੇਸ਼ ਜਾਣਦੇ ਹੋ, ਮੈਂ ਤਾਂ ਤੁਹਾਨੂੰ ਅੱਜ ਹੀ ਦੇਖਿਐ, ਤੁਹਾਨੂੰ ਤਾਂ ਬੜੀਆਂ ਗੱਲਾਂ ਆਉਂਦੀਆਂ ਹਨ। ਨਾਮਦੇਵ ਜੀ ਨੂੰ ਮਸ਼ਕਰੀਆਂ ਮਖੌਲ ਕਰਨ ਲੱਗ ਪਿਆ। ਨਾਮਦੇਵ ਜੀ ਕਹਿਣ ਲੱਗੇ, ਰਾਜਨ! ਸੰਤਾਂ ਨਾਲ ਮਸ਼ਕਰੀ ਨਹੀਂ ਕਰਿਆ ਕਰਦੇ, ਉਨ੍ਹਾਂ ਤੋਂ ਤਾਂ ਬਚਨ ਪੁਛੀਦਾ ਹੁੰਦੈ ਤੇ ਸ਼ਰਧਾ ਨਾਲ ਜਾ ਕੇ ਫਲ ਪ੍ਰਾਪਤ ਕਰੀਦਾ ਹੁੰਦੈ।

***ਸੰਤਨ ਸੇਤੀ ਮਸਕਰੀ ਕੁਲ ਡੋਬਨ ਕੀ ਰੀਤ॥***

ਜਿਹੜਾ ਸੰਤਾਂ ਦੇ ਨਾਲ ਟਿਚਰ-ਮਖੌਲ ਕਰਦਾ ਹੈ, ਉਹ ਤਾਂ ਆਪਣੀਆਂ ਕੁਲਾਂ ਨੂੰ ਡਬੋ ਦਿੰਦਾ ਹੈ। ਤੈਨੂੰ ਪਤੈ ਇਕ ਦੁਰਬਾਸ਼ਾ ਰਿਸ਼ੀ ਹੋਇਐ ਤੇ ਉਹਦੇ ਨਾਲ ਯਾਦਵਾਂ ਨੇ ਮਸ਼ਕਰੀ ਕੀਤੀ ਸੀ ਜਿਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਹਨ-

***ਧਾਰਨਾ - ਦੁਰਬਾਸਾ ਸਿਉ ਕਰਤ ਠਗਉਰੀ,***
***ਯਾਦਵ ਇਹ ਫਲ ਪਾਏ ਨੇ - 2, 2.***

***ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥***
***ਪੰਨਾ - 693***

ਨਾਮਦੇਵ ਜੀ ਕਹਿਣ ਲੱਗੇ, ਰਾਜਨ! ਸੰਤਾਂ ਨਾਲ ਮਖੌਲ ਕਰਨਾ ਚੰਗਾ ਨਹੀਂ ਹੁੰਦਾ ਤੇ ਸੰਤਾਂ ਨੂੰ ਮਸ਼ਕਰੀਆਂ ਨਹੀਂ ਕਰਿਆ ਕਰਦੇ। ਦੇਖ ਤੈਨੂੰ ਦੱਸਦੇ ਹਾਂ ਕਿ ਦੁਆਪਰ ਜੁਗ ਦੇ ਅੰਦਰ ਦੁਰਬਾਸਾ ਰਿਸ਼ੀ ਵੀ ਬਹੁਤ ਸਾਰੇ ਰਿਸ਼ੀਆਂ ਨਾਲ ਪ੍ਰਭਾਸ ਤੀਰਥ ਤੇ ਆਏ ਹੋਏ ਸੀ ਤੇ ਇਧਰ ਯਾਦਵਾਂ ਦੇ ਬੱਚੇ, ਕ੍ਰਿਸ਼ਨ ਮਹਾਰਾਜ ਜੀ ਦੀ ਔਲਾਦ ਤੇ ਇਨ੍ਹਾਂ ਨੂੰ ਇਕ ਸ਼ਰਾਰਤ ਸੁਝੀ, ਸਾਰੇ ਇਕੋ ਜਿਹੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਆਪਾਂ ਇਨ੍ਹਾਂ ਸੰਤਾਂ ਨਾਲ ਮਸਖਰੀ ਕਰੀਏ ਕਿਉਂਕਿ ਸਾਧ ਸੰਗਤ ਜੀ! ਬੱਚਾ ਗਲਤ ਗੱਲ ਕਰਿਆ ਕਰਦੈ ਤੇ ਰੋਕਿਆ ਹੋਇਆ ਵੀ ਰੁਕਦਾ ਨਹੀਂ, ਮਰਜ਼ੀ ਦੀ ਬਾਤ ਕਰਦੈ ਕਿਉਂਕਿ ਬੱਚੇ ਦਾ ਚੰਚਲ ਸੁਭਾਅ ਹੁੰਦਾ ਹੈ। ਕੋਈ ਕੋਈ ਵਿਰਲਾ ਹੀ ਬੱਚਾ ਧਰੂੰ ਤੇ ਪ੍ਰਹਿਲਾਦ ਵਾਂਗ ਵੱਡਾ ਹੋਇਆ ਕਰਦਾ ਹੈ। ਉਹਨਾਂ ਵਿਚ ਚੰਚਲਤਾ ਆਈ ਕਹਿਣ ਲੱਗੇ ਕਿ ਇਹ ਸਾਧ ਜਿਹੇ, ਸਾਡੇ ਮਾਂ ਬਾਪ ਇਹਨਾਂ ਨੂੰ ਸਾਡੇ ਪਾਸੋਂ ਐਵੇਂ ਮੱਥੇ ਟਿਕਾਈ ਜਾਂਦੇ ਹਨ, ਕੋਈ ਸ਼ਕਤੀ ਵੀ ਹੈ ਇਨ੍ਹਾਂ 'ਚ ਕਿ ਐਵੇਂ ਕਹੀ ਜਾਂਦੇ ਨੇ ਕਿ ਇਹ ਤ੍ਰਿਕਾਲਦਰਸ਼ੀ ਹਨ। ਐਵੇਂ ਹੀ ਢਕੋਸਲਾ ਘੜਿਆ ਹੋਇਐ, ਦੇਖੀਏ ਤਾਂ ਸਹੀ ਇਨ੍ਹਾਂ 'ਚ ਕੁਝ ਹੈ ਕਿ ਨਹੀਂ। ਕ੍ਰਿਸ਼ਨ ਮਹਾਰਾਜ ਦਾ ਪੋਤਰਾ ਜਿਸ ਦਾ ਨਾਮ ਸਾਂਭ ਸੀ, ਉਹਦੇ ਪੇਟ ਦੇ ਦੁਆਲੇ ਕੱਪੜੇ ਬੰਨ੍ਹ ਲਏ ਤੇ ਇਸਤਰੀਆਂ ਵਾਲੇ ਬਸਤ੍ਰ ਪੁਆ ਦਿਤੇ ਤੇ ਨਾਲ ਦੋ ਚਾਰ ਨੇ ਹੋਰ ਪਾ ਲਏ ਤੇ ਇਕੱਲੇ-ਇਕੱਲੇ ਸੰਤਾਂ ਕੋਲ ਜਾ ਕੇ ਨਮਸਕਾਰ ਕਰਕੇ ਬਹਿ ਜਾਂਦੇ ਹਨ, ਪੁਛਦੇ ਨੇ ਕਿ ਭਾਈ, ਕਿਵੇਂ ਦਰਸ਼ਨ ਦਿਤੇ, ਜਵਾਬ ਦਿੰਦੇ ਨੇ ਕਿ ਮਹਾਰਾਜ ਦਰਸ਼ਨ ਤਾਂ ਅਸੀਂ ਤੁਹਾਡੇ ਕਰਨ ਆਏ ਹਾਂ ਅਸੀਂ ਇਹ ਪੁੱਛਣ ਆਏ ਹਾਂ ਕਿ ਆਹ ਬੀਬੀ ਸੰਗਦੀ ਹੈ, ਪੁਛਦੀ ਨਹੀਂ ਤੇ ਇਹ ਦੱਸੋ ਕਿ ਇਹਦੇ ਲੜਕਾ

ਹੋਊ ਜਾਂ ਲੜਕੀ ਹੋਵੇਗੀ। ਉਹ ਸਾਰਿਆਂ ਦੇ ਪਿਛੇ ਘੁੰਡ ਕੱਢ ਕੇ ਬੈਠਾ ਰਹਿੰਦਾ ਹੈ ਜਿਵੇਂ ਸੱਚੀ ਮੁੱਚੀ ਸੰਗਦਾ ਹੁੰਦੈ, ਪੂਰਾ ਡਰਾਮਾ ਕਰ ਰਹੇ ਹਨ। ਸੰਤ ਕਹਿੰਦੇ ਭਾਈ ਅਕਾਲ ਪੁਰਖ ਨੂੰ ਪਤਾ ਹੈ, ਸਾਨੂੰ ਤਾਂ ਕੋਈ ਪਤਾ ਨਹੀਂ ਹੈ। ਫੇਰ ਸਾਰੇ ਹੀ ਤਾੜੀ ਮਾਰ ਕੇ ਹੱਸਦੇ ਹਨ ਤੇ ਟਿਚਰ ਕਰਦੇ ਹਨ ਕਿ ਲਉ ਇਹ ਤ੍ਰਿਕਾਲਦਰਸ਼ੀ ਹਨ, ਐਨਾ ਨਹੀਂ ਪਤਾ ਕਿ ਇਹਦੇ ਕੀ ਹੋਵੇਗਾ? ਚਲਦੇ-ਚਲਦੇ ਦੁਰਬਾਸ਼ਾ ਜੀ ਪਾਸ ਚਲੇ ਗਏ ਜੋ ਇਹਨਾਂ ਦਾ ਕੁਲ ਗੁਰੂ ਸੀ। ਉਥੇ ਜਾ ਕੇ ਵੀ ਇਹੀ ਸਵਾਲ ਕੀਤਾ ਤੇ ਉਹ ਕਹਿਣ ਲੱਗੇ ਬੱਚਿਓ! ਸੰਤਾਂ ਨਾਲ ਮਸਖਰੀ ਨਹੀਂ ਕਰਿਆ ਕਰਦੇ। ਕਹਿੰਦੇ ਨਹੀਂ ਮਹਾਰਾਜ! ਅਸੀਂ ਮਖੌਲ ਨਹੀਂ ਕਰ ਰਹੇ ਅਸੀਂ ਤਾਂ ਸਚਮੁਚ ਹੀ ਪੁਛ ਰਹੇ ਹਾਂ। ਦੋ ਚਾਰ ਵਾਰੀ ਰੋਕਿਆ ਫੇਰ ਨਾ ਬਾਜ ਆਏ ਤੇ ਫੇਰ ਰੋਹ ਵਿਚ ਆ ਕੇ ਕਹਿਣ ਲੱਗੇ ਕਿ ਦੱਸੀਏ ਫੇਰ ਇਹਦੇ ਕੌਣ ਪੈਦਾ ਹੋਊ? ਕਹਿੰਦੇ, ਹਾਂ ਜਰੂਰ ਦੱਸੋ। ਕਹਿੰਦੇ ਜ਼ਰੂਰ ਪੁਛਣੈ? ਤੀਜੀ ਵਾਰ ਬੜੇ ਜ਼ੋਰ ਨਾਲ ਰੋਹ ਭਰੀ ਆਵਾਜ਼ 'ਚ ਕਹਿਣ ਲੱਗੇ ਕਿ ਫਿਰ ਦੱਸੀਏ! ਕਹਿੰਦੇ ਹਾਂ ਜੀ, ਲਉ ਫੇਰ ਸੁਣ ਲਓ, ਇਹਦੇ 'ਚੋਂ ਉਹ ਪੈਦਾ ਹੋਊ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।

***ਸੰਤਨ ਸੇਤੀ ਮਸਕਰੀ ਕੁਲ ਡੋਬਨ ਕੀ ਰੀਤ॥***

ਸੰਤਾਂ ਨਾਲ ਮਸ਼ਕਰੀਆਂ ਕਰਕੇ ਕੁਲਾਂ ਡੁੱਬ ਜਾਂਦੀਆਂ ਹਨ। ਬੱਚੇ ਜੰਮਦੇ ਹੀ ਮਰ ਜਾਂਦੇ ਹਨ। ਪੇਟ ਦੇ ਵਿਚ ਹੀ ਖਤਮ ਹੋ ਜਾਂਦੇ ਹਨ ਕਿਉਂਕਿ ਐਸੀ ਗੱਲ ਕੀਤੀ ਹੋਈ ਹੁੰਦੀ ਹੈ। ਸਾਰੇ ਹੀ ਡਰ ਗਏ ਤੇ ਘਰ ਵਾਪਸ ਆ ਗਏ ਤੇ ਜਦੋਂ ਕੱਪੜੇ ਖੋਲ੍ਹ ਕੇ ਵੇਖਿਆ ਕਿ ਵਿਚੋਂ ਇਕ ਲੋਹੇ ਦਾ ਮੂਸਲ ਨਿਕਲ ਆਇਆ। ਕਹਿੰਦੇ ਚਲੀਏ, ਇਹ ਤਾਂ ਗੱਲ ਸੱਚੀ ਹੋ ਗਈ, ਲੋਹਾ ਤਾਂ ਅਸੀਂ ਵਿਚ ਨਹੀਂ ਸੀ ਪਾਇਆ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ ਤੇ ਰੋਣ ਲੱਗ ਪਏ, ਕਹਿੰਦੇ ਕੀ ਗੱਲ ਬੱਚਿਓ ਤੁਸੀਂ ਰੋ ਕਿਉਂ ਰਹੇ ਹੋ? ਕਹਿਣ ਲੱਗੇ ਦੁਰਬਾਸ਼ਾ ਜੀ ਨੇ ਸਰਾਪ ਦੇ ਦਿਤਾ। ਕਹਿਣ ਲੱਗੇ ਸੰਤ ਬਿਨਾਂ ਵਜ੍ਹਾ ਕਿਸੇ ਨੂੰ ਸਰਾਪ ਨਹੀਂ ਦਿੰਦੇ ਤੇ ਨਾ ਹੀ ਬਿਨਾ ਵਜ੍ਹਾ ਵਰ ਦਿੰਦੇ ਹਨ। ਆਪਣੀ ਹੀ ਭਾਵਨਾ ਸਰਾਪ ਲੈਂਦੀ ਹੈ ਤੇ ਆਪਣੀ ਹੀ ਭਾਵਨਾ ਵਰ ਲੈਂਦੀ ਹੈ, ਸੇਵਾ ਕਰੋ, ਪ੍ਰਸੰਨ ਹੋ ਜਾਣ ਵਰ ਦੇ ਦਿੰਦੇ ਹਨ, ਦੁਖੀ ਕਰ ਦਿਓ ਤਾਂ ਫੇਰ

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥***
***ਪੰਨਾ - 306***

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ -2, 2.***
***ਸੰਤਾਂ ਨਾਲ ਖਹੰਦੇ ਮੁਗਧ ਨਰ - 2, 2.***
***ਸੁਖ ਕਦੇ ਨਾ ਪਾਉਂਦੇ ਜੀ, .... -2.***

ਕਹਿਣ ਲੱਗੇ ਬੱਚਿਓ! ਤੁਸੀਂ ਕੋਈ ਸ਼ਰਾਰਤ ਕੀਤੀ ਹੋਣੀ ਹੈ ਕਹਿੰਦੇ ਮਹਾਰਾਜ ਅਸੀਂ ਤਾਂ ਖੇਲਦੇ-ਖੇਲਦੇ ਗਏ ਸੀ ਤੇ ਇਸ ਤਰ੍ਹਾਂ ਪੁਛਿਆ ਸੀ, ਕਹਿਣ ਲਗੇ ਇਹ ਤਾਂ ਤੁਸੀਂ ਉਨ੍ਹਾਂ ਨੂੰ ਮਖੌਲ ਕੀਤਾ ਹੈ, ਮਸ਼ਕਰੀ ਕੀਤੀ ਹੈ, ਇਹ ਤਾਂ ਕੁਲ ਡੋਬਣ ਦੀ ਰੀਤ ਤੁਸੀਂ ਆਪੇ ਹੀ ਕਰ ਲਈ। ਕਹਿਣ ਲੱਗੇ, "ਮਹਾਰਾਜ! ਸਾਥੋਂ ਪਰਾਸ਼ਚਤ ਕਰਮ ਕਰਵਾ ਦਿਓ ਕਿਉਂਕਿ ਇਸ ਕਰਮ ਨਾਲ ਪਾਪ ਕੀਤਾ ਹੋਇਆ ਮਿਟ ਜਾਇਆ ਕਰਦਾ ਹੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਸੰਤ ਦਾ ਬਚਨ ਨਹੀਂ ਟੱਲਣਾ।

ਸਾਧ ਬਚਨ ਅਟਲਾਧਾ॥ ਭਾਵੇਂ ਸਭ ਕੁਝ ਖਤਮ ਹੋ ਜਾਵੇ ਪਰ ਸੰਤਾਂ ਦਾ ਬਚਨ ਨਹੀਂ ਟਲਿਆ ਕਰਦਾ। ਕਹਿਣ ਲੱਗੇ ਇਸ ਤਰ੍ਹਾਂ ਕਰੋ ਇਸ ਮੂਸਲ ਨੂੰ ਪਰਭਾਸ ਛੇਤਰ ਤੇ ਲੈ ਜਾਓ ਤੇ ਇਸ ਨੂੰ ਘਸਾ ਕੇ ਖਤਮ ਕਰਕੇ ਸਮੁੰਦਰ ਵਿਚ ਸੁੱਟ ਦਿਓ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਸਾਰਾ ਲੋਹਾ ਘਸਾ ਕੇ ਕਣ ਕਣ ਕਰਕੇ ਪਾਣੀ ਵਿਚ ਸੁਟ ਦਿਤਾ ਤੇ ਇਕ ਛੋਟਾ ਜਿਹਾ ਇਕ ਜਿਹੀ ਅਣੀ-ਨੋਕ ਜਿਹੀ ਬਚ ਗਈ ਤੇ ਉਹ ਵੀ ਤਿਖੀ ਹੋ ਕੇ ਪਾਣੀ 'ਚ ਗਿਰ ਗਈ। ਘਰ ਨੂੰ ਆ ਗਏ ਤੇ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਤੀਰਥ ਤੇ ਜਾ ਕੇ ਜਪ ਤਪ ਕਰੋ ਤਾਂ ਕਿ ਤੁਹਾਡਾ ਸਰਾਪ ਟਲ ਜਾਵੇ। ਦੇਖਿਓ ਕਿਤੇ ਸ਼ਰਾਬ ਵਗੈਰਾ ਦਾ ਸੇਵਨ ਨਾ ਕਰਿਓ। ਦੁਆਪਰ ਦੇ ਅੰਤ ਵਿਚ ਸ਼ਰਾਬ ਪੀਣ ਲੱਗ ਗਏ ਸੀ। ਉਥੇ ਚਲੇ ਗਏ ਤੇ ਜਾ ਕੇ ਸ਼ਰਾਬ ਪੀ ਲਈ ਤੇ ਆਪਸ ਵਿਚ ਲੜ ਕੇ ਸਾਰੇ ਹੀ ਮਰ ਗਏ ਤੇ ਇਕ ਨਾ ਬੱਚਿਆ ਤੇ ਇਕੱਲੇ ਕ੍ਰਿਸ਼ਨ ਮਹਾਰਾਜ ਰਹਿ ਗਏ। ਉਹ ਜੰਗਲ ਵਿਚ ਚਲੇ ਗਏ ਤੇ ਉਥੇ ਇਕ ਦਰਖਤ ਨਾਲ ਢਾਸਣਾ ਲਾ ਕੇ ਗੋਡੇ ਤੇ ਦੂਸਰਾ ਚਰਨ ਰੱਖ ਕੇ ਆਰਾਮ ਕਰ ਰਹੇ ਹਨ। ਚਰਨਾਂ ਦੇ ਵਿਚ ਪਦਮ ਸੀ ਤੇ ਤਾਰੇ ਵਾਂਗੂ ਝਿਲਮਿਲ ਝਿਲਮਿਲ ਕਰਦਾ, ਲਿਸ਼ਕਾਰੇ ਮਾਰਦਾ ਸੀ। ਐਨੇ ਨੂੰ ਇਕ ਸ਼ਿਕਾਰੀ ਆ ਗਿਆ ਸ਼ਿਕਾਰੀ ਨੇ ਆ ਕੇ ਦੇਖਿਆ ਕਿ ਹਰਨ ਦੀ ਅੱਖ ਹੈ, ਉਸਨੇ ਸਿੰਨ੍ਹ ਤੇ ਬਾਣ ਮਾਰਿਆ ਤੇ ਕ੍ਰਿਸ਼ਨ ਮਹਾਰਾਜ ਦੀ ਛਾਤੀ 'ਚ ਲੱਗਿਆ ਤੇ ਦੌੜ ਕੇ ਉਥੇ ਗਿਆ ਕਿ ਹਰਨ ਨੱਠ ਨਾ ਜਾਵੇ। ਕੋਲ ਗਿਆ ਕੀ ਦੇਖਦਾ ਹੈ ਕਿ ਮੈਂ ਤਾਂ ਮਹਾਂ ਉਗਰ ਪਾਪ ਕਰ ਦਿਤਾ, ਕ੍ਰਿਸ਼ਨ ਮਹਾਰਾਜ ਦੇ ਬਾਣ ਮਾਰ ਦਿਤਾ ਤੇ ਪਛਤਾਵਾ ਕਰਕੇ ਉਚੀ ਉਚੀ ਰੋਂਦਾ ਹੈ ਤੇ ਮਾਫੀਆ ਮੰਗਦੈ ਕਿ ਮਹਾਰਾਜ! ਮੈਥੋਂ ਬੜੀ ਵੱਡੀ ਭੁਲ ਹੋਈ ਹੈ ਤੇ ਮੈਂ ਮਹਾਂਪਾਪੀ ਹਾਂ ਤੇ ਮੈਂ ਤੁਹਾਡੇ ਬਾਣ ਨਹੀਂ ਮਾਰਿਆ, ਮੈਂ ਤਾਂ ਮ੍ਰਿਗ ਸਮਝ ਕੇ ਬਾਣ ਮਾਰਿਆ ਸੀ।

***ਧਾਰਨਾ - ਮ੍ਰਿਗ ਜਾਣ ਕੇ ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀ ਮਾਲਕਾ -2, 2.***
***ਭੁੱਲ ਮੇਰੀ ਜੀ ਬਖਸ਼ੀ ਮਾਲਕਾ, -2, 2.***
***ਮ੍ਰਿਗ ਜਾਣ ਕੇ ਬਾਣ ਮੈਂ ਮਾਰਿਆ, ... -2.***

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਦਰਸਣ ਡਿਠੋਸ ਜਾਇਕੈ ਕਰਣ ਪਲਾਵ ਕਰੇ ਪੁਕਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਜਦ ਕੋਲ ਗਿਆ, ਉਚੀ ਉਚੀ ਰੋਂਦਾ ਹੈ, ਕਹਿੰਦਾ ਮਹਾਰਾਜ ਮੈਂ ਬੜੀ ਭੁਲ ਕੀਤੀ ਹੈ, ਐਡੀ ਵੱਡੀ ਅਵੱਗਿਆ ਕਰਕੇ ਮੇਰਾ ਕਿਥੇ ਛੁਟਕਾਰਾ ਹੋਵੇਗਾ, ਪਤਾ ਨਹੀਂ ਮੇਰਾ ਕਿਹੜੇ ਕੁੰਭੀ ਨਰਕ ਵਿਚ ਵਾਸ ਹੋਵੇਗਾ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਬੱਧਕ, ਇਧਰ ਮੇਰੇ ਪਾਸ ਆ ਜਾ, ਮੇਰੇ ਨੇੜੇ ਆਜਾ, ਖੂਨ ਜਾ ਰਿਹੈ, ਤਕਲੀਫ ਹੈ ਲੇਕਿਨ ਚੇਹਰੇ ਦੇ ਉਤੇ ਕੋਈ ਰੇਖਾ ਐਸੀ ਨਹੀਂ ਹੈ, ਜਿਸ ਤੋਂ ਪਤਾ ਲੱਗੇ ਕਿ ਆਪ ਨਰਾਜ਼ ਹਨ। ਸਗੋਂ ਪਰਸੰਨ ਹਨ, ਬੁਲਾਂ ਉਤੇ ਮੰਦ-ਮੰਦ ਮੁਸਕਰਾਹਟ ਹੈ। ਜਦੋਂ ਨੇੜੇ ਆਇਆ ਬੱਧਕ ਨੂੰ ਘੁਟ ਕੇ ਜੱਫੀ ਵਿਚ ਲੈ ਲਿਆ।

***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਕਹਿਣ ਲੱਗੇ, "ਤੂੰ ਕਿਉਂ ਰੋ ਰਿਹਾ ਹੈ, ਐਨੀ ਚਿੰਤਾ ਕਿਉਂ ਕਰ ਰਿਹਾ ਹੈ। ਕਹਿਣ ਲੱਗਿਆ ਮਹਾਰਾਜ ਮੈਂ ਬੜੀ ਭੁਲ ਕੀਤੀ ਹੈ, ਤੁਸੀਂ ਮੈਨੂੰ ਪਿਆਰ ਕਰਦੇ ਹੋ। ਕਹਿਣ ਲੱਗੇ ਕੋਈ ਗੱਲ ਨਹੀਂ, ਅਸੀਂ ਤੇਰਾ ਬਦਲਾ ਦਿਤੈ, ਤੈਨੂੰ ਪਤਾ ਨਹੀਂ ਸਾਨੂੰ ਪਤਾ ਹੈ। ਤ੍ਰੇਤੇ ਜੁਗ ਦੇ ਅੰਦਰ, ਬਾਲੀ ਨੂੰ ਮਾਰਨ ਵਾਸਤੇ ਸਾਨੂੰ ਛੁਪ ਕੇ ਬਾਣ ਮਾਰਨਾ ਪਿਆ। ਤੈਂ ਇਹ ਗੱਲ ਕਹੀ ਸੀ ਕਿ ਇਹ ਅਨੀਤੀ ਕੀਤੀ ਹੈ ਤੇ ਅਸੀਂ ਤੈਨੂੰ ਵਾਅਦਾ ਕੀਤਾ ਸੀ ਕਿ ਤੈਨੂੰ ਇਸ ਕਰਮ ਦਾ ਦੁਆਪਰ ਵਿਚ ਬਦਲਾ ਦੇਵਾਂਗੇ। ਸੋ ਤੂੰ ਬਦਲਾ ਲੈ ਲਿਆ, ਅਸੀਂ ਖੁਸ਼ ਹਾਂ ਕਿਉਂਕਿ ਅਸੀਂ ਤੇਰਾ ਕਰਜਾ ਮੋੜ ਦਿਤਾ।

***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਾਈ ਗੁਰਦਾਸ ਜੀ ਦੀ ਵਾਰ 10/23***

ਪਤਿਤਾਂ ਨੂੰ ਉਧਾਰਨਾ ਮਹਾਂਪੁਰਸ਼ਾਂ ਦਾ ਬਿਰਦ ਹੰਦਾ ਹੈ ਤੇ ਉਸ ਦੇ ਮਨ ਨੂੰ ਤਸੱਲੀ ਦਿਵਾ ਕੇ ਸੰਤੋਖ ਦਿਤਾ ਤੇ ਉਸ ਦੇ ਔਗੁਣ ਨੂੰ ਚਿਤਾਰਿਆ ਨਹੀਂ ਸਗੋਂ ਕਿਰਪਾ ਕੀਤੀ।

***ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।***
***ਪਾਪ ਕਰੇਂਦੇ ਪਤਿਤ ਉਧਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਇਸ ਤਰ੍ਹਾਂ ਦੁਰਬਾਸਾ ਰਿਸ਼ੀ ਨਾਲ ਮਸਕਰੀ ਕਰਨ ਦਾ ਯਾਦਵਾਂ ਨੂੰ ਫਲ ਮਿਲਿਆ ਸੀ। ਨਾਮਦੇਵ ਜੀ ਉਸ ਰਾਜੇ ਨੂੰ ਕਹਿਣ ਲੱਗੇ ਕਿ ਰਾਜਨ, ਭਜਨ ਕਰਨਾ ਚਾਹੀਦੈ। ਕਹਿੰਦਾ ਜਦੋਂ ਰੱਬ ਆਪਣੀ ਕ੍ਰਿਪਾ ਕਰਕੇ ਭਜਨ ਕਰਾਊਗਾ ਤਾਂ ਕਰ ਲਵਾਂਗੇ। ਨਾਮਦੇਵ ਜੀ ਕਹਿਣ ਲੱਗੇ, ਰਾਜਨ! ਕਿਰਪਾ ਤਾਂ ਉਸਨੇ ਕਰ ਦਿਤੀ ਤੈਨੂੰ ਮਾਨਸ ਜਨਮ ਦੇ ਦਿਤਾ, ਮਾਂ ਬਾਪ ਨੇ ਕਿਰਪਾ ਕਰ ਦਿਤੀ, ਤੈਨੂੰ ਪਾਲ ਪੋਸ ਕੇ ਵੱਡਾ ਕਰ ਦਿਤਾ, ਗੁਰੂ ਸਾਸ਼ਤਰ ਨੇ ਕਿਰਪਾ ਕਰ ਦਿਤੀ ਤੈਨੂੰ ਮਹਾਂਪੁਰਸ਼ਾਂ ਨੇ ਰਾਹ ਦੱਸ ਦਿਤਾ, ਹੁਣ ਤੂੰ ਆਪਣੀ ਕ੍ਰਿਪਾ ਆਪਣੇ ਉਤੇ ਕਰਨੀ ਹੈ।

***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***
***ਪੰਨਾ – 466***

ਹੁਣ ਆਪਣੀ ਕਿਰਪਾ ਆਪਣੇ ਤੇ ਆਪ ਕਰ, ਜਦੋਂ ਰੋਟੀ ਖਾਣੀ ਹੁੰਦੀ ਹੈ, ਨਾਹੁਣੈ ਹੁੰਦੈ, ਕੱਪੜੇ ਪਾਉਣੇ ਹੁੰਦੇ ਨੇ, ਦੌੜਿਆ ਫਿਰਦੈ ਉਦੋਂ ਤਾਂ ਕਦੇ ਨਹੀਂ ਕਿਹਾ ਕਿ ਕ੍ਰਿਪਾ ਕਰਕੇ ਬੁਰਕੀ ਮੇਰੇ ਮੂੰਹ 'ਚ ਪਾ ਦਿਓ। ਜਦੋਂ ਨਾਮ ਜਪਣਾ ਸੀ, ਉਦੋਂ ਕਹਿੰਦੇ ਨੇ ਕਿ ਜੀ, ਕ੍ਰਿਪਾ ਕਰ ਦਿਓ। ਮੇਰੇ ਕੋਲ ਵੀ ਆ ਕੇ ਇਸੇ ਤਰ੍ਹਾਂ ਕਹਿੰਦੇ ਨੇ, ਮੈਂ ਕਹਿੰਦਾ ਹੁੰਦੈ ਕਿ ਭਾਈ ਹੁਣ ਤੁਸੀਂ ਆਪਣੀ ਕਿਰਪਾ ਆਪਣੇ ਤੇ ਖੁਦ ਕਰੋ। ਉਝ ਤੁਸੀਂ ਦਿਨ ਰਾਤ ਭੱਜੇ ਫਿਰਦੇ ਹੋ ਤੇ ਜਦੋਂ ਭਜਨ ਕਰਨਾ ਹੁੰਦੈ ਉਦੋਂ ਕਹਿੰਦੇ ਨੇ ਜੀ, ਕਿਰਪਾ ਕਰ ਦਿਓ। ਵਾਹਿਗੁਰੂ-ਵਾਹਿਗੁਰੂ ਹੀ ਕਰੀ ਜਾਣੈ, ਹੋਰ ਕੋਈ ਪਹਾੜ ਦਾ ਭਾਰੀ ਪੱਥਰ ਚੁਕਣੈ? ਨਾਮ ਹੀ ਜਪੀ ਜਾਣੈ, ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ, ਅੱਲਾ-ਅੱਲਾ।

ਉਸ ਹਸਤੀ ਦਾ ਮਨ ਵਿਚ ਧਿਆਨ ਰਖਣੈ ਕਿ ਜਿਹੜੀ ਸਾਰੇ ਸੰਸਾਰ ਦੇ ਅੰਦਰ ਗੁਪਤ ਰੂਪ ਵਿਚ ਕੰਮ ਕਰ ਰਹੀ ਹੈ, ਇਹ ਉਸ ਦਾ ਨਾਮ ਹੈ, ਮੈਂ ਉਸ ਨੂੰ ਯਾਦ ਕਰ ਰਿਹਾ ਹਾਂ, ਉਸ ਦਾ ਨਾਮ ਲੈ ਰਿਹਾ ਹੈ। ਫੇਰ ਉਹਦੇ ਨਾਲ ਪਿਆਰ ਕਰੋ


(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)

ਇਹਦੇ ਵਿਚ ਕਿਰਪਾ ਦੀ ਕਿਹੜੀ ਗੱਲ ਹੋਈ। ਸੋ ਭਾਈ ਤੂੰ ਆਪਣੀ ਕਿਰਪਾ ਆਪਣੇ ਤੇ ਆਪ ਕਰ।

*ਕਿਰਪਾ ਕਰੀ ਜਨ ਆਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥*
*ਪੰਨਾ - 693*

ਇਸ ਤਰ੍ਹਾਂ ਦੇ ਨਾਲ ਨਾਮਦੇਵ ਜੀ ਨੇ ਰਾਜੇ ਨੂੰ ਸਮਝਾਇਆ ਕਿ ਰਾਜਨ! ਸਰੀਰ ਦੇ ਅੰਦਰ ਜੋਤ ਹੈ ਜੋ ਪਰੀਪੂਰਨ ਹੈ। ਉਸ ਜੋਤ ਨੂੰ ਪਾਉਣਾ ਹੀ ਤੇਰਾ ਪਰਮ ਮਨੋਰਥ ਹੈ। ਜੇ ਉਹ ਤੂੰ ਪ੍ਰਾਪਤ ਨਹੀਂ ਕਰਦਾ ਤਾਂ ਫਿਰ–

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374*

ਤਾਂ ਫਿਰ ਇਹ ਸਰੀਰ ਨਾਪਾਕ ਹੈ। ਇਸ ਕਰਕੇ ਸਾਧ ਸੰਗਤ ਜੀ! ਆਦਮੀ ਦੇ ਅੰਦਰ ਪੰਜ ਭਰਮਾਂ ਕਰਕੇ ਸੰਸਾ ਪਿਆ ਹੋਇਆ ਹੈ। ਇਹ ਹਉਮੈ ਦਾ ਸਭ ਤੋਂ ਵੱਡਾ ਥੰਮ ਹੈ (pillar) ਜੋ ਸੰਸਾ ਪੈ ਰਿਹਾ ਹੈ। ਸੋ ਇਹ ਸਾਰਾ ਸੰਸਾਰ ਹੀ ਸੰਸਿਆਂ ਦਾ ਭਰਿਆ ਹੋਇਐ।

*ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥*
*ਪੰਨਾ - 36*

ਸੰਸਾ ਉਤਰਦਾ ਕਦੋਂ ਹੈ? ਜਦੋਂ ਸੰਤਾਂ ਦੇ ਨਾਲ ਮਿਲ ਕੇ ਨਾਮ ਦੀ ਕਮਾਈ ਕਰਕੇ ਫੇਰ ਆਪਣੇ ਅੰਦਰ ਹੀ ਪ੍ਰਮੇਸ਼ਰ ਨੂੰ ਦੇਖ ਲੈਂਦੈ ਤਾਂ ਉਸ ਵੇਲੇ ਸੰਸਾ ਉਤਰ ਜਾਂਦਾ ਹੈ।

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ -2, 2.*
*ਸੰਸਾ ਮੇਰਾ ਜੀ ਉਤਰ ਗਿਆ -2, 2.*
*ਪਿਆਰੇ ਜਬ ਤੇ ਦਰਸ਼ਨ ਪਾਇਆ,..... -2.*

*ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥*
*ਪੰਨਾ - 1218*

ਸੋ ਸਾਧ ਸੰਗਤ ਜੀ! ਦੋਏ ਰਾਹ ਹਨ। ਇਸ ਸਰੀਰ ਦੇ ਅੰਦਰ ਪ੍ਰਮੇਸ਼ਰ ਵੀ ਵਸਦੈ ਤੇ ਇਸੇ ਸਰੀਰ ਦੇ ਅੰਦਰ ਗੰਦ-ਮੰਦ ਦੇ ਵੀ ਅੰਬਾਰ ਲੱਗੇ ਹੋਏ ਹਨ। ਦੇਖਣਾ ਇਹ ਹੈ ਕਿ ਅਸੀਂ ਕਿਸ ਪਾਸੇ ਪੈਣੈ। ਸੋ ਹੁਣ ਇਥੇ ਹੀ ਸਮਾਪਤੀ ਕਰਦੇ ਹਾਂ ਸਮਾਂ ਬਹੁਤ ਹੋ ਚੁਕਿਐ। ਹੁਣ ਸਾਰੇ ਗੁਰੂ ਸਤੋਤਰ ਵਿਚ ਬੋਲਣ ਦੀ ਕੋਸ਼ਿਸ਼ ਕਰੋ ਤੇ ਫੇਰ ਅਰਦਾਸ ਹੋਵੇਗੀ।

–ਅਨੰਦ ਸਾਹਿਬ–

–ਗੁਰ ਸਤੋਤਰ–

–ਅਰਦਾਸ–

L L L L L L

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name.........................................................................
3. ਪਿਤਾ ਦਾ ਨਾਮ/Father's Name.............................................
4. ਪੂਰਾ ਪਤਾ/Full address........................................................

.......................................................

.......................................................

PINCODE.......................Telephone..............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ.................................

# ਸਮਾਗਮ ਸਰਗਰਮੀਆਂ

ਦਸਵੇਂ ਮਹਾਨ ਗੁਰਮਤਿ ਸਮਾਗਮ ਤੇ ਵਿਦੇਸ਼ਾਂ ਤੋਂ ਆਏ ਪ੍ਰੇਮੀਆਂ ਤੇ ਸ਼ਰਧਾ ਦਾ ਜ਼ਿਕਰ ਆਪ ਨੇ ਪਿਛਲੇ ਅੰਕ ਵਿਚ ਪੜ੍ਹਿਆ ਹੈ ਤੇ ਇਨ੍ਹਾਂ ਵਿਚੋਂ ਸਰਦਾਰ ਮਹਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਗਿੱਲ, ਕੁਲਦੀਪ ਸਿੰਘ ਸ਼ੇਰਗਿੱਲ ਸਮਾਗਮ ਤੇ ਪੁੱਜੇ ਸਨ ਪਰੰਤੂ ਰਾਣਾ ਤੇ ਸੋਢੀ ਕਿਸੇ ਕਾਰਨ ਸਮਾਗਮ ਤੇ ਨਹੀਂ ਪਹੁੰਚ ਸਕੇ ਸਨ ਪਰ ਇਨ੍ਹਾਂ ਸਾਰਿਆਂ ਨੇ ਮਿਲ ਕੇ ਆਪਣੇ ਪਿੰਡ ਫੁਲੜੀਵਾਲ ਜੋ ਕਿ ਜਲੰਧਰ ਦੇ ਨਜ਼ਦੀਕ ਹੈ ਉਥੇ 17, 18, 19 ਅਕਤੂਬਰ ਨੂੰ ਬਾਬਾ ਜੀ ਦੀ ਸਰਪ੍ਰਸਤੀ ਹੇਠ ਇਕ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਿਹੜਾ ਆਪਣੀ ਮਿਸਾਲ ਆਪ ਹੀ ਸੀ। ਇਨ੍ਹਾਂ ਪ੍ਰੇਮੀਆਂ ਨੇ ਖੁਲ੍ਹੇ ਦਿਲ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੰਗਤਾਂ ਦੁਆਬੇ ਤੋਂ ਫਲੌਰ, ਗੁਰਾਇਆਂ, ਫਗਵਾੜਾ, ਬਹਿਰਾਮ ਤੇ ਬੰਗਿਆਂ ਦੇ ਇਲਾਕਿਆਂ ਤੋਂ ਅਤੇ ਮਾਝੇ ਤੋਂ ਖਡੂਰ ਸਾਹਿਬ, ਤਰਨ ਤਾਰਨ, ਪੱਟੀ, ਭਿਖੀਵਿੰਡ, ਬਟਾਲਾ ਤੇ ਗੁਰਦਾਸ ਦੇ ਇਲਾਕਿਆਂ ਤੋਂ ਬੱਸਾਂ ਤੇ ਟਰੱਕਾਂ ਰਾਹੀਂ ਪੁਜੀਆਂ। 105X255 ਫੁੱਟ ਦਾ ਪੰਡਾਲ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ ਤੇ ਸੰਗਤ ਇਸ ਵਿਚ ਵੀ ਸਮਾਅ ਨਹੀਂ ਰਹੀ ਸੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਸਵਾਰੀ ਨੂੰ ਸੁੰਦਰ ਫੌਜੀ ਬੈਂਡ ਦੀ ਅਗਵਾਈ ਤੇ ਫੁੱਲਾਂ ਦੀ ਵਰਖਾ ਰਾਹੀਂ ਪੰਡਾਲ ਵਿਚ ਸਜਾਇਆ ਗਿਆ। ਇਸ ਨਗਰ ਵਿਚ ਸਾਰੇ ਮਜ਼੍ਹਬਾਂ ਦੇ ਧਰਮ ਅਸਥਾਨ ਹਨ, ਗੁਰਦੁਆਰਾ ਸਾਹਿਬ ਮੰਦਰ ਤੇ ਗਿਰਜਾ ਅਤੇ ਸਾਰੇ ਅਕੀਦਿਆਂ ਦੇ ਪ੍ਰੇਮੀਆਂ ਨੇ ਇਹੋ ਜਿਹੇ ਰੂਹਾਨੀ ਪ੍ਰਵਚਨ ਤੇ ਕੀਰਤਨ ਪਹਿਲੀ ਵਾਰ ਸੁਣੇ ਸਨ ਜਿਸ ਦਾ ਅਸਰ ਜਾਦੂ ਵਾਂਗ ਹੋਇਆ ਤੇ ਉਨ੍ਹਾਂ ਵਿਚ ਲੰਮੇ ਸਮੇਂ ਤੋਂ ਪਈਆਂ ਨਫਰਤ ਤੇ ਪਾਰਟੀਬਾਜ਼ੀ ਦੀਆਂ ਤਰੇੜਾਂ ਦੂਰ ਹੋ ਗਈਆਂ ਤੇ ਆਪਸੀ ਪਿਆਰ ਤੇ ਭਾਈਚਾਰੇ ਦੇ ਬੰਧਨਾਂ ਨੂੰ ਪੱਕਿਆਂ ਕਰਨ ਦਾ ਅਵਸਰ ਪ੍ਰਾਪਤ ਹੋਇਆ ਤੇ ਸਭ ਨੇ ਇਸ ਪਵਿੱਤਰ ਗੁਰਵਾਕ ਨੂੰ ਪ੍ਰਤੱਖ ਹੁੰਦਿਆਂ ਪ੍ਰਤੀਤ ਕੀਤਾ -

***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥***

***ਪੰਨਾ - 97***

ਪਹਿਲੇ ਦੋ ਦਿਨ ਭਾਈ ਸਾਹਿਬ ਲਖਬੀਰ ਸਿੰਘ ਜੀ ਨੇ ਅਤੇ ਅਖੀਰਲੇ ਦੀਵਾਨ ਵਿਚ 19 ਤਾਰੀਖ ਨੂੰ ਮਹਾਂਪੁਰਸ਼ਾਂ ਨੇ ਆਪਣੇ ਕੀਰਤਨ ਤੇ ਰੂਹਾਨੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪਿੰਡ ਦੇ ਨੌਜਵਾਨ ਪ੍ਰੇਮੀਆਂ ਵਲੋਂ 7 ਕਿਲੋਮੀਟਰ ਅੱਗੇ ਹੋ ਕੇ ਮਹਾਂਪੁਰਸ਼ਾਂ ਦਾ ਸਵਾਗਤ ਕੀਤਾ ਗਿਆ ਤੇ ਪੰਡਾਲ ਤਕ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਮਹਾਂਪੁਰਸ਼ਾਂ ਦੀ ਆਮਦ ਨੇ ਇਸ ਪਿੰਡ ਵਿਚ ਨਵੀਂ ਰੂਹ ਭਰ ਦਿਤੀ ਅਤੇ ਪਿੰਡ ਦੇ ਹਰ ਮਜ਼੍ਹਬ ਦੇ ਮਾਈ ਭਾਈ, ਬੁੱਢੇ, ਬੱਚਿਆਂ ਨੇ ਸੇਵਾ ਵਿਚ ਹਿੱਸਾ ਲਿਆ।

ਸਮਾਗਮ ਦੌਰਾਨ ਆਤਮ ਮਾਰਗ ਦੀ ਮੈਂਬਰਸ਼ਿਪ ਵਾਸਤੇ ਸਰਦਾਰ ਬਲਬੀਰ ਸਿੰਘ ਗੋਸਲ ਨੇ ਅੱਧੀ ਸੇਵਾ ਆਪਣੇ ਜ਼ਿੰਮੇ ਲੈਣ ਦੀ ਪੇਸ਼ਕਸ਼ ਕੀਤੀ। 82 ਲਾਈਫ ਮੈਂਬਰ ਅਤੇ 404 ਸਾਲਾਨਾ ਮੈਂਬਰ ਬਣੇ ਅਤੇ ਕੁਲ ਮਿਲਾ ਕੇ ਉਨ੍ਹਾਂ ਵਲੋਂ ਇਕ ਲੱਖ 40 ਹਜ਼ਾਰ ਰੁਪਏ ਦੇ ਕਰੀਬ ਸੇਵਾ ਕੀਤੀ ਗਈ। ਉਪਰੰਤ ਪਿੰਡ ਦੇ ਜਨਤਾ ਹਾਈ ਸਕੂਲ ਵਾਸਤੇ ਮਹਾਂਪੁਰਸ਼ਾਂ ਦੀ ਪ੍ਰੇਰਨਾ ਅਨੁਸਾਰ ਵਿਦੇਸ਼ਾਂ ਵਿਚ ਵਸਦੇ ਫੁਲੜੀਵਾਲ ਦੇ ਪ੍ਰੇਮੀਆਂ ਵਲੋਂ ਤਿੰਨ ਲੱਖ ਰੁਪਏ ਦੀ ਸਹਾਇਤਾ ਦਿਤੀ ਗਈ ਅਤੇ ਮਹਾਂਪੁਰਖਾਂ ਨੇ ਪੰਜ ਮੈਂਬਰੀ ਕਮੇਟੀ ਬਣਾ ਕੇ ਇਨ੍ਹਾਂ ਪ੍ਰੇਮੀਆਂ ਨੂੰ ਜ਼ਿੰਮੇਵਾਰੀ ਸੰਭਾਲੀ। ਪਿੰਡ ਤੇ ਇਲਾਕੇ ਦੇ ਪ੍ਰੇਮੀ ਮਹਾਂਪੁਰਸ਼ਾਂ ਦੀ ਇਸ ਉਦਾਰਤਾ ਤੋਂ ਹੋਰ ਵੀ ਪ੍ਰਭਾਵਿਤ ਹੋਏ ਕਿ ਜਿਥੇ ਉਨ੍ਹਾਂ ਨੂੰ ਤਿੰਨ ਦਿਨ ਦੇ ਸਮਾਗਮਾਂ ਰਾਹੀਂ ਰੂਹਾਨੀ ਉਪਦੇਸ਼ ਮਿਲਿਆ ਹੈ ਉਥੇ ਸਾਡੇ ਬੱਚਿਆਂ ਦੀ ਪੜ੍ਹਾਈ ਦੇ ਭਵਿੱਖ ਦਾ ਵੀ ਮਹਾਂਪੁਰਸ਼ਾਂ ਨੇ ਖਿਆਲ ਰੱਖਿਆ ਹੈ ਕਿਉਂਕਿ ਮਹਾਂਪੁਰਸ਼ਾਂ ਦਾ ਜੀਵਨ ਸਰਵਪੱਖੀ ਹੈ ਅਤੇ ਹਰ ਵਕਤ ਪਰਉਪਕਾਰ ਦਾ ਉਤਸ਼ਾਹ ਉਨ੍ਹਾਂ ਦੇ ਅੰਦਰ ਠਾਠਾਂ ਮਾਰਦਾ ਰਹਿੰਦਾ ਹੈ ਜਿਵੇਂ ਕਿ ਗੁਰਵਾਕ ਹੈ -

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥***

***ਪੰਨਾ - 816***

**LLLLLL**

---

(ਪੰਨਾ 36 ਦੀ ਬਾਕੀ)

ਰਖਦੇ ਹਨ ਕਿ ਉਹ ਅਧਿਆਪਕ ਨਾਲ ਹੀ ਆਪਣੀ ਪਛਾਣ ਰੱਖਣ। ਇਸ ਤਰ੍ਹਾਂ ਕਰਨ ਨਾਲ ਕੇਵਲ ਅਧਿਆਪਕ ਦੀਆਂ ਕਾਰਬਨ ਕਾਪੀਆਂ ਹੀ ਬਣਦੀਆਂ ਹਨ। ਸ਼ਿਸ਼ ਫੇਰ ਕੇਵਲ ਅਧਿਆਪਕ ਦੀ ਤਰ੍ਹਾਂ ਤੁਰਦਾ ਹੈ, ਉਸ ਦੀ ਤਰ੍ਹਾਂ ਹੀ ਕਪੜੇ ਪਾਉਂਦਾ ਹੈ, ਉਸ ਦੇ ਤਰ੍ਹਾਂ ਹੀ ਗੱਲਬਾਤ ਕਰਦਾ ਹੈ। ਤੁਹਾਨੂੰ ਇਹੋ ਜਿਹੇ ਕਈ ਮੂਰਖ ਵਿਦਿਆਰਥੀ ਮਿਲ ਜਾਣਗੇ ਜਿਨ੍ਹਾਂ ਨੇ ਆਪਾ ਦੂਸਰੇ ਨੂੰ ਦੇ ਕੇ ਆਪ ਉਸ ਉਤੇ ਨਿਰਭਰ ਹੋ ਗਏ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਉਹ ਮਾਇਆ ਦੀ ਮ੍ਰਿਗ ਤ੍ਰਿਸ਼ਨਾ ਵਿਚੋਂ ਨਿਕਲਦੇ, ਉਸ ਨੂੰ ਛਡਦੇ ਪਰ ਉਹ ਤਾਂ ਨਾਵਾਂ ਤੇ ਸ਼ਕਲਾਂ ਵਿਚ ਵਧੇਰੇ ਹੀ ਫਸ ਗਏ। ਕ੍ਰਿਸ਼ਨ ਜੀ ਹੋਰਨਾਂ ਅਧਿਆਪਕਾਂ ਦੀ ਤਰ੍ਹਾਂ ਨਹੀਂ ਹਨ, ਆਮ ਗੁਰੂ ਨਹੀਂ ਹਨ। ਉਹ ਤਾਂ ਆਪਣੇ ਜਗਿਆਸੂ ਨੂੰ ਨਾਵਾਂ ਸ਼ਕਲਾਂ ਤੋਂ ਮੁਕਤ ਹੋਣ ਨੂੰ ਕਹਿ ਰਹੇ ਹਨ ਤੇ ਕਹਿ ਰਹੇ ਹਨ ਕਿ ਉਹ ਆਪਣੇ ਆਪ ਨੂੰ ਉਸ ਨਾਲ ਪਛਾਣ ਕਰਾਏ ਜੋ ਇਸ ਸਭ ਕੁਝ ਤੋਂ ਪਰ੍ਹੇ ਹੈ, ਆਪਣਾ ਅਸਲੀ ਰੂਪ ਪਛਾਣੇ।

***'ਚਲਦਾ'***

**LLLLLL**

## ਵਿਸ਼ੇਸ਼ ਬੇਨਤੀ

**ਆਤਮ ਮਾਰਗ ਧਾਰਮਿਕ-ਅਧਿਆਤਮਕ ਮੈਗਜ਼ੀਨ ਹੈ, ਇਹ ਪਵਿੱਤਰ ਗੁਰਬਾਣੀ ਨਾਲ ਭਰਪੂਰ ਹੈ। ਇਸ ਦਾ ਪੂਰਾ ਪੂਰਾ ਅਦਬ ਸਤਿਕਾਰ ਕਰੋ ਜੀ, ਭੁੱਲ ਕੇ ਵੀ ਰੱਦੀ ਵਿਚ ਨਾ ਵੇਚੋ। ਜੇ ਪੁਰਾਣੇ ਹੋਏ ਮੈਗਜ਼ੀਨ ਦੇਣੇ ਹੀ ਹਨ ਤਾਂ ਨੇੜੇ ਦੇ ਗੁਰਦਵਾਰਾ ਸਾਹਿਬ ਵਿਚ ਦੇ ਦਿਉ ਜੀ। ਕੋਈ ਪ੍ਰੇਮੀ ਹੋਰ ਪੜ੍ਹ ਲੈਣਗੇ। ਤੁਹਾਡਾ ਵੀ ਭਲਾ ਹੋਵੇਗਾ।**

**ਦੂਜੀ ਬੇਨਤੀ ਜਦੋਂ ਤੁਸੀਂ ਘਰ/ਪਤਾ ਬਦਲਦੇ ਹੋ ਤਾਂ ਦਫਤਰ ਨੂੰ ਜ਼ਰੂਰ ਸੂਚਿਤ ਕਰੋ ਜੀ।**

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ -** - 3, 10, 17, 24 ਅਤੇ 31 ਦਸੰਬਰ।

**ਪੂਰਨਮਾਸ਼ੀ -** 11 ਦਸੰਬਰ, ਦਿਨ ਸੋਮਵਾਰ।

**ਸੰਗਰਾਂਦ -** 15 ਦਸੰਬਰ, ਦਿਨ ਸ਼ੁਕਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

(ਪੰਨਾ 46 ਦੀ ਬਾਕੀ)

ਡਾਕਟਰਾਂ ਨੇ ਕਿਹਾ ਕਿ ਤੁਹਾਡਾ ਓਪਰੇਸ਼ਨ ਹੋਏਗਾ, ਪਰ ਪਤਾ ਨਹੀਂ ਤੁਸੀਂ ਬਚ ਸਕੋਗੇ ਕਿ ਨਹੀਂ। ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ -

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ - 274***

ਉਹਨਾਂ ਨੇ ਆਪਣੇ ਆਪ ਤੇ ਅਤੇ ਆਪਣੇ ਡਰਾਈਵਰ ਤੇ ਤਜਰਬਾ ਕੀਤਾ, ਦੋਨੋਂ ਕਾਮਯਾਬ ਹੋ ਗਏ। ਡਾਕਟਰ ਹੈਰਾਨ ਹੋ ਗਏ ਕਿ ਇਹ ਕਿਸ ਤਰ੍ਹਾਂ ਹੋ ਗਿਆ? ਏਥੇ ਇਕ ਬੀਬੀ ਕੁਬਾਹੇੜੀ ਤੋਂ ਆਉਂਦੀ ਹੁੰਦੀ ਹੈ ਪੀ.ਜੀ.ਆਈ ਵਾਲਿਆਂ ਨੇ ਜਵਾਬ ਦੇ ਦਿਤਾ ਕਿ ਤੇਰਾ ਇਲਾਜ ਨਹੀਂ ਹੋ ਸਕਦਾ। ਤੇਰੇ ਪੇਟ ਵਿਚ ਪਾਣੀ ਭਰਦਾ ਹੈ ਉਸ ਨੂੰ ਕਢਾ ਲਿਆ ਕਰ। ਉਥੇ ਉਸ ਦੀ ਭਰਜਾਈ ਮਹਾਰਾਜ ਦੇ ਅੱਗੇ ਜਾ ਕੇ ਰੋਣ ਲੱਗ ਪਈ ਕਿਉਂਕਿ ਸਾਰਾ ਬੋਝ ਉਹਦੇ ਸਿਰ ਉਤੇ ਸੀ। ਉਥੇ ਮਹਾਰਾਜ ਦੇ ਅੱਗੇ ਗਿਆਰਾਂ ਰੁਪੈ ਮੱਥਾ ਟੇਕਿਆ ਤੇ ਰੋ ਰੋ ਕੇ ਅਰਦਾਸ ਕਰਨ ਲੱਗੀ ਕਿ ਮਹਾਰਾਜ! ਹੁਣ ਸਾਡਾ ਕੀ ਬਣੇਗਾ। ਤੇਰੇ ਬਗੈਰ ਸਾਡਾ ਕੌਣ ਹੈ, ਪਰ ਜਦੋਂ ਘਰ ਆਈ ਤਾਂ ਦੇਖ ਕੇ ਹੈਰਾਨ ਹੋ ਗਈ ਕਿ ਨਨਾਣ ਦੇ ਪੇਟ ਖਾਲੀ ਹੋ ਕੇ ਵਿਚੋਂ ਆਪੇ ਸਾਰਾ ਪਾਣੀ ਨਿਕਲ ਗਿਆ ਸੀ ਤੇ ਪੇਟ ਨਾਲ ਲੱਗਿਆ ਹੋਇਆ ਸੀ, ਬੁਖਾਰ ਵੀ ਟੁੱਟ ਗਿਆ। ਉਹ ਅੱਜ ਤੱਕ ਬਿਮਾਰ ਨਹੀਂ ਹੋਈ। ਜਦਕਿ ਡਾਕਟਰ ਕਹਿੰਦੇ ਸਨ ਇਹ ਨਹੀਂ ਬਚ ਸਕਦੀ।

ਇਸੇ ਤਰ੍ਹਾਂ ਇਕ ਹੋਰ ਕੇਸ ਦਾ ਮੈਨੂੰ ਪਤਾ ਹੈ। ਇਕ 20 ਕੁ ਸਾਲ ਦਾ ਬੱਚਾ ਇਥੇ ਮੇਰੇ ਪਾਸ ਆਇਆ ਉਸ ਨੇ ਰੋ ਰੋ ਕੇ ਕਿਹਾ ਮੇਰੀ ਮਾਂ ਬਹੁਤ ਬਿਮਾਰ ਹੈ। ਮੈਂ ਤੇ ਮੇਰੀ ਭੈਣ ਹੀ ਘਰ ਵਿਚ ਹਾਂ ਅਸੀਂ ਛੋਟੇ ਛੋਟੇ ਹਾਂ। ਮਾਂ ਕਹਿੰਦੀ ਸਾਡੇ ਵਿਆਹ ਹੋ ਜਾਣ ਪਰ ਮਾਂ ਨੂੰ ਕੋਈ ਦਵਾਈ ਨਹੀਂ ਲਗਦੀ। ਮੈਂ ਉਸ ਕਾਕੇ ਨੂੰ ਕਿਹਾ ਕਿ ਵਾਹਿਗੁਰੂ ਦੀ ਓਟ ਲੈ ਸਭ ਠੀਕ ਹੋ ਜਾਏਗਾ। ਚਾਰ ਦਿਨ ਬਾਅਦ ਉਹ ਬੱਚਾ ਫੇਰ ਆਇਆ ਤੇ ਕਹਿਣ ਲੱਗਾ ਕਿ ਹੁਣ ਮੇਰੀ ਮਾਂ ਨੂੰ ਦਵਾਈ ਲੱਗ ਗਈ ਹੈ ਤੇ ਹੁਣ ਉਹ ਘਰ ਹੀ ਹੈ। ਪੀ.ਜੀ.ਆਈ ਵਾਲਿਆਂ ਨੇ ਤਾਂ ਜਵਾਬ ਦੇ ਕੇ ਘਰ ਵਾਪਸ ਭੇਜ ਦਿੱਤੀ ਸੀ। ਸੋ ਵਾਹਿਗੁਰੂ ਵਾਸਤੇ ਤਾਂ ਇਹ ਗੱਲ ਕੋਈ ਔਖੀ ਨਹੀਂ ਹੈ। ਕਿਉਂਕਿ ਉਹ ਸਰਬ ਸ਼ਕਤੀਮਾਨ ਹੈ। ਕਿਉਂਕਿ -

***ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਪੰਨਾ - 284***

ਉਹ ਸਭ ਕੁਝ ਕਰ ਸਕਦਾ ਹੈ। ਜਿਥੇ ਕੋਈ ਵੀ ਆਸਰਾ ਨਾ ਹੋਵੇ ਉਥੇ ਪ੍ਰਭੂ ਦੇ ਨਾਮ ਦੀ ਓਟ ਹੋਇਆ ਕਰਦੀ ਹੈ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਦਾਸ ਦੀ ਓਟ ਹੈ***
***ਨਾਮ ਪ੍ਰਭੂ ਦਾ ਪਿਆਰੇ -2, 2.***
***ਨਾਮ ਪ੍ਰਭੂ ਦਾ ਪਿਆਰੇ, -2, 2.***
***ਦਾਸ ਦੀ ਓਟ ਹੈ, .......... -2.***

***ਹਰਿ ਕਾ ਨਾਮੁ ਦਾਸ ਕੀ ਓਟ॥***
***ਹਰਿ ਕੈ ਨਾਮਿ ਉਧਰੇ ਜਨ ਕੋਟਿ॥ ਪੰਨਾ - 264***

ਜਿਹੜਾ ਕ੍ਰੋੜਾਂ ਬੰਦਿਆਂ ਦਾ ਆਧਾਰ ਕਰਨ ਵਾਲੇ ਦਾ ਦਾਸ ਬਣ ਗਿਆ ਉਸ ਦੀ ਓਟ ਹੋ ਜਾਇਆ ਕਰਦੀ ਹੈ। ਉਸ ਨੂੰ ਬਹੁਤ ਵੱਡਾ ਫਲ ਮਿਲਦਾ ਹੈ। ਬਾਣੀ ਪੜ੍ਹਣ ਤੋਂ ਲੈ ਕੇ realization ਤਕ ਸਾਰੀ ਕਿਰਿਆ ਨੂੰ 'ਨਾਮ' ਆਖਿਆ ਜਾਂਦਾ ਹੈ।

**L L L L L L**